Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

Vol 18 *Issue 233 | Thursday, December 05, 2019 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWS | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਟਰੂਡੋ ਨੇ ਆਪਣੀਆਂ ਟਿੱਪਣੀਆਂ ਲਈ ਨਹੀਂ ਮੰਗੀ ਮੁਆਫੀ

## ਟਰੰਪ ਨੇ ਟਰੂਡੋ ਨੂੰ ਦੱਸਿਆ ਦੋਮੂੰਹਾ



ਓਟਵਾ, 4 ਦਸੰਬਰ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਦੋਗਲਾ ਦੱਸਣ ਤੋਂ ਬਾਅਦ ਟਰੂਡੋ ਨੇ ਸਪਸ਼ਟ ਕੀਤਾ ਕਿ ਉਹ ਟਰੰਪ ਤੋਂ ਮੁਆਫੀ ਨਹੀਂ ਮੰਗਣਗੇ। ਜ਼ਿਕਰਯੋਗ ਹੈ ਕਿ ਟਰੰਪ ਦੀ ਹੋਰਨਾਂ ਵਿਸ਼ਵ ਆਗੂਆਂ ਸਾਹਮਣੇ "ਵਡਿਆਈ" ਕਰ ਰਹੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਵੀਡੀਓ ਵੇਖਣ ਤੋਂ ਬਾਅਦ ਰਾਸ਼ਟਰਪਤੀ ਵੱਲੋਂ ਉਨ੍ਹਾਂ ਨੂੰ ਦੋਮੂੰਹਾ ਆਖਿਆ ਗਿਆ ਸੀ।

ਬੁੱਧਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਬੀਤੀ ਰਾਤ ਉਹ ਇਹ ਦੱਸ ਰਹੇ ਸਨ ਕਿ ਰਾਸ਼ਟਰਪਤੀ ਟਰੰਪ ਨੂੰ ਮੀਟਿੰਗ ਤੋਂ ਪਹਿਲਾਂ ਗੈਰਨਿਰਧਾਰਤ ਪ੍ਰੈੱਸ ਕਾਨਫਰੰਸ ਵਿੱਚ ਹਿੱਸਾ ਲੈਣਾ ਪਿਆ। ਉਨ੍ਹਾਂ ਆਖਿਆ ਕਿ ਅਜਿਹਾ ਕਰਕੇ ਉਹ ਖੁਸ਼ ਵੀ ਸਨ। ਪਰ ਉਨ੍ਹਾਂ ਵੱਲੋਂ ਆਖੀ ਗੱਲ ਸਹੀ ਨਹੀਂ ਹੈ।

ਜਦੋਂ ਪੱਤਰਕਾਰਾਂ ਨੇ ਟਰੂਡੋ ਉੱਤੇ ਇਸ ਮੁੱਦੇ ਨੂੰ ਖੁੱਲ੍ਹ ਕੇ ਦੱਸਣ ਲਈ ਦਬਾਅ ਪਾਇਆ ਗਿਆ ਤਾਂ ਉਨ੍ਹਾਂ ਨਾ ਹੀ ਇਸ ਬਾਰੇ ਮੁਆਫੀ ਮੰਗੀ ਤੇ ਨਾ ਹੀ ਇਸ ਦੀ ਪੁਸ਼ਟੀ ਕੀਤੀ ਕਿ ਉਨ੍ਹਾਂ ਦੀ ਇਸ ਵੀਡੀਓ ਬਾਰੇ ਟਰੰਪ ਨਾਲ ਕੋਈ ਗੱਲ ਹੋਈ ਹੈ। ਟਰੂਡੋ ਨੇ ਆਖਿਆ ਕਿ ਕੈਮਰੇ ਵਿੱਚ ਕੈਦ ਹੋਈਆਂ ਟਿੱਪਣੀਆਂ ਉਦੋਂ ਦੀਆਂ ਹਨ ਜਦੋਂ ਉਹ ਹੋਰਨਾਂ ਵਿਸ਼ਵ ਆਗੂਆਂ ਨੂੰ ਇਹ ਦੱਸ ਰਹੇ ਸਨ ਕਿ ਟਰੰਪ ਨੇ ਅਗਲੀ ਜੀ 7 ਮੀਟਿੰਗ ਲਈ ਲੋਕੇਸ਼ਨ, ਜੋ ਕਿ ਕੈਂਪ ਡੇਵਿਡ ਹੈ, ਦਾ ਐਲਾਨ ਆਪ ਹੀ ਕਰ ਦਿੱਤਾ ਹੈ।

ਬੁੱਧਵਾਰ ਨੂੰ ਜਦੋਂ ਰਾਸ਼ਟਰਪਤੀ ਟਰੰਪ ਤੋਂ ਉਨ੍ਹਾਂ ਟਿੱਪਣੀਆਂ ਬਾਰੇ ਪੁੱਛਿਆ ਗਿਆ ਜਿਸ ਵਿੱਚ ਟਰੂਡੋ ਬਾਕੀ ਆਗੂਆਂ ਨੂੰ ਇਹ ਦੱਸ ਰਹੇ ਸਨ ਕਿ ਟਰੰਪ ਨੇ ਇੱਕ ਦਿਨ ਪਹਿਲਾਂ ਵਿਸਥਾਰ ਤਹਿਤ ਬਿਨਾਂ ਕਿਸੇ ਯੋਜਨਾ ਵਾਲੀ ਪ੍ਰੈੱਸ ਕਾਨਫਰੰਸ ਸੱਦੀ ਹੈ ਤਾਂ ਰਾਸ਼ਟਰਪਤੀ ਨੇ ਟਰੂਡੋ ਨੂੰ ਦੋਮੂੰਹਾ ਆਖਿਆ ਸੀ। ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਟਰੂਡੋ ਚੰਗਾ ਇਨਸਾਨ ਹੈ। ਪਰ ਹਕੀਕਤ ਇਹ ਹੈ ਕਿ ਉਹ ਡਿਫੈਂਸ ਉੱਤੇ ਕੁੱਲ ਘਰੇਲੂ ਉਤਪਾਦ ਦਾ ਦੋ ਫੀ ਸਦੀ ਨਹੀਂ ਖਰਚ ਰਿਹਾ। ਫਿਰ ਟਰੰਪ ਨੇ ਇਹ ਵੀ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਇਸ ਨਾਲ ਖੁਸ਼ ਨਹੀਂ ਹੈ। ਜੋ ਉਹ ਅਦਾ ਕਰ ਰਿਹਾ ਹੈ ਉਸ ਨਾਲੋਂ ਜ਼ਿਆਦਾ ਉਸ ਨੂੰ ਅਦਾ ਕਰਨਾ ਚਾਹੀਦਾ ਹੈ। ਉਸ ਨੂੰ ਇਸ ਗੱਲ ਦੀ ਸਮਝ ਵੀ ਹੈ।

...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

## ਗੁਰਦੁਆਰਾ ਤੰਬੂ ਸਾਹਿਬ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਦੀ ਇਤਿਹਾਸਿਕ ਤਸਵੀਰ ਗੁਰਦੁਆਰਾ ਤੰਬੂ ਸਾਹਿਬ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

NOW HIRING !!!
ALLKIND INSURANCE
Life Insurance | Super Visa Insurance
Critical Illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-848-1382) Manwinder Mangat
Aaxel Insurancebrokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton, ON, L6X0T9

## ਸਕੂਲ ਜੋਨਜ਼ ਵਿੱਚ ਫੋਟੋ ਰਡਾਰ ਕੈਮਰੇ ਲਾਉਣ ਸਬੰਧੀ ਮਤਾ ਪਾਸ



ਬਰੈਂਪਟਨ, 4 ਦਸੰਬਰ (ਪੋਸਟ ਬਿਊਰੋ) : ਵਾਰਡ ਨੰ. 3 ਤੇ 4 ਤੋਂ ਸਿਟੀ ਕਾਉਂਸਲਰ ਜੈੱਫ ਬੋਅਮੈਨ ਵੱਲੋਂ ਕਮੇਟੀ ਆਫ ਕਾਉਂਸਲ ਦੀ ਅੱਜ ਹੋਈ ਮੀਟਿੰਗ ਵਿੱਚ ਇਹ ਮਤਾ ਪੇਸ਼ ਕੀਤਾ ਗਿਆ ਕਿ ਸਕੂਲ ਜੋਨਜ਼ ਵਿੱਚ ਫੋਟੋ ਰਡਾਰ ਕੈਮਰੇ ਇਨਸਟਾਲ ਤੇ ਐਕਟੀਵੇਟ ਕੀਤੇ ਜਾਣ। ਕਾਉਂਸਲਰ ਬੋਅਮੈਨ ਨੇ ਆਖਿਆ ਕਿ ਸਕੂਲਾਂ ਦੇ ਨੇੜੇ ਤੇ ਆਲੇ ਦੁਆਲੇ ਰਹਿਣ ਵਾਲੇ ਲੋਕਾਂ ਵੱਲੋਂ ਨਿੱਤਦਿਨ ਉਨ੍ਹਾਂ ਨੂੰ ਫੋਨ ਕਰਕੇ ਜਾਂ ਈਮੇਲਜ਼ ਰਾਹੀਂ ਇਹ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੇ ਇਲਾਕਿਆਂ ਵਿੱਚ ਕਈ ਡਰਾਈਵਰ ਬਹੁਤ ਹੀ ਤੇਜ਼ ਰਫਤਾਰ ਨਾਲ ਗੱਡੀਆਂ ਚਲਾਉਂਦੇ ਹੋਏ ਜਾਂਦੇ ਹਨ। ਇੱਥੇ ਰਹਿਣ ਵਾਲੇ ਪਰਿਵਾਰਾਂ ਨੂੰ ਇਸ ਗੱਲ ਨੂੰ ਲੈ ਕੇ ਚਿੰਤਾ ਬਣੀ ਰਹਿੰਦੀ ਹੈ ਕਿ ਉਨ੍ਹਾਂ ਦੇ ਬੱਚਿਆਂ ਤੇ ਬਜ਼ੁਰਗ ਮਾਪਿਆਂ ਨੂੰ ਅਜਿਹੀਆਂ ਤੇਜ਼ ਰਫਤਾਰ ਗੱਡੀਆਂ ਕਾਰਨ

...ਬਾਕੀ ਪੰਨਾ 6 'ਤੇ

## ਟਰੈਵਲ, ਮੀਲਜ਼ ਤੇ ਮੇਜ਼ਬਾਨੀ ਵਿੱਚ ਕਟੌਤੀਆਂ ਰਾਹੀਂ ਓਨਟਾਰੀਓ ਨੇ ਕੀਤੀ 25 ਮਿਲੀਅਨ ਡਾਲਰ ਦੀ ਬਚਤ



ਟੋਰਾਂਟੋ, 4 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਟੈਕਸਦਾਤਾਵਾਂ ਦੇ ਡਾਲਰਜ਼ ਬਚਾਉਣ ਤੇ ਸਮਾਰਟ ਢੰਗ ਨਾਲ ਖਰਚੇ ਕਰਨ ਦੇ ਆਪਣੇ ਮੰਤਰ ਨੂੰ ਅਮਲੀ ਰੂਪ ਦੇ ਕੇ ਆਪਣੀ ਵਚਨਬੱਧਤਾ ਨੂੰ ਪੂਰਾ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਟਰੈਵਲ, ਮੀਲਜ਼ ਤੇ ਮੇਜ਼ਬਾਨੀ ਉੱਤੇ ਸੋਚ ਸਮਝ ਕੇ ਖਰਚ ਕਰਨ ਨਾਲ 25 ਮਿਲੀਅਨ ਡਾਲਰ ਦੀ ਬਚਤ ਹੋਈ ਹੈ। ਇਸ ਨਾਲ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਸਰਕਾਰ ਵੱਲੋਂ ਅਹਿਮ ਪ੍ਰੋਗਰਾਮਾਂ ਤੇ ਸੇਵਾਵਾਂ ਉੱਤੇ ਹੀ ਖਰਚ ਕੀਤਾ ਜਾਵੇ।

ਜੂਨ 2018 ਵਿੱਚ ਓਨਟਾਰੀਓ ਸਰਕਾਰ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਦੇ ਨਤੀਜੇ ਵਜੋਂ ਟਰੈਵਲ, ਮੀਲਜ਼ ਤੇ ਮੇਜ਼ਬਾਨੀ ਉੱਤੇ ਖਰਚਾ ਇਸ ਦਹਾਕੇ ਵਿੱਚ ਸੱਭ ਤੋਂ ਹੇਠਲੇ ਪੱਧਰ ਉੱਤੇ

...ਬਾਕੀ ਪੰਨਾ 6 'ਤੇ

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ
ANGLECON CONSTRUCTION
Fully Insured | Team of licensed trades | Quality work & on-time insured
RESIDENTIAL: ਕਸਟਮ ਮੇਡ ਘਰ, ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ, ਲੀਗਲ ਬੇਸਮੈਂਟ
COMMERCIAL: New store design & build, Lease hold Improvements, Medical, offices, retail, restaurants & salon
FAST TRACK PERMIT & CONSTRUCTION 437.219.5009 info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ
Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.7500
Tico # 50021780
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ? ਗਾਰਨਿਸ਼ਮੈਂਟ? ਬੈਂਕ ਵੱਲੋਂ ਪੈਸੇ ਦੀ ਮੰਗ ? ਰੈਵਨਿਊ ਕੈਨੇਡਾ ਵੱਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾਂ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished
Legal Basement | Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
Truck & Trailer parking yards
Plazas & Industrial buildings
Banquet halls & restaurants
Gas stations & repair shops
Offices & Clinics
We are Professional, Reliable & Experienced
AAA LANDSCAPING 647-784-1213

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.405.0648
info@atozpestcontroltoronto.com | www.atozpestcontroltoronto.com

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਮੁੜ ਕੇ ਚੱਲ ਗਈ ਪੈਲਸ ਦੇ ਵਿੱਚ ਗੋਲੀ,
ਮਾਰਿਆ ਗਿਆ ਹੈ ਇੱਕ ਇਨਸਾਨ ਬੇਲੀ।
ਹੋਈ ਜਿਹੜੇ ਇਨਸਾਨ ਦੀ ਮੌਤ ਕਹਿੰਦੇ,
ਬੰਤਾ ਸਿੰਘ ਉਹ ਕਹਿਣ ਭਲਵਾਨ ਬੇਲੀ।
ਅਖਾੜਾ ਲਾਇਆ ਵਿਆਹ ਦੀ ਖੁਸ਼ੀ ਮੌਕੇ,
ਨੱਚਣ-ਗਾਉਣ ਸੀ ਹੋਇਆ ਪ੍ਰਧਾਨ ਬੇਲੀ।
ਚੱਲੀ ਗੋਲੀ, ਫਿਰ ਚੀਕਦੀ 'ਵਾਜ਼ ਆਈ,
ਖਿਸਕਣ ਲੱਗ ਪਏ ਸਨ ਮਹਿਮਾਨ ਬੇਲੀ।
ਹਫਤੇ ਵਿੱਚ ਆ ਤੀਸਰਾ ਕਹਿਰ ਹੋਇਆ,
ਤਿੰਨੀਂ ਥਾਂਈਂ ਹੀ ਵਹਿ ਗਿਆ ਖ਼ੂਨ ਬੇਲੀ।
ਹੁੰਦੇ ਫਾਇਰ ਵਿਆਹਾਂ ਵਿੱਚ ਨਿੱਤ ਬੇਲੀ,
ਲੱਭਦਾ ਕਿਤੇ ਨਹੀਂ ਅਮਨ-ਕਾਨੂੰਨ ਬੇਲੀ।

**ਤੀਸ ਮਾਰ ਖਾਂ**

# ਅਮਰੀਕੀ ਰਾਸ਼ਟਰਪਤੀ ਉੱਤੇ ਦੇਸ਼-ਹਿੱਤ ਨਾਲ ਸਮਝੌਤਾ ਕਰਨ ਦਾ ਦੋਸ਼

### * ਮਹਾਦੋਸ਼ ਦੀ ਜਾਂਚ ਰਿਪੋਰਟ ਵਿੱਚ ਡੋਨਾਲਡ ਟਰੰਪ ਦੋਸ਼ੀ ਕਰਾਰ

ਵਾਸ਼ਿੰਗਟਨ, 4 ਦਸੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖ਼ਿਲਾਫ਼ ਚੱਲ ਰਹੀ ਮਹਾਦੋਸ਼ ਬਾਰੇ ਜਾਂਚ ਦੀ ਮੁੱਢਲੀ ਰਿਪੋਰਟ ਜਾਰੀ ਹੋ ਗਈ ਹੈ। ਡੈਮੋਕ੍ਰੇਟਿਕ ਪਾਰਟੀ ਦੇ ਬਹੁ-ਮਤ ਵਾਲੀ ਅਮਰੀਕੀ ਪ੍ਰਤੀਨਿਧ ਸਭਾ ਦੀ ਜੁਡੀਸ਼ਲ ਕਮੇਟੀ ਨੇ ਅੱਜ ਬੁੱਧਵਾਰ ਸਵੇਰੇ ਰਿਪੋਰਟ ਜਾਰੀ ਕੀਤੀ, ਜਿਸ ਵਿੱਚ ਡੋਨਾਲਡ ਟਰੰਪ ਨੂੰ ਆਪਣੇ ਨਿੱਜੀ ਤੇ ਸਿਆਸੀ ਹਿੱਤਾਂ ਲਈ ਦੇਸ਼ ਦੇ ਹਿੱਤਾਂ ਨਾਲ ਸਮਝੌਤਾ ਕਰਨ ਅਤੇ ਆਪਣੀਆਂ ਦਫ਼ਤਰੀ ਤਾਕਤਾਂ ਦੀ ਗ਼ਲਤ ਵਰਤੋਂ ਕਰ ਕੇ ਅਗਲੀਆਂ ਰਾਸ਼ਟਰਪਤੀ ਚੋਣਾਂ ਦੇ ਵਾਸਤੇ ਆਪਣੇ ਹੱਕ ਵਿੱਚ ਵਿਦੇਸ਼ੀ ਮਦਦ ਮੰਗਣ ਦਾ ਦੋਸ਼ੀ ਮੰਨਿਆ ਗਿਆ ਹੈ। ਦੂਸਰੇ ਪਾਸੇ ਰਾਸ਼ਟਰਪਤੀ ਦੇ ਦਫਤਰ ਵ੍ਹਾਈਟ ਹਾਊਸ ਦੇ ਇੱਕ ਬੁਲਾਰੇ ਨੇ ਇਸ ਰਿਪੋਰਟ ਦੀ ਨਿਖੇਧੀ ਕੀਤੀ ਅਤੇ ਇਸ ਪੇਸ਼ ਕੀਤੀ ਗਈ ਰਿਪੋਰਟ ਨੂੰ ਇਕਪਾਸੜ ਅਤੇ ਝੂਠੀ ਕਾਰਵਾਈ ਕਰਾਰ ਦਿੱਤਾ ਹੈ।



ਪ੍ਰਤੀਨਿਧ ਸਭਾ ਦੀ ਜੁਡੀਸ਼ਲ ਜਾਂਚ ਕਮੇਟੀ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਯੂਕ੍ਰੇਨ ਨੂੰ ਅਮਰੀਕਾ ਦੇ ਸਾਬਕਾ ਉੱਪ ਰਾਸ਼ਟਰਪਤੀ ਜੋ ਬਿਡਨ ਅਤੇ ਉਨ੍ਹਾਂ ਦੇ ਪੁੱਤਰ ਨਾਲ ਜੁੜੀਆਂ ਕੰਪਨੀਆਂ ਖ਼ਿਲਾਫ਼ ਆਪਣੇ ਦੇਸ਼ ਵਿੱਚ ਜਾਂਚ ਸ਼ੁਰੂ ਕਰਨ ਲਈਸੁਝਾਅ ਦਿੱਤੇ ਸਨ। ਟਰੰਪ ਨੇਫਿਰ ਰਾਸ਼ਟਰਪਤੀ ਬਣਨ ਦੀ ਆਪਣੀ ਮੁਹਿੰਮ ਵਿੱਚ ਮਦਦ ਲਈ ਯੂਕ੍ਰੇਨ ਦੇ ਰਾਸ਼ਟਰਪਤੀ ਨੂੰ ਫ਼ੌਜੀ ਮਦਦ ਦੇਣ ਦਾ ਵਾਅਦਾ ਵੀ ਕੀਤਾ ਸੀ। ਡੋਨਾਲਡ ਟਰੰਪ ਅਤੇ ਯੂਕ੍ਰੇਨ ਦੇ ਰਾਸ਼ਟਰਪਤੀ ਵਿਚਾਲੇ ਫੋਨ ਉੱਤੇ ਗੱਲਬਾਤ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਪ੍ਰਤੀਨਿਧ ਸਭਾ ਦੀ ਇਸ 300 ਸਫਿਆਂ ਦੀ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਤਿਹਾਸ ਵਿੱਚ ਡੋਨਾਲਡ ਟਰੰਪ ਤੋਂ ਬਿਨਾਂ ਕਿਸੇ ਹੋਰ ਰਾਸ਼ਟਰਪਤੀ ਨੇ ਸਰਕਾਰੀ ਅਧਿਕਾਰੀਆਂ ਨੂੰ ਪਾਰਲੀਮੈਂਟ ਅੱਗੇ ਗਵਾਹੀ ਨਾ ਦੇਣ ਦਾ ਸਿੱਧਾ ਹੁਕਮ ਕਦੇਨਹੀਂ ਦਿੱਤਾ। ਰਿਪੋਰਟ ਮੁਤਾਬਕ ਡੋਨਾਲਡ ਟਰੰਪ ਨੇ ਪਾਰਲੀਮੈਂਟਰੀ ਗਵਾਹਾਂ ਨੂੰ ਜਨਤਕ ਰੂਪ ਵਿੱਚ ਧਮਕੀ ਦਿੱਤੀ, ਜੋ ਇੱਕ ਫੈਡਰਲ ਕਰਾਈਮ ਹੈ। ਇਹੀ ਨਹੀਂ, ਇਸ ਰਿਪੋਰਟ ਵਿੱਚ ਟਰੰਪ ਉੱਤੇ ਮਹਾਦੋਸ਼ ਦੀ ਜਾਂਚ ਵਿੱਚ ਅੜਿੱਕਾ ਪਾਉਣ ਵਾਸਤੇ ਯਤਨ ਦਾ ਦੋਸ਼ ਵੀ ਲਾਇਆ ਗਿਆ ਅਤੇ ਇਸ ਜਾਂਚ ਨੂੰ ਅੱਗੇ ਜਾਰੀ ਰੱਖਣ ਲਈ ਸਿਫ਼ਾਰਸ਼ ਕੀਤੀ ਗਈ ਹੈ।

# ਕੇਜਰੀਵਾਲ ਦਾ ਐਲਾਨ, ਦਿੱਲੀ ਵਾਸੀਆਂ ਨੂੰ ਮਿਲੇਗੀ ਮੁਫਤ ਵਾਈ-ਫਾਈ ਦੀ ਸੁਵਿਧਾ

ਨਵੀਂ ਦਿੱਲੀ, 4 ਦਸੰਬਰ, (ਪੋਸਟ ਬਿਊਰੋ)- ਦਿੱਲੀ ਵਿੱਚ ਵਿਧਾਨ ਸਭਾ ਚੋਣਾਂ ਹੋਣ ਤੋਂ ਪਹਿਲਾਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਮ ਆਦਮੀ ਪਾਰਟੀ ਦੀ ਸਭ ਤੋਂ ਅਹਿਮ ਯੋਜਨਾ ਮੁਫ਼ਤ ਵਾਈ-ਫਾਈ ਦਾ ਐਲਾਨ ਕਰ ਦਿੱਤਾ ਹੈ, ਜਿਸ ਦੇ ਪਹਿਲੇ ਗੇੜ ਵਿੱਚ ਦਿੱਲੀ ਦੇ ਸਾਰੇ ਬੱਸ ਸਟੈਂਡਜ਼ ਉੱਤੇ 3 ਹਜ਼ਾਰ ਵਾਈ-ਫਾਈ ਦੇ ਹੌਟਸਪਾਟ ਲੱਗਣਗੇ। ਪੂਰੀ ਦਿੱਲੀਵਿੱਚ ਕੁੱਲ 11 ਹਜ਼ਾਰ ਹੌਟਸਪਾਟ ਹੋਣਗੇ। ਹਰ ਯੂਜ਼ਰ ਨੂੰ ਹਰ ਮਹੀਨੇ 15 ਜੀ ਬੀ ਡਾਟਾਮੁਫ਼ਤ ਮਿਲੇਗਾ। ਇਸ ਸਕੀਮ ਦੀ ਸ਼ੁਰੂਆਤ 16 ਦਸੰਬਰ ਤੋਂਕੀਤੀ ਜਾਣ ਦਾ ਅਨੁਮਾਨ ਹੈ।



ਰਾਜਧਾਨੀ ਦਿੱਲੀ ਦੇ ਲੋਕਾਂ ਨੂੰ ਮੁਫ਼ਤ ਵਾਈ-ਫਾਈ ਦੇਣ ਬਾਰੇ ਕੈਬਨਿਟ ਤੋਂਮਨਜ਼ੂਰੀਤੇ ਟੈਂਡਰਪ੍ਰਕਿਰਿਆ ਪੂਰੀ ਹੋ ਚੁਕੀ ਹੈ। ਕੈਬਨਿਟ ਨੇ 8 ਅਗਸਤ ਨੂੰ 4 ਹਜ਼ਾਰ ਬੱਸ ਅੱਡਿਆਂ ਅਤੇ ਹਰ ਵਿਧਾਨ ਸਭਾ ਵਿੱਚ 100 ਹੌਟਸਪਾਟ ਲਾਉਣ ਦੀ ਮਨਜ਼ੂਰ ਦਿੱਤੀ ਸੀ। ਹੌਟਸਪਾਟ ਦੇ 50 ਮੀਟਰ ਰੇਂਜ ਵਿਚਸਭ ਲੋਕਵਾਈ-ਫਾਈ ਵਰਤ ਸਕਣਗੇ। ਇਸ ਮਕਸਦ ਦੇ ਲਈ ਸਰਕਾਰ ਕਰੀਬ ਸਲਾਨਾ 100 ਕਰੋੜ ਰੁਪਏ ਖਰਚ ਕਰੇਗੀ।

ਸਾਲ 2015 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਦਿੱਲੀ ਵਿੱਚ ਮੁਫ਼ਤਵਾਈ-ਫਾਈ ਦੇਣ ਦਾ ਵਾਅਦਾ ਕੀਤਾ ਸੀ ਤੇ ਸਰਕਾਰ ਨੇਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵਾਅਦਾ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਦਿੱਲੀ ਦੇਵਿਧਾਨ ਸਭਾ ਖੇਤਰਾਂ ਦੇ ਹਿਸਾਬ ਨਾਲ ਇਹ ਹੌਟਸਪਾਟ ਲਾਏ ਜਾਣਗੇ, ਜਿਸ ਲਈ ਪਹਿਲੇ 100 ਹੌਟਸਪਾਟ 16 ਦਸੰਬਰ ਨੂੰ ਲਾਂਚ ਹੋਣਗੇ। ਪਹਿਲੇ ਹਫ਼ਤੇ ਵਿੱਚ 100ਹੌਟਸਪਾਟ ਲਾਉਣਪਿੱਛੋਂ ਹਰ ਹਫ਼ਤੇ 500 ਹੌਟਸਪਾਟ ਲਾਏ ਜਾਣਗੇ ਅਤੇ ਹਰ ਅੱਧੇ ਕਿਲੋਮੀਟਰ ਉੱਤੇਹੌਟਸਪਾਟਹੋਵੇਗਾ। ਵਾਈ-ਫਾਈ ਸਪੀਡ ਵਧ ਤੋਂ ਵਧ 200 ਅਤੇ ਘੱਟੋ-ਘੱਟ 100 ਐੱਮ ਬੀ ਪੀ ਐੱਸ ਹੋਵੇਗੀ। ਇਕ ਹੌਟਸਪਾਟਤੋਂ 100 ਲੋਕ ਇੰਟਰਨੈੱਟ ਵਰਤ ਸਕਣਗੇ। ਇਸ ਕੰਮ ਲਈ ਐਪ ਜਾਰੀ ਕੀਤਾ ਜਾਵੇਗਾ। ਕੇ ਵਾਈ ਸੀਲੋਡ ਕਰ ਕੇ ਫੋਨ ਉੱਤੇ ਓ ਟੀ ਪੀ ਨਾਲ ਵਾਈ-ਫਾਈ ਕਨੈਕਟ ਕੀਤਾ ਜਾ ਸਕਦਾ ਹੈ। ਲੋਕ ਜਿਸ ਹੌਟਸਪਾਟ ਦੇ ਨੇੜੇ ਜਾਣਗੇ, ਓਥੇ ਆਟੋਮੈਟਿਕ ਕਨੈਕਸ਼ਨ ਹੋ ਜਾਵੇਗਾ।

### ਮੌੜ ਮੰਡੀ ਬੰਬ ਧਮਾਕਾ ਕੇਸ

# ਲੋਕਾਂ ਨੇ ਕਿਹਾ, ਸਾਬਕਾ ਵਿਧਾਇਕ ਜੱਸੀ ਅਤੇ ਭਰਾ ਨੂੰ ਜਾਂਚ ਵਿੱਚ ਸ਼ਾਮਲ ਕਰ



ਮੌੜ ਮੰਡੀ, 4 ਦਸੰਬਰ (ਪੋਸਟ ਬਿਊਰੋ)- ਮੌੜ ਮੰਡੀ ਬੰਬ ਧਮਾਕੇ ਬਾਰੇ ਹਾਈ ਕੋਰਟ ਦੀ ਹਦਾਇਤ ਦੇ ਬਾਅਦ ਬਣੀ ਐੱਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਨੇ ਇਸ ਸੋਮਵਾਰ ਦੀ ਸ਼ਾਮ ਮੌੜ ਮੰਡੀ ਵਿੱਚ ਦੋ ਸਾਲ ਪਹਿਲਾਂ ਹੋਏ ਧਮਾਕੇ ਵਾਲੀ ਜਗ੍ਹਾ ਦਾ ਦੌਰਾ ਕੀਤਾ। ਐੱਸ ਐੱਸ ਪੀ ਬਠਿੰਡਾ ਡਾਕਟਰ ਨਾਨਕ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਬੰਬ ਧਮਾਕੇ ਵਿੱਚ ਮਾਰੇ ਗਏ ਲੋਕਾਂ ਦੇ ਪਰਵਾਰਾਂ ਦੇ ਨਾਲ ਜ਼ਖਮੀਆਂ ਕੋਲੋਂ ਘਟਨਾ ਦੀਆਂ ਬਰੀਕੀਆਂ ਜਾਨਣ ਦੀ ਕੋਸ਼ਿਸ਼ ਕੀਤੀ।

ਇਸ ਮੌਕੇ ਉਸ ਬੰਬ ਧਮਾਕੇ ਤੋਂ ਪ੍ਰਭਾਵਤ ਲੋਕਾਂ ਨੇ ਐੱਸ ਐੱਸ ਪੀ ਨਾਨਕ ਸਿੰਘ ਕੋਲ ਮੰਗ ਰੱਖੀ ਕਿ ਕਾਂਗਰਸ ਨੇਤਾ ਹਰਮਿੰਦਰ ਸਿੰਘ ਜੱਸੀ ਅਤੇ ਉਸ ਦੇ ਭਰਾ ਗੋਪਾਲ ਸਿੰਘ ਨੂੰ ਵੀ ਜਾਂਚ ਵਿੱਚ ਸ਼ਾਮਲ ਕੀਤਾ ਜਾਏ। ਲੋਕਾਂ ਦਾ ਕਹਿਣਾ ਸੀ ਕਿ ਘਟਨਾ ਦਾ ਸਿੱਧਾ ਸੰਬੰਧ ਡੇਰਾ ਸੱਚਾ ਸੌਦਾ ਨਾਲ ਹੈ, ਪਰ ਇਸ ਜਾਂਚ ਨੂੰ ਘੁਮਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਜਾਂਚ ਟੀਮ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਅਜੇ ਘਟਨਾ ਦੇ ਸਾਰੇ ਪਹਿਲੂਆਂ ਨੂੰ ਫਿਰ ਜਾਂਚ ਦੇ ਦਾਇਰੇ ਵਿੱਚ ਲਿਆਉਣ ਦਾ ਫੈਸਲਾ ਲਿਆ ਹੈ। ਪ੍ਰਤੱਖ ਦਰਸ਼ੀਆਂ ਨੇ ਉਸ ਬਾਰੇ ਕਈ ਅਹਿਮ ਖੁਲਾਸੇ ਕੀਤੇ, ਜੋ ਜਾਂਚ ਨੂੰ ਅੱਗੇ ਵਧਾਉਣ ਵਿੱਚ ਸਹਾਇਕ ਸਿੱਧ ਹੋ ਸਕਦੇ ਹਨ। ਹਾਈ ਕੋਰਟ ਨੇ ਜਾਂਚ ਟੀਮ ਨੂੰ ਤਿੰਨ ਮਹੀਨੇ ਵਿੱਚ ਜਾਂਚ ਪੂਰੀ ਕਰ ਕੇ ਰਿਪੋਰਟ ਦੇਣ ਦੀ ਹਦਾਇਤ ਇੱਕ ਮਹੀਨਾ ਪਹਿਲਾਂ ਦਿੱਤੀ ਸੀ। ਇਸ ਬਾਰੇ ਬੰਬ ਧਮਾਕੇ ਵਿੱਚ ਮਾਰੇ ਗਏ ਬੱਚੇ ਜਸਸਿਮਰਨ ਦੇ ਪਿਤਾ ਖੁਸ਼ਦੀਪ ਸਿੰਘ, ਰਾਕੇਸ਼, ਗਿਆਨ ਚੰਦ, ਕਾਲਾ ਸਿੰਘ ਨਾਲ ਵੀ ਟੀਮ ਨੇ ਗੱਲ ਕੀਤੀ ਅਤੇ ਪੂਰੇ ਘਟਨਾਕ੍ਰਮ ਦੀ ਜਾਣਕਾਰੀ ਹਾਸਲ ਕੀਤੀ। ਇਨ੍ਹਾਂ ਲੋਕਾਂ ਨੇ ਐੱਸ ਆਈ ਟੀ ਦੇ ਸਾਹਮਣੇ ਕਿਹਾ ਕਿ ਸਾਬਕਾ ਵਿਧਾਇਕ ਹਰਮੰਦਰ ਸਿੰਘ ਜੱਸੀ ਦੀ ਚੋਣ ਰੈਲੀ ਸਾਢੇ ਅੱਠ ਵਜੇ ਖਤਮ ਹੋਣ ਦੇ ਬਾਅਦ ਬੰਬ ਵਾਲੀ ਕਾਰ ਵਿੱਚੋਂ ਉਸ ਦਾ ਡਰਾਈਵਰ ਉਤਰ ਕੇ ਜੱਸੀ ਦੇ ਭਰਾ ਗੋਪਾਲ ਸਿੰਘ ਦੇ ਨਾਲ ਹੱਥ ਮਿਲਾਉਂਦਾ ਦੇਖਿਆ ਗਿਆ, ਪਰ ਕਾਂਗਰਸੀ ਨੇਤਾ ਇਸ ਗੱਲ ਤੋਂ ਇਨਕਾਰ ਕਰਦੇ ਹਨ। ਇਸ ਕੇਸ ਵਿੱਚ ਦੋਵਾਂ ਤੋਂ ਗੰਭੀਰਤਾ ਨਾਲ ਪੁੱਛਗਿੱਛ ਹੋਣੀ ਚਾਹੀਦੀ ਹੈ ਤਾਂ ਕਿ ਸੱਚ ਪਤਾ ਲੱਗ ਸਕੇ। ਕਾਰ ਡੇਰਾ ਸੱਚਾ ਸੌਦਾ ਦੀ ਵਰਕਸ਼ਾਪ ਤੋਂ ਇਥੇ ਕਿਵੇਂ ਪਹੁੰਚੀ, ਓਦੋਂ ਕਾਂਗਰਸ ਉਮੀਦਵਾਰ ਹਰਮੰਦਰ ਸਿੰਘ ਜੱਸੀ ਡੇਰਾ ਮੁਖੀ ਦੇ ਰਿਸ਼ਤੇਦਾਰ ਹਨ।

# ਸਾਬਕਾ ਖਜ਼ਾਨਾ ਮੰਤਰੀ ਚਿਦਾਂਬਰਮ 106 ਦਿਨ ਪਿੱਛੋਂ ਤਿਹਾੜ ਜੇਲ ਤੋਂ ਨਿਕਲਿਆ

ਨਵੀਂ ਦਿੱਲੀ, 4 ਦਸੰਬਰ, (ਪੋਸਟ ਬਿਊਰੋ)- ਭਾਰਤ ਦੇ ਸਾਬਕਾ ਖਜ਼ਾਨਾ ਮੰਤਰੀ ਪੀ. ਚਿਦਾਂਬਰਮ ਨੂੰਆਈ ਐੱਨ ਐੱਸ ਮੀਡੀਆ ਮਨੀ ਲਾਂਡਰਿੰਗ ਕੇਸ ਵਿੱਚ ਅੱਜ 4 ਦਸੰਬਰ ਨੂੰ ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲ ਗਈ ਹੈ। ਜ਼ਮਾਨਤ ਮਿਲਣ ਤੋਂ ਬਾਅਦ ਪਿਤਾ ਨੂੰ ਲੈਣ ਲਈ ਕਾਰਤੀ ਚਿਦਾਂਬਰਮ ਤਿਹਾੜ ਜੇਲ ਗਏ।

ਸੁਪਰੀਮ ਕੋਰਟ ਤੋਂ ਚਿਦਾਂਬਰਮ ਦੀ ਰਿਹਾਈ ਦਾ ਆਦੇਸ਼ ਤਿਹਾੜ ਜੇਲ ਪਹੁੰਚਣ ਤੋਂ ਬਾਅਦ ਕਾਗਜ਼ੀ ਕਾਰਵਾਈ ਪੂਰੀ ਕਰਨ ਦੇ ਦੌਰਾਨ ਕਾਂਗਰਸ ਪਾਰਟੀ ਨੇ ਆਪਣੀ ਸੂਬਾ ਇਕਾਈ ਨੂੰ ਪੀ. ਚਿਦਾਂਬਰਮ ਦੇ ਸ਼ਾਨਦਾਰ ਸਵਾਗਤ ਦੇ ਲਈ ਕਹਿ ਦਿੱਤਾ, ਜਿਸ ਦੇ ਬਾਅਦ ਕਾਂਗਰਸ ਵਰਕਰ ਤਿਹਾੜ ਜੇਲ ਦੇ ਬਾਹਰ ਇਕੱਠੇ ਹੋ ਗਏ।

ਇਸ ਦੌਰਾਨ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਚਿਦਾਂਬਰਮ ਦੀ ਜ਼ਮਾਨਤ ਦੇ ਬਾਅਦ ਉਨ੍ਹਾਂ ਦੇ ਕੇਸ ਨੂੰ ਬਦਲੇ ਦੀ ਕਾਰਵਾਈ ਕਿਹਾ ਤੇ ਦੋਸ਼ ਲਾਇਆ ਕਿ ਸਿਰਫ ਬਦਲਾ ਲੈਣ ਲਈ 106 ਦਿਨ ਜੇਲ ਵਿੱਚ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮੈਨੂੰ ਖੁਸ਼ੀ ਹੈ ਕਿ ਸੁਪਰੀਮ ਕੋਰਟ ਨੇ ਉਨ੍ਹਾਂ ਜ਼ਮਾਨਤ ਦੇ ਦਿੱਤੀ ਹੈ ਅਤੇ ਮੈਨੂੰ ਵਿਸ਼ਵਾਸ਼ ਹੈ ਕਿ ਨਿਰਪੱਖ ਸੁਣਵਾਈ ਵਿੱਚ ਆਪਣੀ ਬੇਗੁਨਾਹੀ ਸਾਬਤ ਕਰ ਲੈਣਗੇ।

ਵਰਨਣ ਯੋਗ ਹੈ ਕਿ ਜਸਟਿਸ ਆਰ. ਭਾਨੂੰਮਤੀ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਬੈਂਚ ਨੇ ਅੱਜ ਪੀ. ਚਿਦਾਂਬਰਮ ਦੀ ਜ਼ਮਾਨਤ ਮਨਜ਼ੂਰ ਕਰ ਦਿੱਤੀ ਸੀ। 74 ਸਾਲਾ ਪੀ. ਚਿਦਾਂਬਰਮ 21 ਅਕਤੂਬਰ ਤੋਂ ਹਿਰਾਸਤ ਵਿੱਚ ਸਨ। ਉਨ੍ਹਾਂ ਨੂੰ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੇ ਆਈ ਐੱਨ ਐਕਸ ਮੀਡੀਆ ਕੇਸ ਵਿੱਚ ਗ੍ਰਿਫਤਾਰ ਕੀਤਾ ਸੀ ਅਤੇ ਇਸ ਤੋਂ ਬਾਅਦ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਉਨ੍ਹਾਂ ਨੂੰ 16 ਅਕਤੂਬਰ ਨੂੰ ਮਨੀ ਲਾਂਡਰਿੰਗ ਕੇਸ ਵਿੱਚ ਗ੍ਰਿਫਤਾਰ ਕਰ ਲਿਆ ਸੀ, ਜਿਸ ਦੇ ਬਾਅਦ ਤੋਂ ਉਹ ਜੇਲ੍ਹ ਵਿੱਚ ਸਨ।

# ਸੁਖਨਾ ਕੈਚਮੈਂਟ 'ਚ ਹੋਏ ਨਿਰਮਾਣਾਂ 'ਤੇ ਫੈਸਲਾ ਅੱਜ

ਚੰਡੀਗੜ੍ਹ, 4 ਦਸੰਬਰ (ਪੋਸਟ ਬਿਊਰੋ)- ਸੁਖਨਾ ਨਾਲ ਕਾਂਸਲ ਏਰੀਆ 'ਚ ਨਿਰਮਾਣ ਕਾਰਜ ਹੋ ਸਕਦੇ ਹਨ ਜਾਂ ਨਹੀਂ, ਇਸ ਦਾ ਫੈਸਲਾ ਵੀਰਵਾਰ ਨੂੰ ਆ ਸਕਦਾ ਹੈ। ਹਾਈਕੋਰਟ 'ਚ ਚੀਫ ਜਸਟਿਸ ਰਵੀ ਸ਼ੰਕਰ ਝਾ ਦੀ ਪ੍ਰਧਾਨਗੀ ਵਾਲੀ ਬੈਂਚ ਨੇ ਮਾਮਲੇ ਦੀ ਸੁਣਵਾਈ ਕਰਨੀ ਹੈ ਅਤੇ ਸਾਰੇ ਪ੍ਰਤੀਵਾਦੀਆਂ ਤੋਂ ਸੁਝਾਅ ਲਏ ਜਾਣਗੇ, ਜਿਸ ਤੋਂ ਬਾਅਦ ਫੈਸਲਾ ਆ ਸਕਦਾ ਹੈ। ਹੁਣ ਤੱਕ ਹਾਈਕੋਰਟ ਦੇ ਰਵੱਈਏ ਤੋਂ ਇਹ ਤੈਅ ਮੰਨਿਆ ਜਾ ਰਿਹਾ ਹੈ ਕਿ ਸੁਪਰੀਮ ਕੋਰਟ ਦਾ ਫੈਸਲਾ ਹਾਈਕੋਰਟ ਬਰਕਰਾਰ ਰੱਖੇਗਾ ਜੋ ਕਿ ਕਾਂਸਲ 'ਚ 30 ਤੋਂ 40 ਏਕੜ 'ਚ ਬਣਨ ਵਾਲੇ ਟਾਟਾ ਕੈਲੇਟ ਪ੍ਰੋਜੈਕਟ ਨੂੰ ਲੈ ਕੇ ਦਿੱਤਾ ਗਿਆ ਸੀ ਕਿ ਕੈਚਮੈਂਟ ਅਤੇ ਈਕੋ ਸੈਂਸਟਿਵ ਜੋਨ 'ਚ ਕਿਸੇ ਵੀ ਤਰ੍ਹਾਂ ਦਾ ਨਿਰਮਾਣ ਨਹੀਂ ਹੋ ਸਕਦਾ।

GNR ਹਰਬਲ ਤੇਲ | 647-853-5800
globalnaturalremedies@yahoo.com
ਦਰਦਾਂ ਵਾਸਤੇ | ਮਰਦਾਂ ਲਈ | ਔਰਤਾਂ ਲਈ
Pain-Care | He-Oil | Stress-Care | Chest Massage Oil
Ext. Use Only | Joint Support | For Men Only | Feel Relaxed
Herbal Products
$9.99 $19.99 $9.99 $14.99
GLOBAL NATURAL REMEDIES

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਟੀਮ ਸਹੋਤਾ ਨੇ ਔਟਵਾ ਵਿਖੇ ਪਾਰਲੀਮੈਂਟ ਹਾਊਸ ਦਾ ਟੂਰ ਲਾਇਆ



ਬਰੈਂਪਟਨ, 4 ਦਸੰਬਰ (ਪੋਸਟ ਬਿਊਰੋ) -ਬਰੈਂਪਟਨ ਨੌਰਥ ਤੋਂ ਮੁੜ ਚੁਣੀ ਗਈ ਪਾਰਲੀਮੈਂਟ ਮੈਂਬਰ ਰੂਬੀ ਸਹੋਤਾ ਦੀ ਟੀਮ ਬੀਤੇ ਦਿਨੀਂ ਔਟਵਾ ਵਿਖੇ ਪਾਰਲੀਮੈਂਟ ਹਿੱਲ ਵੇਖਣ ਲਈ ਗਈ। ਇਸ ਮੌਕੇ ਰੂਬੀ ਸਹੋਤਾ ਵੱਲੋਂ ਉਨ੍ਹਾਂ ਦਾ ਹਾਰਦਿਕ ਸੁਆਗਤ ਕੀਤਾ ਗਿਆ ਅਤੇ ਪਾਰਲੀਮੈਂਟ ਦੇ ਪੱਛਮੀ ਬਲਾਕ ਦਾ ਟੂਰ ਲਵਾਇਆ ਗਿਆ ਜਿੱਥੇ ਅੱਜਕਲ ਹਾਊਸ ਆਫ ਕਾਮਨਜ਼ ਦੀਆਂ ਮੀਟਿੰਗਾਂ ਹੁੰਦੀਆਂ ਹਨ, ਕਿਉਂਜੋ ਇਨੀਂ ਦਿਨੀਂ ਪਾਰਲੀਮੈਂਟ ਹਿੱਲ ਦੇ ਸੈਂਟਰ ਬਲਾਕ ਵਿਚ ਮੁਰੰਮਤ ਦਾ ਕੰਮ ਚੱਲ ਰਿਹਾ ਹੈ।ਇਸ ਮੌਕੇ ਬੋਲਦਿਆਂ ਰੂਬੀ ਸਹੋਤਾ ਨੇ ਕਿਹਾ ਕਿ ਮੈਂ ਹਮੇਸ਼ਾ ਹੀ ਲੋਕਾਂ ਦੇ ਪਾਰਲੀਮੈਂਟ ਹਿੱਲ ਵੇਖਣ ਲਈ ਆਉਣ ਵਾਲਿਆਂ ਦੀ ਆਮਦ 'ਤੇ ਖ਼ੁਸ਼ੀ ਮਹਿਸੂਸ ਕਰਦੀ ਹਾਂ।ਇਸ ਦੇ ਨਾਲ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਫੈੱਡਰਲ ਸਰਕਾਰ ਕਿਵੇਂ ਕੰਮ ਕਰਦੀ ਹੈ ਅਤੇ ਉਹ ਆਪਣੇ ਪਰਿਵਾਰਾਂ ਦੇ ਨਾਲ ਆ ਕੇ ਇਸ ਦੇ ਬਾਰੇ ਆਪਣੇ ਅੱਖੀਂ ਵੇਖ ਕੇ ਜਾਣਕਾਰੀ ਪ੍ਰਾਪਤ ਕਰਦੇ ਹਨ।ਉਨ੍ਹਾਂ ਅੱਗੇ ਕਿਹਾ ਕਿ ਜੇਕਰ ਤੁਸੀਂ ਕਦੇ ਵੀ ਹਾਉਸ ਆਫ ਕਾਮਨਜ਼, ਕੈਨੇਡਾ ਦੀ ਸੈਨੇਟ, ਈਸਟ ਬਲਾਕ, ਕੈਨੇਡਾ ਦੀ ਸੁਪਰੀਮ ਕੋਰਟ ਜਾਂ ਔਟਵਾ ਦੀਆਂ ਮਿਊਜ਼ੀਅਮਾਂ ਅਤੇ ਟੂਰਿਸਟਾਂ ਦੀਆਂ ਦਿਲਚਸਪੀ ਦੀਆਂ ਥਾਵਾਂ ਦਾ ਟੂਰ ਲਗਾਉਣਾ ਚਾਹੁੰਦੇ ਹੋ ਤਾਂ ਤੁਸੀਂ ਮੇਰੇ ਦਫ਼ਤਰ ਨੂੰ ਫੋਨ ਜਾਂ ਈ-ਮੇਲ ਰਾਹੀਂ ਸੰਪਰਕ ਕਰ ਸਕਦੇ ਹੋ।43ਵੀਆਂ ਫੈੱਡਰਲ ਚੋਣਾਂ ਤੋਂ ਬਾਅਦ ਜਿਸ ਵਿਚ ਕੈਨੇਡਾ-ਵਾਸੀਆਂ ਨੇ ਦੇਸ-ਭਰ ਵਿਚ ਪਰਿਵਾਰਾਂ ਅਤੇ ਕਮਿਊਨਿਟੀਆਂ ਵਿਚ ਨਿਵੇਸ ਕਰਨ, ਵਧੀਆ ਮਿਡਲ ਕਲਾਸ ਨੌਕਰੀਆਂ ਪੈਦਾ ਕਰਨ, ਵਾਤਾਵਰਣ ਤਬਦੀਲੀਆਂ ਦੇ ਨਾਲ ਲੜਨ ਅਤੇ ਦੇਸ਼ ਦੇ ਅਰਥਚਾਰੇ ਨੂੰ ਵਧਾਉਣ ਤੇ ਇਸ ਨੂੰ ਮਜ਼ਬੂਤ ਕਰਨ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਉਸ ਦੀ ਲਿਬਰਲ ਟੀਮ ਵਿਚ ਮੁੜ ਭਰੋਸਾ ਪ੍ਰਗਟਾਇਆ ਹੈ, ਦੀ ਸਰਕਾਰ ਦਾ ਸੈਸ਼ਨ 5 ਦਸੰਬਰ ਤੋਂ ਸ਼ੁਰੂ ਹੋ ਰਿਹਾ ਹੈ।ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਲੋਕਾਂ ਦੇ ਜੀਵਨ ਨੂੰ ਸੁਖੀ ਬਣਾਉਣ, ਹੈੱਲਥਕੇਅਰ ਸਿਸਟਮ ਨੂੰ ਮਜਬੂਤ ਕਰਨ, ਕਮਿਊਨਿਟੀਆਂ ਦੀ ਸੁਰੱਖਿਆ ਅਤੇ ਪੋਸਟ-ਸੈਕੰਡਰੀ ਸਿੱਖਿਆ ਨੂੰ ਲੋਕਾਂ ਦੀ ਪਹੁੰਚ ਵਿਚ ਲਿਆਉਣ ਲਈ ਹਰੇਕ ਪੱਧਰ ਦੀ ਸਰਕਾਰ ਨਾਲ ਸੁਹਿਰਦਤਾ ਨਾਲ ਕੰਮ ਕਰਨ ਵਿਚ ਦਿਲਚਸਪੀ ਰੱਖਦੀ ਹੈ।

## ਅੰਤਰਰਾਸ਼ਟਰੀ ਕਬੱਡੀ ਟੂਰਨਾਮੈਂਟ 'ਚ ਭਾਰਤ, ਇੰਗਲੈਂਡ ਅਤੇ ਕੈਨੇਡਾ ਵੱਲੋਂ ਜਿੱਤਾਂ ਦਰਜ

ਫਿਰੋਜ਼ਪੁਰ, 4 ਦਸੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੰਤਰਰਾਸ਼ਟਰੀ ਕਬੱਡੀ ਟੂਰਨਾਮੈਂਟ ਦੇ 3 ਮੁਕਾਬਲੇ ਗੁਰੂ ਰਾਮਦਾਸ ਸਟੇਡੀਅਮ ਗੁਰੂਹਰਸਹਾਏ ਵਿਖੇ ਹੋਏ, ਜਿਸ ਦਾ ਉਦਘਾਟਨ ਪੰਜਾਬ ਦੇ ਖੇਡ ਅਡੇ ਯੁਵਕ ਮਾਮਲਿਆਂ ਬਾਰੇ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਵੱਲੋਂ ਕੀਤਾ ਗਿਆ।

ਇਹ ਮੁਕਾਬਲੇ ਭਾਰਤ ਬਨਾਮ ਸ੍ਰੀਲੰਕਾ, ਅਸਟਰੇਲੀਆ ਬਨਾਮ ਇੰਗਲੈਂਡ ਅਤੇ ਕੈਨੇਡਾ ਬਨਾਮ ਨਿਊਜੀਲੈਂਡ ਵਿਚਕਾਰ ਹੋਏ। ਪਹਿਲਾ ਮੈਚ ਭਾਰਤ ਅਤੇ ਸ੍ਰੀ ਲੰਕਾ ਦੀਆਂ ਟੀਮਾਂ ਵਿਚਾਲੇ ਹੋਇਆ, ਜਿਸ ਵਿਚ ਭਾਰਤ ਨੇ ਨੇ ਇਕਪਾਸੜ ਮੁਕਾਬਲੇ ਵਿਚ ਸ੍ਰੀ ਲੰਕਾ ਨੂੰ 63-22 ਨਾਲ ਮਾਤ ਦਿੱਤੀ। ਦੂਜਾ ਮੈਚ ਅਸਟੇਰਲੀਆ ਅਤੇ ਇੰਗਲੈਂਡ ਦਰਮਿਆਨ ਹੋਇਆ, ਜਿਸ ਵਿਚ ਇੰਗਲੈਂਡ ਨੇ ਅਸਟਰੇਲੀਆ ਨੂੰ 44-33 ਅੰਕਾਂ ਦੇ ਫਰਕ ਨਾਲ ਹਰਾਇਆ।

ਇਸੇ ਤਰਾਂ ਕੈਨੇਡਾ ਅਤੇ ਨਿਊਜ਼ੀਲੈਂਡ ਵਿਚਾਲੇ ਹੋਏ ਬੇਹੱਦ ਰੋਮਾਂਚਕਾਰੀ ਮੁਕਾਬਲੇ ਵਿਚ ਕੈਨੇਡਾ ਨੇ ਨਿਊਜ਼ੀਲੈਂਡ ਨੂੰ 43-34 ਅੰਕਾਂ ਦੇ ਫਰਕ ਨਾਲ ਮਾਤ ਦਿੱਤੀ। ਇਸ ਮੁਕਾਬਲੇ ਨੂੰ ਦਰਸ਼ਕਾਂ ਨੇ ਸਾਹ ਰੋਕ ਕੇ ਦੇਖਿਆ। ਜ਼ਿਕਰਯੋਗ ਹੈ ਕਿ ਇਸ ਟੂਰਨਾਮੈਂਟ ਵਿਚ ਵੱਖ-ਵੱਖ ਮੁਲਕਾਂ ਦੀਆਂ 8 ਟੀਮਾਂ ਸ਼ਿਰਕਤ ਕਰ ਰਹੀਆਂ ਹਨ, ਜ਼ਿਨਾਂ ਵਿਚ ਮੇਜ਼ਬਾਨ ਭਾਰਤ ਤੋਂ ਇਲਾਵਾ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਇੰਗਲੈਂਡ, ਸ੍ਰੀ ਲੰਕਾ, ਨਿਊਜ਼ੀਲੈਂਡ ਅਤੇ ਕੀਨੀਆ ਸ਼ਾਮਿਲ ਹਨ। ਇਨਾਂ ਟੀਮਾਂ ਨੂੰ ਦੋ ਪੂਲਾਂ ਵਿਚ ਵੰਡਿਆ ਗਿਆ ਹੈ, ਪੂਲ 'ਏ' ਵਿਚ ਭਾਰਤ, ਇੰਗਲੈਂਡ, ਆਸਟ੍ਰੇਲੀਆ ਅਤੇ ਸ੍ਰੀ ਲੰਕਾ ਹਨ ਜਦਕਿ ਪੂਲ 'ਬੀ' ਵਿਚ ਕੈਨੇਡਾ, ਅਮਰੀਕਾ, ਨਿਊਜ਼ੀਲੈਂਡ ਅਤੇ ਕੀਨੀਆ ਨੂੰ ਰੱਖਿਆ ਗਿਆ ਹੈ।

# ਕਿਤਾਬ ਵਿੱਚ ਦਾਅਵਾ, ਵੱਖਰੇ ਬੈਡਰੂਮ ਵਿੱਚ ਸੌਂਦੀ ਹੈ ਟਰੰਪ ਦੀ ਪਤਨੀ ਮੇਲਾਨੀਆ



ਵਾਸ਼ਿੰਗਟਨ, 4 ਦਸੰਬਰ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਹਮੇਸ਼ਾ ਚਰਚਾ ਵਿੱਚ ਰਹਿੰਦੇ ਹਨ, ਪਰ ਐਤਕੀਂਉਨ੍ਹਾਂ ਦੀ ਤੀਸਰੀ ਪਤਨੀ ਮੇਲਾਨੀਆ ਟਰੰਪ ਦੀ ਵਾਰੀ ਹੈ। ਸੀ ਐੱਨ ਐੱਨ ਦੀ ਰਿਪੋਰਟਰ ਨੇ ਅਮਰੀਕਾ ਦੀ ਫਸਟ ਲੇਡੀ ਬਾਰੇ 'ਫ੍ਰੀ ਮੇਲਾਨੀਆ' ਦੇ ਨਾਂਅ ਨਾਲ ਕਿਤਾਬ ਲਿਖੀ ਹੈ, ਜਿਸ ਵਿੱਚ ਕੁਝ ਜਾਣਕਾਰੀਆਂ ਦਿੱਤੀਆਂਗਈਆਂ ਹਨ ਅਤੇ ਇਨ੍ਹਾਂ ਨਾਲ ਅਮਰੀਕਾ ਵਿੱਚ ਸਨਸਨੀ ਫੈਲ ਗਈ ਹੈ।

ਨਵੀਂ ਆਈਕਿਤਾਬਦੇ ਮੁਤਾਬਕ ਮੇਲਾਨੀਆ ਦੀ ਆਪਣੇ ਪਤੀ (ਡੋਨਾਲਡ ਟਰੰਪ) ਨਾਲ ਬਣਦੀਨਹੀਂ ਅਤੇ ਉਹ ਵ੍ਹਾਈਟ ਹਾਊਸ ਵਿੱਚਵੱਖਰੇ ਬੈੱਡਰੂਮ ਵਿੱਚਸੌਂਦੀ ਹੈ, ਜਿਸ ਵਿੱਚ ਉਨ੍ਹਾਂ ਦੇ ਪਤੀ ਨਹੀਂ ਜਾਂਦੇ।ਕਿਤਾਬ ਦੀ ਲੇਖਿਕਾ ਕੈਟ ਬ੍ਰੇਟਨ ਨੇ ਪੱਤਰਕਾਰ ਵਜੋਂ ਲੰਬੇ ਸਮੇਂ ਤੱਕ ਵ੍ਹਾਈਟ ਹਾਊਸ ਨੂੰ ਕਵਰ ਕੀਤਾ ਹੈ। ਅਮਰੀਕਾ ਵਿੱਚ ਉਸ ਦੀ ਗਿਣਤੀ ਮੰਨੇ-ਪ੍ਰਮੰਨੇ ਪੱਤਰਕਾਰਾਂ ਵਿੱਚ ਹੁੰਦੀ ਹੈ। ਉਨ੍ਹਾਂ ਦੇ ਆਪਣੇ ਪੱਕੇ ਸਰੋਤ ਹਨ ਅਤੇ ਉਸਵੱਲੋਂਇਸ ਕਿਤਾਬ ਵਿੱਚ ਲਿਖੀਆਂ ਗੱਲਾਂ ਹੈਰਾਨ ਕਰਨ ਵਾਲੀਆਂ ਹਨ। ਲੇਖਕਾ ਦਾ ਦਾਅਵਾ ਹੈ ਕਿ ਇਸ ਵਿੱਚ ਦਿੱਤੀ ਜਾਣਕਾਰੀ ਸੱਚ ਹੈ।

ਕਿਤਾਬ ਵਿੱਚਦਰਜ ਹੈ ਕਿ ਟਰੰਪ ਦੀ ਪਤਨੀ ਮੇਲਾਨੀਆ ਆਪਣੇ ਜਨਤਕ ਅਕਸ ਅਤੇ ਨਿੱਜਤਾ ਵਿਚਾਲੇ ਸੰਘਰਸ਼ ਕਰ ਰਹੀ ਹੈ। ਵ੍ਹਾਈਟ ਹਾਊਸ ਵਿੱਚਉਸ ਨੂੰ 3 ਸਾਲ ਹੋ ਚੁੱਕੇ ਹਨ, ਪਰ ਉਹ ਸਭ ਤੋਂ ਵੱਧ ਭੇਦਾਂਵਾਲੀ, ਸ਼ਾਂਤ ਅਤੇ ਪ੍ਰੈੱਸ ਤੋਂ ਘਬਰਾਉਣ ਵਾਲੀ ਫਸਟ ਲੇਡੀ ਹੈ, ਕਦੇ ਉਹ ਗਰਮਜੋਸ਼ੀ ਨਾਲ ਭਰੀ ਦਿੱਸਦੀ ਹੈ ਤਾਂ ਕਦੇ ਭਾਵ-ਰਹਿਤ ਚਿਹਰੇ ਨਾਲ। ਉਸ ਦਾ ਪਤੀ ਸ਼ਾਇਦ ਹੀ ਕਦੇ ਰਿਪੋਰਟਰਾਂ ਅੱਗੇ ਚੁੱਪ ਰਹਿੰਦਾ ਹੋਵੇ ਤੇ ਉਸ ਦੀ ਕੋਈ ਸਵੇਰ ਬਗੈਰ ਕੋਈ ਟਵੀਟ ਕੀਤੇ ਲੰਘਦੀ ਹੋਵੇ, ਪਰ ਇਸ ਤੋਂਵੱਖਰੀ ਮੇਲਾਨੀਆ ਸਭ ਤੋਂ ਬੁਰੀ, ਵ੍ਹਾਈਟ ਹਾਊਸ ਵਿੱਚ ਫਸੀ ਹੋਈ ਲੱਗਦੀ ਹੈ। ਉਂਜ ਉਨ੍ਹਾਂ ਨੇ ਇਹ ਦਿਖਾਇਆ ਹੈ ਕਿ ਖਬਰਾਂ ਵਿੱਚ ਕਿਵੇਂ ਰਹਿਣਾ ਹੈ। ਉਹ ਆਮ ਤੌਰ ਉੱਤੇ ਚੁੱਪ ਨੂੰ ਵੱਡੇ ਹਥਿਆਰ ਵਜੋਂ ਵਰਤਦੀ ਹੈ। ਇਸ ਗੱਲ ਤੋਂ ਉਹ ਆਪਣੇ ਪਤੀ ਡੋਨਾਲਡ ਤੋਂ ਇਕਦਮ ਵੱਖ ਹੈ, ਜਿਹੜੇ ਸ਼ਾਇਦ ਅਮਰੀਕੀ ਇਤਿਹਾਸ ਦੇ ਸਭ ਤੋਂ ਵਿਵਾਦਤ ਰਾਸ਼ਟਰਪਤੀ ਹਨ ਤੇ ਅਕਸਰ ਪ੍ਰਾਈਵੇਟ ਹੋਣ ਦੀ ਹੱਦ ਵੀ ਲੰਘ ਕੇ ਕਈ ਕੁਝ ਨੂੰ ਜਨਤਕ ਕਰ ਦਿੰਦੇ ਹਨ।

### ਜੇ ਬੀ ਟੀ ਟੀਚਰ ਘੋਟਾਲਾ

## ਓਮਪ੍ਰਕਾਸ਼ ਚੌਟਾਲਾ ਦੇ ਖ਼ਿਲਾਫ਼ ਈਡੀ ਵੱਲੋਂ ਵੱਡੀ ਕਾਰਵਾਈ

ਸਿਰਸਾ, 4 ਦਸੰਬਰ, (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਅੱਜ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੇ ਖਿਲਾਫ ਵੱਡੀ ਕਾਰਵਾਈ ਕੀਤੀ ਹੈ। ਜੇਬੀਟੀ ਟੀਚਰ ਭਰਤੀ ਘੋਟਾਲਾ ਕੇਸ ਵਿਚ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਸਜ਼ਾ ਕੱਟ ਰਹੇ ਮੁੱਖ ਮੰਤਰੀ ਓਮਪ੍ਰਕਾਸ਼ ਚੌਟਾਲਾ ਖ਼ਿਲਾਫ਼ ਖ਼ਿਲਾਫ਼ ਸਖ਼ਤ ਕਦਮ ਚੁੱਕਦੇ ਹੋਏ ਈ ਡੀ ਨੇ ਉਨ੍ਹਾਂ ਦਾ ਸਿਰਸਾ ਦਾ ਤੇਜਾਖੇੜਾ ਵਿਚਲਾ ਫਾਰਮ ਹਾਊਸ ਅਟੈਚ ਕਰ ਲਿਆ ਹੈ।

ਅੱਜ ਏਥੇ ਈਡੀ ਇੱਕ ਟੀਮ ਓਮ ਪ੍ਰਕਾਸ਼ ਚੌਟਾਲਾ ਦੀ ਜਾਇਦਾਦ ਨੂੰ ਅਟੈਚ ਕਰਨ ਆਈ ਤਾਂ ਇਸ ਮੌਕੇ ਸਖ਼ਤ ਸੁਰੱਖਿਆ ਪ੍ਰਬੰਧਾਂ ਲਈ ਫਾਰਮ ਦੇ ਅੰਦਰ ਅਤੇ ਬਾਹਰ ਭਾਰੀ ਗਿਣਤੀ ਵਿਚ ਸੀਆਰਪੀ ਐੱਫ ਤਾਇਨਾਤ ਕੀਤੀ ਗਈ। ਇਸ ਫਾਰਮ ਉੱਤੇ ਈਡੀ ਦੀ ਟੀਮ ਅਸਲੋਂ ਅਚਾਨਕ ਪਹੁੰਚੀ ਅਤੇਉਨ੍ਹਾਂ ਨਾਲ ਸੀਆਰਪੀਐੱਫ ਦੀਆਂ ਗੱਡੀਆਂ ਵਿੱਚ ਜਵਾਨ ਭਰੇ ਹੋਏ ਸਨ। ਇਸ ਟੀਮ ਨੇ ਤੇਜਾ ਖੇੜਾ ਫਾਰਮ ਵਿੱਚ ਓਮਪ੍ਰਕਾਸ਼ ਚੌਟਾਲਾ ਦੀ ਜਾਇਦਾਦ ਅਟੈਚ ਕਰਨ ਵਾਸਤੇ ਨੋਟਿਸ ਬੋਰਡ ਲਾ ਦਿੱਤਾ। ਦਿੱਲੀ ਅਤੇ ਚੰਡੀਗੜ੍ਹ ਤੋਂ ਆਏ ਈਡੀ ਦੇ ਅਧਿਕਾਰੀਆਂ ਨੇ ਸ਼ਾਮ ਤਕ ਫਾਰਮ ਹਾਊਸ ਵਿਚ ਡੇਰਾ ਲਾਈ ਰੱਖਿਆ।ਇਨ੍ਹਾਂ ਅਧਿਕਾਰੀਆਂ ਵੱਲੋਂਲਾਏ ਗਏ ਨੋਟਿਸ ਬੋਰਡ ਉੱਤੇ ਦਰਜ ਹੈ ਕਿ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੇ ਨਾਂ ਜ਼ਮੀਨ ਤੇ ਹੋਰ ਜਾਇਦਾਦ ਨੂੰ ਅਟੈਚ ਕੀਤਾ ਜਾ ਰਿਹਾ ਹੈ।

ਵਰਨਣ ਯੋਗ ਹੈ ਕਿ ਤੇਜਾ ਖੇੜਾ ਫਾਰਮ ਹਾਊਸ ਦਾ ਇਕ ਹਿੱਸਾ ਸਾਬਕਾ ਮੁੱਖ ਮੰਤਰੀ ਚੌਟਾਲਾ ਦੇ ਨਾਂਅ ਹੈ ਅਤੇਓਮਪ੍ਰਕਾਸ਼ ਚੌਟਾਲਾ ਉੱਤੇ ਮਨੀ ਲਾਂਡਰਿੰਗ ਦਾ ਕੇਸ ਚੱਲ ਰਿਹਾ ਹੈ। ਇਸ ਬਾਰੇ ਈਡੀ ਨੇ ਸ਼ਿਕੰਜਾ ਕੱਸਿਆ ਹੈ। ਇਸ ਤੋਂ ਪਹਿਲਾਂ ਪੀਐਮਐਲਏ (ਮਨੀ ਲਾਂਡਰਿੰਗ ਰੋਕੂ ਕਾਨੂੰਨ) ਹੇਠ ਵੀ ਓਮ ਪ੍ਰਕਾਸ਼ ਚੌਟਾਲਾ ਦੇ ਨਾਲ ਉਸ ਦੇ ਦੋ ਪੁੱਤਰਾਂ ਅਜੈ ਚੌਟਾਲਾ ਤੇ ਅਭੈ ਚੌਟਾਲਾ ਦੀ ਕੁਝ ਜਾਇਦਾਦ ਅਟੈਚ ਕੀਤੀ ਗਈ ਸੀ। ਪਤਾ ਲੱਗਾ ਹੈ ਕਿ ਈਡੀ ਨੇ ਪਹਿਲਾਂ ਓਮਪ੍ਰਕਾਸ਼ ਚੌਟਾਲਾ ਦੀ ਪਤਨੀ ਸਨੇਹਲਤਾ ਦੇ ਨਾਂ ਪਿੰਡ ਲੰਬੀ ਵਿੱਚ 4 ਕਨਾਲ ਜ਼ਮੀਨ ਤੇ ਅਭੈ ਚੌਟਾਲਾ ਦੀ ਪਤਨੀ ਕਾਂਤਾ ਚੌਟਾਲਾ ਦੇ ਨਾਂ ਪਿੰਡ ਸ਼ੇਰਗੜ੍ਹ ਵਿਚ 13 ਕਨਾਲ 10 ਮਰਲੇ ਜ਼ਮੀਨ ਨੂੰ ਵੀ ਅਟੈਚ ਕੀਤਾ ਸੀ।

## ਬਾਜਵਾ ਵਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ 'ਸਵੱਛ ਕੈਂਪਸ ' ਐਵਾਰਡ ਜਿਤਣ 'ਤੇ ਵਧਾਈ

ਚੰਡੀਗੜ੍ਹ, 4 ਦਸੰਬਰ (ਪੋਸਟ ਬਿਊਰੋ)- ਉਚੇਰੀ ਸਿੱਖਿਆ ਮੰਤਰੀ ਸ੍ਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਸਵੱਛ ਕੈਂਪਸ ਰੈਂਕਿੰਗ -2019 ਤਹਿਤ ਮਨੁੱਖੀ ਸਰੋਤ ਅਤੇ ਵਿਕਾਸ ਮੰਤਰਾਲੇ( ਐਮ.ਐਚ.ਆਰ.ਡੀ) ਵਲੋਂ ਕਰਵਾਏ ਗਏ ਕੌਮੀ ਪੱਧਰ ਦੇ ਮੁਕਾਬਲੇ ਦੇ ਅਧਾਰ 'ਤੇ ਵੱਡੇ ਕੈਂਪਸਾਂ ਵਾਲੀਆਂ ਦੇਸ਼ ਭਰ ਦੀਆਂ ਮਲਟੀਸਪੈਸ਼ਲਿਟੀ ਸਰਕਾਰੀ ਯੂਨੀਵਰਸਿਟੀਆਂ ਵਿਚ ਵੱਕਾਰੀ ਸਥਾਨ ਹਾਸਲ ਕਰਨ ਲਈ ਵਧਾਈ ਦਿੱਤੀ ਹੈ।

ਅੱਜ ਇਥੇ ਪੰਜਾਬ ਸਰਕਾਰ ਦੇ ਸਰਕਾਰੀ ਬੁਲਾਰੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੇਸ਼ ਵਿੱਚ 400 ਤੋਂ ਵੱਧ ਪਬਲਿਕ ਯੂਨੀਵਰਸਿਟੀਸਆਂ ਹਨ ਅਤੇ ਵੱਡੇ ਕੈਂਪਸਾਂ ਵਾਲੀਆਂ ਮਲਟੀਸਪੈਸ਼ਲਿਟੀ ਪਬਲਿਕ ਯੂਨੀਵਰਸਿਟੀਆਂ ਵਿੱਚੋਂ ਜੀ.ਐਨ.ਡੀ.ਯੂ ਕੈਂਪਸ ,ਸਭ ਤੋਂ ਵੱਧ 'ਸਵੱਛ ਕੈਂਪਸ' ਦਾ ਮਾਣ ਹਾਸਲ ਕਰਕੇ ਅੱਵਲ ਰਹੀ ਹੈ।

ਬੁਲਾਰੇ ਨੇ ਕਿਹਾ ਕਿ ਕੁੱਲ ਮਿਲਾ ਕੇ ਸਮੁੱਚੇ ਦੇਸ਼ ਦੀਆਂ ਸਾਰੀਆਂ ਸਰਕਾਰੀ ਯੂਨੀਵਰਸਿਟੀਆਂ(ਵੱਡੇ ਅਤੇ ਛੋਟੇ ਕੈਂਪਸ ਵਾਲੀਆਂ) ਓਵਰਆਲ ਮੁਕਾਬਲੇ ਵਿਚੋਂ ਜੀ.ਐਨ.ਡੀ.ਯੂ ਦੂਜੇ ਨੰਬਰ 'ਤੇ ਹੈ। ਪਿਛਲੇ ਸਾਲ ਵੀ, ਇਸ ਯੂਨੀਵਰਸਿਟੀ ਨੂੰ ਸਰਕਾਰੀ ਯੂਨੀਵਰਸਿਟੀਆਂ ਦੀ ਸ਼੍ਰੇਣੀ ਵਿੱਚ ਦੇਸ਼ ਦੀਆਂ ਸਭ ਤੋਂ ਵੱਧ ਸਾਫ ਸੁਥਰੀਆਂ ਉੱਚ ਵਿਦਿਅਕ ਸੰਸਥਾਵਾਂ ਵਿੱਚੋਂ ਦੂਜਾ ਸਥਾਨ ਪ੍ਰਾਪਤ ਹੋਇਆ ਸੀ। 500 ਏਕੜ ਵਿਚ ਫੈਲੀ ਜੀ.ਐਨ.ਡੀ.ਯੂ ਦੇ ਕੈਂਪਸ ਵਿੱਚ 12000 ਦੇ ਕਰੀਬ ਵਿਦਿਆਰਥੀ ਹਨ ਅਤੇ 1000 ਤੋਂ ਵੀ ਘੱਟ ਵਿਦਿਆਰਥੀ ਵਾਲੀਆਂ ਸੰਸਥਾਵਾਂ ਦੇ ਮੁਕਾਬਲੇ ਇਨੇ ਵਿਦਿਆਰਥੀਆਂ ਦੀ ਸਵੱਛਤਾ ਬਣਾਈ ਰੱਖਣਾ ਬੜਾ ਮੁਸ਼ਕਲ ਹੈ ਪਰ ਇਸਦੇ ਬਾਵਜੂਦ ਵੀ ਜੀ.ਐਨ.ਡੀ.ਯ ਯੂ ਸਰਕਾਰੀ ਯੂਨੀਵਰਸਿਟੀਆਂ ਵਿਚ ਦੂਜਾ ਸਥਾਨ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਸ ਸਾਲ ਇਸ ਸਵੱਛਤਾ ਮੁਕਾਬਲੇ ਵਿੱਚ 6900 ਉਚੇਰੀ ਸਿੱਖਿਆ ਸੰਸਥਾਵਾਂ ਨੇ ਹਿੱਸਾ ਲਿਆ ਸੀ।

ਮੰਗਲਵਾਰ ਨੂੰ ਨਵੀਂ ਦਿੱਲੀ ਵਿਖੇ ਇੱਕ ਪੁਰਸਕਾਰ ਸਮਾਰੋਹ ਦੌਰਾਨ ਜੀ.ਐਨ.ਡੀਯੂ ਦੇ ਉੱਪ-ਕੁਲਪਤੀ ਪ੍ਰੋਫੈਸਰ (ਡਾ.) ਜਸਪਾਲ ਸਿੰਘ ਸੰਧੂ ਨੇ ਐਮ.ਐਚ.ਆਰ.ਡੀ ਦੇ ਕੇਂਦਰੀ ਮੰਤਰੀ ਸ੍ਰੀ ਰਮੇਸ਼ ਪੋਖਰਿਆਲ ਨਿਸ਼ਾਕ.ਤੋਂ ਪੁਰਸਕਾਰ ਪ੍ਰਾਪਤ ਕੀਤਾ।

ਮਨੁੱਖੀ ਸਰੋਤ ਅਤੇ ਵਿਕਾਸ ਮੰਤਰਾਲੇ ਨੇ ਵਿਦਿਅਕ ਅਦਾਰਿਆਂ ਨੂੰ ਉੱਚ ਸਿੱਖਿਆ ਸੰਸਥਾਵਾਂ ਦੀ ਸਵੱਛਤਾ ਸਬੰਧੀ ਦਰਜਾਬੰਦੀ ਵਿੱਚ ਭਾਗ ਲੈਣ ਲਈ ਸੱਦਾ ਦਿੱਤਾ ਸੀ ਜਿਥੇ ਕੈਂਪਸ ਵਿੱਚ ਸਾਫ-ਸੁਥਰੇ ਤੇ ਸਵੱਛ ਵਾਤਾਵਰਣ ਦੇ ਆਧਾਰ ਅਧਾਰ 'ਤੇ ਇਹ ਨਿਰਣਾ ਲਿਆ ਗਿਆ। ਇਸ ਸਾਲ ਸਵੱਛਤਾ ਦੇ ਮਾਪਦੰਡਾਂ ਨੂੰ ਕੁਝ ਵਾਧੂ ਵਿਸ਼ੇਸ਼ਤਾਵਾਂ ਸ਼ਾਮਲ ਕਰਨ ਲਈ ਸੋਧਿਆ ਗਿਆ ਸੀ, ਜੋ ਇਕ ਗਤੀਸ਼ੀਲ ਵਾਤਾਵਰਣ ਵਿਚ ਜ਼ਰੂਰੀ ਹਨ। ਜਿਨ੍ਹਾਂ ਵਿੱਚ ਟਾਇਲਟ ਦੀ ਪੂਰੀ ਤਰ੍ਹਾਂ ਦੇਖਭਾਲ ਕਰਨਾ, ਕੂੜੇ - ਕਰਕਟ ਦੀ ਸਫਾਈ, ਹੋਸਟਲ ਕਿਚਨ ਦੀ ਸਫਾਈ, ਪਾਣੀ ਦੀ ਸ਼ੁੱਧਤਾ, ਭੰਡਾਰਨ, ਵੰਡ ਸਹੂਲਤ, ਹਰਿਆਲੀ ਅਤੇ ਮੀਂਹ ਦੇ ਪਾਣੀ ਦੀ ਸੁਚੱਜੀ ਵਰਤੋਂ, ਸੋਲਰ ਪ੍ਰਣਾਲੀਆਂ ਅਤੇ ਪਿੰਡਾਂ ਦੀ ਵਰਤੋਂ ਜਾਂ ਸਫਾਈ ਲਈ ਨੇਬਰਹੁੱਡ ਅਪਣਾਉਣਾ ਆਦਿ ਸ਼ਾਮਲ ਸਨ। ਯੂਨੀਵਰਸਿਟੀ ਵਲੋਂ ਆਫ-ਕੈਂਪਸ ਵਿੱਚ ਸਫਾਈ ਰੱਖਣ ਲਈ ਵਿਸ਼ੇਸ਼ ਧਿਆਨ ਦੇਖਣ ਨੂੰ ਮਿਲਿਆ। ਸਰਕਾਰ ਦੀ ਸਵੱਛਤਾ ਮੁਹਿੰਮ ਦੇ ਹਿੱਸੇ ਵਜੋਂ ਉਚੇਰੀ ਸਿੱਖਿਆ ਸੰਸਥਾਵਾਂ ਦੀ ਸਵੱਛਤਾ ਦਰਜਾਬੰਦੀ ਇੱਕ ਮਹੱਤਵਪੂਰਣ ਸਲਾਨਾ ਅਭਿਆਸ ਹੈ। ਦਰਜਾਬੰਦੀ ਦਾ ਉਦੇਸ਼ ਸੰਸਥਾਵਾਂ ਦਰਮਿਆਨ ਸਿਹਤਮੰਦ ਮੁਕਾਬਲਾ ਪੈਦਾ ਕਰਨ ਅਤੇ ਉਨ੍ਹਾਂ ਨੂੰ ਸਰਬੋਤਮ ਪੁਰਸਕਾਰ ਦੇ ਕੇ ਵਧੇਰੇ ਸਵੱਛ ਬਣਾਉਣਾ ਅਤੇ ਵਾਤਾਵਰਣ ਪ੍ਰਤੀ ਹੋਰ ਜ਼ਿੰਮੇਵਾਰ ਬਣਾਉਣਾ ਹੈ।

ਇੱਕ ਸਵੱਛ ਅਤੇ ਸੁਰੱਖਿਅਤ ਵਾਤਾਵਰਣ ਬਣਾਉਣ ਲਈ ਯੂਨੀਵਰਸਿਟੀ ਨੇ ਵਾਹਨ ਮੁਕਤ ਕੈਂਪਸ, ਮੀਂਹ ਦੇ ਪਾਣੀ ਦੀ ਵਰਤੋਂ, ਧਰਤੀ ਹੇਠਲੇ ਪਾਣੀ ਦੀ ਚਾਰਜਿੰਗ, ਗੰਦੇ ਪਾਣੀ ਦੀ ਸੋਧ, ਠੋਸ ਰਹਿੰਦ-ਖੂੰਹਦ ਪ੍ਰਬੰਧਨ, ਸੌਰ ਪ੍ਰਣਾਲੀਆਂ ਦੀ ਵਰਤੋਂ, ਕੰਜ਼ਰਵੇਟਰੀਆਂ ਵਿੱਚ ਜੈਵ ਵਿਭਿੰਨਤਾ ਦੀ ਸੰਭਾਲ ਕਰਕੇ ਕਾਰਬਨ ਦੇ ਨਿਕਾਸ ਨੂੰ ਘਟਾਉਣ ਵੱਲ ਮਹੱਤਵਪੂਰਨ ਕਦਮ ਚੁੱਕੇ ਹਨ । ਇਸਦੇ ਨਾਲ ਹੀ ਬੋਟੈਨੀਕਲ ਗਾਰਡਨ ਅਤੇ ਵਿਸ਼ਾਲ ਰੁੱਖ ਲਗਾਉ ਮੁਹਿੰਮ ਵੀ ਚੰਗੇ ਉਪਰਾਲੇ ਹਨ।








Paramjit Deol
Broker

CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



"Your neighborhood broker, Call Paramjit Deol Today"

**Mississauga $134,000**



**17 Tannery St:** Well Established Franchise Pizzeria, Located In Dwntown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Low Rent Of $2800 + Hst

**Mississauga $169,900**



**7215 Goreway Dr 70:** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow. Close to Amenities

**St. Catharines $189,000**

**198 Glenridge Ave 5:** Turn Key Operation. Be Your Own Boss Today, Well Established Pizzeria, Great Clientele, Prime Location In St. Catherines, Steps Away From Brock University & 2 Major High Schools. There Is A Line Up Everyday At Lunch

**Mississauga $199,900**

Techlogics

**5315 Tomken Rd 5:** Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Mississauga $299,000**

GINO'S PIZZA


**136 Queen St S 2:** Well Established Franchise Pizzeria Business For Sale In Downtown Streetsville. Many Years In Business Weekly Sales Are $13500-14000/Wk. Very Busy Location, Located Beside A Huge And Busy Plaza, Across From Tim Hortons, LCBO & Other Stores

**Mississauga $399,900**

Photo Not Available

**7120 Pacific Circ B :** Well Established Business For Sale, Truck Trailer Repair Shop, Many Years In Business, Well Known & Reputable Service, Long List Of Great Clientele & Repeated Customers, Approx 6,000 Sqft, Hold Upto 6 Trucks At A Time, Fast Sales $900,000 Per Year As

**Shelburne $399,999**



**328 Centre St:** This Beautiful Renovated Home Comes With 3+2 Bedrooms And 2 1/2 Bathrooms. The Large Kitchen Has Lots Of Storage With Built In Pantry And A Dinning Area For Entertaining Friends And Family. The Large Open-Concept Living Space Provides An Unobstructed View Of The

**Toronto $435,000**




**90 Dale Ave 407:** Open Concept 2 Bedroom And 2 Bath Bright And Spacious Unit With Fabulous Floor To Ceiling Windows, Convenient Ensuite Laundry, Gym, Indoor Pool, Sauna, Party Room, Security. Guildwood Go Station Nearby. Steps To Conservation Area Trails, Mins

**Mississauga $449,000**



**2556 Argyle Rd 1104:** Fully Renovated Move-In-Ready Condo, 2 Spacious Bedrooms, 2 Baths In A Very Quiet, Clean & Family Oriented Building In Highly Desirable Area (10 Mins To Square One). Good Layout With Large Living Room, Ensuite Laundry, & Large Balcony (Unobstructed View) With New

**Richmond Hill $560,000**



**8868 Yonge St 222E :** Westwood Gardens At Yonge And Hwy7 In Richmond Hill Rare On The Market! 2 Bdrm South East Facing Unit Open Concept Layout! Great Location In The Heart Of The Richmond Hill, Features 9 Ft Ceilings, Nice Finishes

**Brampton $655,000**




**32 Tollgate St :** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools & Hospital.

**Oshawa $659,000**

Photo Not Available


**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Toronto $829,900**




**29 Phillip Ave:** Attention Builders, Renovators & Contractors! Finish To Your Taste! Includes Full Set Of Building Plans & Approved Building Permit For Immediate Development Of A Stunning 2100 Sq Ft Home+Garage, Open Concept Main Floor W/10 Ft Ceilings, 4 Bedroom, 4 Baths, 2 Walk-In Closets &

**Brampton $983,000**



**87 Earlsbridge Blvd:** This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble

**Mississauga $1,100,000**



**785 Craig Carrier Crt:** Gorgeous, Premium Lot, All Brick Detached 3+1 Bdrm In Olde Meadowvale Village. All Hdwd Throughout Main Floor, Custom Kitchen B/S Granite, Display Cabinets, S/S App, Brkfst Area, W/O To Deck & Fenced Yrd, Fam Rm W F/Place, Hdwd

**Brampton $1,900,000**

Photo Not Available

**115 Orenda Rd:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller.

*Canadian punjabi post assumes no responsibility for the accuracy of any information shown. Copyright Ppost 2019

## ਸ. ਸੁਰਜੀਤ ਸਿੱਧੂ ਹੋਏ ਸਵਰਗਵਾਸ



ਬੀਬੀ ਹਰ ਪ੍ਰਕਾਸ਼ ਕੌਰ ਦੀ ਅਗਵਾਈ ਵਿੱਚ ਬਣੇ ਸਿੱਧਵਾ ਕਾਲਜ ਜਿਸ ਨੇ ਪੇਂਡੂ ਇਲਾਕੇ ਵਿੱਚ ਲੜਕੀਆਂ ਨੂੰ ਉੱਚ ਕੋਟੀ ਦੀ ਵਿੱਦਿਆ ਦੇਣ ਵਿੱਚ ਆਪਣਾ ਵੱਡਮੁਲਾ ਯੋਗਦਾਨ ਪਾਇਆ, ਦੇ ਮੌਜੂਦਾ ਪ੍ਰਧਾਨ ਸੁਰਜੀਤ ਸਿੰਘ ਸਿੱਧੂ ਬੀਤੇ ਦਿਨ ਅਕਾਲ ਚਲਾਣਾ ਕਰ ਗਏ। ਸ. ਸੁਰਜੀਤ ਸਿੰਘ ਸਿੱਧੂ ਪਿੰਡ ਦੇ ਸਰਪੰਚ ਵੀ ਰਹੇ। ਜਿਨ੍ਹਾਂ ਦਾ ਅੰਤਮ ਸੰਸਕਾਰ ਪਿੰਡ ਸਿੱਧਵਾ ਖ਼ੁਰਦ ਵਿਖੇ ਹੋਇਆ। ਇਸ ਸਮੇਂ ਕਾਲਜ ਦੇ ਪ੍ਰਬੰਧਕ, ਸਟਾਫ, ਗ੍ਰਾਮ ਪੰਚ-ਾਇਤ,ਰਾਜਨੀਤਕ ਆਗੂ ਮੌਜੂਦ ਸਨ। ਸ. ਸੁਰਜੀਤ ਸਿੰਘ ਜੀ ਦੀ ਅਗਵਾਈ ਵਿੱਚ ਸਿੱਧਵਾਂ ਵਿਦਿਅਕ ਸੰਸਥਾਵਾਂ ਨੇ ਬਹੁਤ ਸ਼ਲਾਘਾ ਯੋਗ ਤਰੱਕੀ ਕੀਤੀ। ਸ. ਸੁਰਜੀਤ ਸਿੰਘ ਸਿੱਧੂ ਪੰਜਾਬੀ ਲਹਿਰਾਂ ਦੇ ਸੰਚਾਲਕ ਸਤਿੰਦਰ ਪਾਲ ਸਿੰਘ ਸਿੱਧਵਾ ਦੇ ਚਾਚਾ ਜੀ ਸਨ ।

## ਅਕਾਲੀ ਦਲ ਭਾਈ ਰਾਜੋਆਣਾ ਦੀ ਜਲਦੀ ਰਿਹਾਈ ਦੇ ਹੱਕ 'ਚ: ਸੁਖਬੀਰ

ਚੰਡੀਗੜ੍ਹ, 4 ਦਸੰਬਰ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਸਿੱਖਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਅਕਾਲੀ ਦਲ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਜੇਲ੍ਹ ਵਿਚ ਜਲਦੀ ਰਿਹਾਈ ਕੀਤੇ ਜਾਣ ਦੇ ਹੱਕ ਵਿਚ ਹੈ। ਇਸ ਦੇ ਨਾਲ ਹੀ ਉਹਨਾਂ 550ਵੇਂ ਪਰਕਾਸ਼ ਪੁਰਬ ਦੇ ਮੌਕੇ ਦਇਆ ਦੀ ਭਾਵਨਾ ਤੋਂ ਕਿਨਾਰਾ ਕਰਨ ਅਤੇ ਇਸ ਕੇਸ ਵਿਚ 'ਮਨੁੱਖੀ ਪਹੁੰਚ' ਅਪਣਾਉਣ ਤੋਂ ਇਨਕਾਰ ਕਰਦਿਆਂ ਦੁਬਾਰਾ ਫਿਰਕੂ ਭਾਵਨਾਵਾਂ ਭੜਕਾਉਣ ਦੀ ਕੋਸ਼ਿਸ਼ ਕਰਨ ਲਈ ਕਾਂਗਰਸ ਪਾਰਟੀ ਦੀ ਸਖ਼ਤ ਨਿਖੇਧੀ ਕੀਤੀ।

ਇੱਥੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਅਕਾਲੀ ਦਲ ਪ੍ਰਧਾਨ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਕੇਸ ਵਿਚ ਫਰੇਬੀ ਭੂਮਿਕਾ ਨਿਭਾ ਰਿਹਾ ਹੈ ਅਤੇ ਬਿਨਾਂ ਪੈਰੋਲ ਤੋਂ 23 ਸਾਲ ਤੋਂ ਵੱਧ ਸਜ਼ਾ ਭੁਗਤ ਚੁੱਕੇ ਭਾਈ ਰਾਜੋਆਣਾ ਨੂੰ ਰਾਹਤ ਦੇਣ ਦੇ ਰਾਹ ਅੜਿੱਕੇ ਪਾ ਰਿਹਾ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਨੇ ਭਾਈ ਰਾਜੋਆਣਾ ਨੂੰ ਰਾਹਤ ਦਿਵਾਉਣ ਸੰਬੰਧੀ ਤਾਂ ਕੋਈ ਕਾਰਵਾਈ ਨਹੀਂ ਕੀਤੀ ਸੀ, ਪਰੰਤੂ ਉਹਨਾਂ ਚਾਰ ਪੁਲਿਸ ਕਰਮੀਆਂ ਨੂੰ ਮੁਆਫੀ ਦੀ ਸਿਫਾਰਿਸ਼ ਕਰਨ ਵਿਚ ਬੜੀ ਫੁਰਤੀ ਵਿਖਾਈ ਸੀ, ਜਿਹਨਾਂ ਨੇ 1993 ਵਿਚ ਛੇਤੀ ਤਰੱਕੀਆਂ ਲੈਣ ਵਾਸਤੇ ਇਕ ਬੇਕਸੂਰ ਸਿੱਖ ਨੌਜਵਾਨ ਨੂੰ ਅਗਵਾ ਕਰਕੇ ਉਸ ਦਾ ਕਤਲ ਕਰ ਦਿੱਤਾ ਸੀ।

ਸਰਦਾਰ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਆਪਣਾ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਹੈ ਅਤੇ ਦੱਸਣਾ ਚਾਹੀਦਾ ਹੈ ਕਿ ਕੀ ਉਹ ਭਾਈ ਰਾਜੋਆਣਾ ਦੀ ਸਜ਼ਾ ਮੁਆਫ ਕੀਤੇ ਜਾਣ ਦੇ ਹੱਕ ਵਿਚ ਹੈ ਹਾਂ ਨਹੀਂ ਹੈ? ਉਹਨਾਂ ਕਿਹਾ ਕਿ ਸੂਬੇ ਦੇ ਚੁਣੇ ਹੋਏ ਮੁਖੀ ਵਜੋਂ ਕੈਪਟਨ ਅਮਰਿੰਦਰ ਕੋਲੋਂ ਇਸ ਮੁੱਦੇ ਉੱਤੇ ਦੋਗਲੀ ਗੱਲ ਕਰਨ ਦੀ ਉਮੀਦ ਨਹੀਂ ਕੀਤੀ ਜਾਂਦੀ ਹੈ। ਉਹਨਾਂ ਕਿਹਾ ਕਿ ਸਿੱਖਾਂ ਦੇ ਰਿਸਦੇ ਜ਼ਖ਼ਮਾਂ ਉੱਤੇ ਮੱਲ੍ਹਮ ਲਾਉਣ ਲਈ ਭਾਈ ਰਾਜੋਆਣਾ ਨੂੰ ਰਿਹਾ ਕੀਤੇ ਜਾਣ ਦੇ ਹੱਕ ਵਿਚ ਉਮੜੀ ਸਿੱਖ ਸੰਗਤ ਨੂੰ ਇਸ ਘਟਨਾ ਨੇ ਪ੍ਰੇਸ਼ਾਨ ਕਰ ਦਿੱਤਾ ਹੈ। ਅਕਾਲੀ ਦਲ ਪ੍ਰਧਾਨ ਨੇ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਕਾਂਗਰਸ ਪਾਰਟੀ ਅਤੇ ਖਾਸ ਕਰਕੇ ਲੁਧਿਆਣਾ ਸਾਂਸਦ ਰਵਨੀਤ ਬਿੱਟੂ ਵਲੋਂ ਇਸ ਮਸਲੇ ਉਤੇ ਸਿਆਸਤ ਖੇਡੀ ਜਾ ਰਹੀ ਹੈ, ਜਿਹੜਾ ਕਿ ਸੂਬੇ ਦੀ ਫਿਰਕੂ ਸ਼ਾਂਤੀ ਭੰਗ ਕਰਨ ਵਾਸਤੇ ਭੜਕਾਊ ਬਿਆਨਬਾਜ਼ੀ ਕਰ ਰਿਹਾ ਹੈ। ਉਹਨਾਂ ਕਿਹਾ ਕਿ ਕਾਂਗਰਸੀ ਸਾਂਸਦ ਨੂੰ ਨਫ਼ਰਤ ਦੀ ਸਿਆਸਤ ਕਰਨ ਦੇ ਨਤੀਜਿਆਂ ਬਾਰੇ ਸੋਚਣਾ ਚਾਹੀਦਾ ਹੈ ਅਤੇ ਇਸ ਮੌਕੇ ਦਾ ਇਸਤੇਮਾਲ ਆਪਣੇ ਦਾਦਾ ਬੇਅੰਤ ਸਿੰਘ ਵੱਲੋਂ ਬੇਕਸੂਰ ਸਿੱਖ ਨੌਜਵਾਨਾਂ ਦੀ ਕੀਤੀ ਨਸਲਕੁਸ਼ੀ ਦੇ ਅਪਰਾਧ ਲਈ ਮੁਆਫੀ ਮੰਗਣ ਵਾਸਤੇ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਬੇਅੰਤ ਸਿੰਘ ਦੀ ਅਗਵਾਈ ਵਿਚ ਸ਼ੁਰੂ ਕੀਤੇ ਸਰਕਾਰੀ ਅੱਤਵਾਦ ਦੌਰਾਨ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਮਾਰ ਦਿੱਤਾ ਗਿਆ ਸੀ। ਇੱਕ ਪੂਰੀ ਪੀੜ੍ਹੀ ਖ਼ਤਮ ਕਰ ਦਿੱਤੀ ਗਈ ਸੀ, ਜਿਸ ਨਾਲ ਹਰ ਖੇਤਰ ਵਿਚ ਪੰਜਾਬ 20 ਸਾਲ ਪਿੱਛੇ ਚਲਿਆ ਗਿਆ ਸੀ। ਉਹਨਾਂ ਕਿਹਾ ਕਿ ਅਸੀਂ ਅਜੇ ਵੀ ਮਨੁੱਖ ਵੱਲੋਂ ਪੈਦਾ ਕੀਤੇ ਇਸ ਦੁਖਾਂਤ ਤੋਂ ਪੂਰੀ ਤਰ੍ਹਾਂ ਬਾਹਰ ਨਹੀਂ ਆਏ ਹਾਂ। ਹੁਣ ਬਿੱਟੂ ਦੁਬਾਰਾ ਪੁਰਾਣੇ ਜਖ਼ਮਾਂ ਨੂੰ ਦੁਬਾਰਾ ਉਚੇੜਨਾ ਚਾਹੁੰਦਾ ਹੈ ਅਤੇ ਪੰਜਾਬ ਵਿਚ ਭਰਾ ਮਾਰੂ ਜੰਗ ਕਰਵਾਉਣਾ ਚਾਹੁੰਦਾ ਹੈ।

# ਲਘੂ ਉਦਯੋਗ ਨੂੰ ਹੁਲਾਰਾ ਦੇਣ ਲਈ ਮੰਤਰੀ ਮੰਡਲ ਵੱਲੋਂ ਉਦਯੋਗ ਵਿਵਾਦ ਐਕਟ-1947 ਦੀਆਂ ਵੱਖ-ਵੱਖ ਧਾਰਾਵਾਂ 'ਚ ਸੋਧ ਨੂੰ ਪ੍ਰਵਾਨਗੀ



ਚੰਡੀਗੜ੍ਹ, 4 ਦਸੰਬਰ (ਪੋਸਟ ਬਿਊਰੋ)- ਕਾਰੋਬਾਰ ਸੁਖਾਲਾ ਬਣਾਉਣ ਨੂੰ ਹੁਲਾਰਾ ਦੇਣ ਅਤੇ ਸੂਬੇ ਵਿੱਚ ਲਘੂ ਇਕਾਈਆਂ ਨੂੰ ਉਤਸ਼ਾਹਿਤ ਕਰਨ ਵਾਸਤੇ ਮੰਤਰੀ ਮੰਡਲ ਨੇ ਅੱਜ ਉਦਯੋਗਿਕ ਵਿਵਾਦ ਐਕਟ-1947 ਵਿੱਚ ਕਈ ਸੋਧਾਂ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਤੋਂ ਬਾਅਦ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਹ ਸੋਧਾਂ ਐਕਟ ਦੀ ਧਾਰਾ 2 ਏ, 25 ਕੇ, 25 ਐਨ ਅਤੇ 25 ਓ ਨਾਲ ਸਬੰਧਤ ਹਨ।

ਇਸ ਵੇਲੇ ਐਕਟ ਦੀ ਧਾਰਾ 2 ਏ ਤਹਿਤ ਉਦਯੋਗਿਕ ਵਿਵਾਦ ਨੂੰ ਸਾਲਸੀ ਅਫ਼ਸਰ ਅਤੇ ਇਸ ਤੋਂ ਬਾਅਦ ਲੇਬਰ ਕੋਰਟ ਅੱਗੇ ਉਠਾਉਣ ਦੀ ਕੋਈ ਸਮਾਂ ਸੀਮਾ ਨਹੀਂ ਸੀ। ਧਾਰਾ 2 ਵਿੱਚ ਸੋਧ ਕਰਨ ਨਾਲ ਹੁਣ ਇਹ ਵਿਵਾਦ ਤਿੰਨ ਸਾਲਾਂ ਦੇ ਸਮੇਂ ਅੰਦਰ ਉਠਾਇਆ ਜਾ ਸਕੇਗਾ ਜਿਸ ਨਾਲ ਨਿਰਧਾਰਤ ਸਮਾਂ ਗੁਜ਼ਰ ਜਾਣ ਤੋਂ ਬਾਅਦ ਮਸਲਾ ਨਹੀਂ ਉਠਾਇਆ ਜਾ ਸਕਦਾ।

ਉਦਯੋਗਿਕ ਵਿਵਾਦ ਐਕਟ-1947 ਦੀ ਧਾਰਾ 25 ਕੇ ਐਕਟ ਦੇ ਚੈਪਟਰ 5 ਬੀ ਦੇ ਉਪਬੰਧ ਉਨ੍ਹਾਂ ਅਦਾਰਿਆਂ 'ਤੇ ਲਾਗੂ ਹੁੰਦੇ ਹਨ ਜਿੱਥੇ 100 ਜਾਂ 100 ਤੋਂ ਵੱਧ ਕਿਰਤੀ ਕੰਮ ਕਰਦੇ ਹੋਣ। ਇਸ ਚੈਪਟਰ ਦੇ ਦਾਇਰੇ ਹੇਠ ਆਉਣ ਵਾਲੀ ਕਿਸੇ ਵੀ ਸੰਸਥਾ ਨੂੰ ਉਦਯੋਗ ਨੂੰ ਬੰਦ ਕਰਨ, ਕਿਰਤੀਆਂ ਛੁੱਟੀ ਦੇਣ ਜਾਂ ਛਾਂਟੀ ਕਰਨ ਲਈ ਸੂਬਾ ਸਰਕਾਰ ਦੀ ਅਗਾਊਂ ਪ੍ਰਵਾਨਗੀ ਲੈਣੀ ਜ਼ਰੂਰੀ ਹੈ। ਹਾਲਾਂਕਿ ਇਸ ਧਾਰਾ ਵਿੱਚ ਸੋਧ ਨਾਲ ਚੈਪਟਰ 5 ਬੀ ਦੇ ਉਪਬੰਧ ਉਸ ਹਾਲਤ ਵਿੱਚ ਲਾਗੂ ਹੋਣਗੇ ਜਦੋਂ ਫੈਕਟਰੀ ਵਿੱਚ 300 ਤੋਂ ਘੱਟ ਕਿਰਤੀ ਕੰਮ ਕਰਦੇ ਹੋਣ।

ਐਕਟ ਦੀ ਧਾਰਾ 25 ਐਨ ਇਹ ਦਰਸਾਉਂਦੀ ਹੈ ਕਿ ਹੋਰ ਸ਼ਰਤਾਂ ਦੀ ਵੀ ਪਾਲਣਾ ਤੋਂ ਇਲਾਵਾ ਕਿਸੇ ਮੁਲਾਜ਼ਮ ਦੀ ਛਾਂਟੀ ਤੋਂ ਪਹਿਲਾਂ ਸੂਬਾ ਸਰਕਾਰ ਦੀ ਅਗਾਊਂ ਪ੍ਰਵਾਨਗੀ ਲੈਣੀ ਚਾਹੀਦੀ ਹੈ। ਕਿਸੇ ਵੀ ਕਿਰਤੀ ਨੂੰ ਹਟਾਉਣ ਦੀ ਸੂਰਤ ਵਿੱਚ ਪ੍ਰਬੰਧਕਾਂ ਵੱਲੋਂ ਤਿੰਨ ਮਹੀਨੇ ਦਾ ਨੋਟਿਸ ਜਾਂ ਤਿੰਨ ਮਹੀਨੇ ਦੀ ਤਨਖ਼ਾਹ ਦੇਣੀ ਹੁੰਦੀ ਹੈ। ਇਹ ਮਹਿਸੂਸ ਕੀਤਾ ਗਿਆ ਕਿ ਕਿਰਤੀਆਂ ਦੀ ਛਾਂਟੀ ਤੋਂ ਪਹਿਲਾਂ ਤਿੰਨ ਮਹੀਨਿਆਂ ਦਾ ਨੋਟਿਸ ਦੇਣਾ ਲਾਜ਼ਮੀ ਬਣਾਇਆ ਜਾਵੇ ਅਤੇ ਹੋਰ ਤਿੰਨ ਮਹੀਨਿਆਂ ਦੀ ਤਨਖ਼ਾਹ ਸਬੰਧਤ ਕਿਰਤੀ ਨੂੰ ਅਦਾ ਕੀਤੀ ਜਾਵੇ ਜਿਸ ਲਈ ਐਕਟ ਦੀ ਧਾਰਾ 25 ਐਨ ਦੀ ਉਪਧਾਰਾ 9 ਅਤੇ ਧਾਰਾ 25 ਐਨ (1) (ਏ) 'ਚ ਸੋਧ ਕੀਤੀ ਜਾਵੇ।

ਧਾਰਾ 25 ਓ ਤਹਿਤ ਅਦਾਰਾ ਬੰਦ ਕਰਨ ਤੋਂ ਪਹਿਲਾਂ ਪ੍ਰਬੰਧਕਾਂ ਨੂੰ ਸੂਬਾ ਸਰਕਾਰ ਦੀ ਅਗਾਊਂ ਪ੍ਰਵਾਨਗੀ ਲੈਣੀ ਹੁੰਦੀ ਹੈ ਅਤੇ ਕਿਰਤੀਆਂ ਨੂੰ ਉਨ੍ਹਾਂ ਦੀ ਸੇਵਾ ਦੇ ਹਰੇਕ ਮੁਕੰਮਲ ਵਰ੍ਹੇ ਲਈ 15 ਦਿਨਾਂ ਦੀ ਤਨਖ਼ਾਹ ਦਾ ਮੁਆਵਜ਼ਾ ਦਿੱਤਾ ਜਾਂਦਾ ਹੈ। ਇਸ ਧਾਰਾ ਦੀ ਉਪਧਾਰਾ 8 ਇਹ ਬੰਦਿਸ਼ ਲਾਉਂਦੀ ਹੈ ਕਿ ਉਪ ਧਾਰਾ 2 ਤਹਿਤ ਜਿੱਥੇ ਅਦਾਰੇ ਨੂੰ ਬੰਦ ਕੀਤਾ ਜਾਣਾ ਹੈ ਜਾਂ ਉਪਧਾਰਾ 3 ਤਹਿਤ ਬੰਦ ਕਰਨ ਦੀ ਇਜਾਜ਼ਤ ਦਿੱਤੀ ਗਈ ਹੋਵੇ, ਹਰੇਕ ਕਿਰਤੀ ਜੋ ਇਸ ਧਾਰਾ ਤਹਿਤ ਪ੍ਰਵਾਨਗੀ ਲਈ ਅਰਜ਼ੀ ਦੀ ਤਰੀਕ ਤੋਂ ਪਹਿਲਾਂ ਇਸ ਅਦਾਰੇ ਵਿੱਚ ਕੰਮ ਕਰਦਾ ਹੈ, ਉਹ ਕਿਰਤੀ ਮੁਆਵਜ਼ਾ ਹਾਸਲ ਕਰਨ ਦਾ ਹੱਕਦਾਰ ਹੋਵੇਗਾ ਜੋ ਨਿਰੰਤਰ ਸੇਵਾਵਾਂ ਦੇ ਹਰੇਕ ਮੁਕੰਮਲ ਵਰ੍ਹੇ ਲਈ 15 ਦਿਨਾਂ ਦੀ ਔਸਤਨ ਤਨਖ਼ਾਹ ਜਾਂ ਛੇ ਮਹੀਨੇ ਤੋਂ ਵੱਧ ਦਾ ਹਿੱਸਾ ਹੋਵੇ।

ਕਿਰਤੀਆਂ ਨੂੰ ਬਿਹਤਰ ਆਰਥਿਕ ਸੁਰੱਖਿਆ ਮੁਹੱਈਆ ਕਰਵਾਉਣ ਲਈ ਆਂਧਰਾ ਪ੍ਰਦੇਸ਼, ਹਰਿਆਣਾ, ਮੱਧ ਪ੍ਰਦੇਸ਼, ਮਹਾਂਰਾਸ਼ਟਰ, ਰਾਜਸਥਾਨ, ਉਤਰਾਖੰਡ ਅਤੇ ਉੱਤਰ ਪ੍ਰਦੇਸ਼ ਸਰਕਾਰ ਵੱਲੋਂ 25-ਓ ਦੇ ਸਬ ਸੈਕਸ਼ਨ 8 ਵਿੱਚ ਸੋਧ ਕਰਦੇ ਹੋਏ ਮੁਆਵਜ਼ੇ ਤੋਂ ਇਲਾਵਾ ਤਿੰਨ ਮਹੀਨੇ ਦੀ ਤਨਖਾਹ ਵਾਧੂ ਤੌਰ 'ਤੇ ਦਿੱਤੇ ਜਾਣ ਦਾ ਉਪਬੰਧ ਕੀਤਾ ਹੈ। ਵਿਭਾਗ ਵੱਲੋਂ ਮਹਿਸੂਸ ਕੀਤਾ ਜਾਂਦਾ ਹੈ ਕਿ ਇਸ ਨਾਲ ਅਦਾਰਾ ਬੰਦ ਹੋਣ ਦੀ ਸਥਿਤੀ ਵਿੱਚ ਕਿਰਤੀਆਂ ਨੂੰ ਵਧੇਰੇ ਆਰਥਿਕ ਸੁਰੱਖਿਆ ਮੁਹੱਈਆ ਕਰਵਾਈ ਜਾ ਸਕਦੀ ਹੈ। ਰਾਜਸਥਾਨ ਸਰਕਾਰ ਦੀ ਤਰਜ਼ 'ਤੇ ਧਾਰਾ 25-ਓ ਦੀ ਉਪ ਧਾਰਾ 8 ਵਿੱਚ ਸੋਧ ਕੀਤੀ ਗਈ।

## ਹਿੰਦੂਜਾ ਗਰੁੱਪ ਦਾ ਚੇਅਰਮੈਨ ਕੈਪਟਨ ਅਮਰਿੰਦਰਨੂੰ ਮਿਲਿਆ, ਪਰਾਲੀ ਸਾੜਨ ਦੀ ਸਮੱਸਿਆ ਦੇ ਹੱਲ ਦੀ ਕੀਤੀ ਪੇਸ਼ਕਸ਼



ਚੰਡੀਗੜ੍ਹ, 4 ਦਸੰਬਰ (ਪੋਸਟ ਬਿਊਰੋ)- ਹਿੰਦੂਜਾ ਗਰੁੱਪ ਨੇ ਬੁੱਧਵਾਰ ਨੂੰ ਪੰਜਾਬ ਵਿੱਚ ਪਰਾਲੀ ਸਾੜਨ ਦੀ ਸਮੱਸਿਆ ਨਾਲ ਨਿਪਟਣ ਵਾਸਤੇ ਸੂਬੇ ਵਿੱਚ ਖੇਤਾਂ ਵਿੱਚੋਂ ਪਰਾਲੀ ਨੂੰ ਈਥਾਨੋਲ ਪਲਾਂਟਾਂ ਦੀ ਵਰਤੋਂ ਲਈ ਚੁੱਕਣ ਲਈ ਪੇਸ਼ਕਸ਼ ਕੀਤੀ। ਇਹ ਪੇਸ਼ਕਸ਼ ਹਿੰਦੂਜਾ ਗਰੁੱਪ ਦੇ ਚੇਅਰਮੈਨ ਪ੍ਰਕਾਸ਼ ਹਿੰਦੂਜਾ ਅਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਚਾਲੇ ਹੋਈ ਮੀਟਿੰਗ ਦੌਰਾਨ ਕੀਤੀ ਗਈ। ਉਚ ਪੱਧਰੀ ਵਫਦ ਦੀ ਅਗਵਾਈ ਕਰ ਰਹੇ ਸ੍ਰੀ ਹਿੰਦੂਜਾ ਨੇ ਮੀਟਿੰਗ ਦੌਰਾਨ ਸੂਬੇ ਦੀ ਤਰੱਕੀ ਲਈ ਖੇਤੀਬਾੜੀ, ਟਰਾਂਸਪੋਰਟ, ਬੈਂਕਿੰਗ, ਹੈਲਥਕੇਅਰ ਤੇ ਆਟੋਮੋਬਾਈਲ ਖੇਤਰਾਂ ਵਿੱਚ ਨਿਵੇਸ਼ ਕਰਨ 'ਚ ਵੀ ਦਿਲਚਸਪੀ ਦਿਖਾਈ।

ਮੀਟਿੰਗ ਉਪਰੰਤ ਬੁਲਾਰੇ ਨੇ ਦੱਸਿਆ ਕਿ ਹਿੰਦੂਜਾ ਗਰੁੱਪ ਦੇ ਚੇਅਰਮੈਨ ਜੋ ਇਥੇ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਦੇ ਹਿੱਸੇ ਵਜੋਂ ਨਿਵੇਸ਼ ਦੇ ਮੌਕਿਆਂ ਬਾਰੇ ਵਿਚਾਰ ਚਰਚਾ ਕਰਨ ਆਏ ਸਨ, ਨੇ ਪਰਾਲੀ ਸਾੜਨ ਦੀ ਸਮੱਸਿਆ ਨਾਲ ਨਿਪਟਣ ਲਈ ਟਰਾਂਸਪੋਰਟ ਅਤੇ ਤਕਨਾਲੋਜੀ ਹੱਲ ਦੀ ਪੇਸ਼ਕਸ਼ ਕਰਦਿਆਂ ਕੈਪਟਨ ਅਮਰਿੰ-ਦਰ ਸਿੰਘ ਨੂੰ ਵਿਸ਼ਵਾਸ ਦਿਵਾਇਆ ਕਿ ਗਰੁੱਪ ਦੇ ਟਿੱਪਰ ਸਮੇਂ ਸਿਰ ਖੇਤਾਂ ਵਿੱਚੋਂ ਪਰਾਲੀ ਨੂੰ ਚੁੱਕ ਲਿਆ ਕਰਨਗੇ ਜਿਸ ਨਾਲ ਸੂਬਾ ਸਰਕਾਰ ਵੱਲੋਂ ਇਸ ਸਮੱਸਿਆ ਤੋਂ ਨਿਜਾਤ ਦਿਵਾਉਣ ਦੀਆਂ ਕੋਸ਼ਿਸ਼ਾਂ ਨੂੰ ਬਲ ਮਿਲੇਗਾ। ਮੁੱਖ ਮੰਤਰੀ ਨੇ ਮੁੱਖ ਪ੍ਰਮੁੱਖ ਸਕੱਤਰ ਨੂੰ ਗਰੁੱਪ ਦੀ ਇਸ ਪੇਸ਼ਕਸ਼ 'ਤੇ ਗੌਰ ਕਰਨ ਨੂੰ ਕਿਹਾ ਹੈ।

ਸ੍ਰੀ ਹਿੰਦੂਜਾ ਨੇ ਕਿਹਾ ਕਿ ਉਨ੍ਹਾਂ ਦਾ ਗਰੁੱਪ ਬੇਰੁਜ਼ਗਾਰ ਨੌਜਵਾਨਾਂ, ਸੈਲਫ ਹੈਲਪ ਗਰੁੱਪਾਂ ਅਤੇ ਪ੍ਰਗਤੀਸ਼ੀਲ ਉਦਮੀਆਂ ਨੂੰ ਆਪਣੇ ਕਾਰੋਬਾਰ ਸ਼ੁਰੂ ਕਰਨ ਲਈ ਕਰਜ਼ੇ ਮੁਹੱਈਆ ਕਰਵਾਉਣ ਲਈ ਬੈਂਕਿੰਗ ਖੇਤਰ ਵਿੱਚ ਵੀ ਨਿਵੇਸ਼ ਕਰ ਸਕਦਾ ਹੈ। ਕੈਪਟਨ ਅਮਰਿੰਦਰ ਸਿੰਘ ਦੇ ਪ੍ਰਸਤਾਵ ਨੂੰ ਮੰਨਦਿਆਂ ਗਰੁੱਪ ਨੇ ਰੋਜ਼ਗਾਰ ਮਿਸ਼ਨ ਤਹਿਤ ਸੂਬਾ ਸਰਕਾਰ ਦੇ ਪ੍ਰਮੁੱਖ ਪ੍ਰੋਗਰਾਮ 'ਯਾਰੀ ਐਂਟਰਪ੍ਰਾਈਜਜ਼' ਨਾਲ ਹੱਥ ਮਿਲਾਉਣ ਦੀ ਸਹਿਮਤੀ ਦਿੱਤੀ ਜਿਸ ਰਾਹੀਂ ਬੱਸਾਂ ਚਲਾਉਣ ਲਈ ਹੁਨਰਮੰਦ ਡਰਾਈਵਰਾਂ ਨੂੰ ਸਸਤੇ ਕਰਜ਼ੇ ਮੁਹੱਈਆ ਕਰਵਾਏ ਜਾ ਸਕਣਗੇ। ਇਸ ਕੰਮ ਲਈ ਸੂਬਾ ਸਰਕਾਰ ਵੱਲੋਂ ਪਰਮਿਟ ਜਾਰੀ ਕੀਤੇ ਜਾਂਦੇ ਹਨ।

ਸ੍ਰੀ ਹਿੰਦੂਜਾ ਨੇ ਕਿਹਾ ਕਿ ਗਰੁੱਪ ਸੂਬਾ ਸਰਕਾਰ ਤੇ ਇਜ਼ਰਾਇਲੀ ਕੰਪਨੀਆਂ ਨਾਲ ਵੀ ਹਿੱਸੇਦਾਰੀ ਪਾਉਣ ਦਾ ਇਛੁੱਕ ਹੈ ਤਾਂ ਜੋ ਫਲ ਉਤਪਾਦਾਂ ਦੀ ਗੁਣਵੱਤਾ ਨੂੰ ਕੌਮਾਂਤਰੀ ਮਾਪਦੰਡਾਂ ਤੱਕ ਵਧਾਉਣ ਲਈ ਵਧੀਆ ਤਕਨੀਕ ਦੀ ਵਰਤੋਂ ਕੀਤੀ ਜਾ ਸਕੇ ਅਤੇ ਮੁਨਾਫਿਆਂ ਦੀ ਵੰਡ ਦੇ ਆਧਾਰ 'ਤੇ ਸਾਂਝੇ ਉਦਮ ਰਾਹੀਂ ਇਸ ਦਾ ਨਿਰਯਾਤ ਕੀਤਾ ਜਾ ਸਕੇ। ਉਨ੍ਹਾਂ ਪੰਜਾਬ ਸਰਕਾਰ ਨਾਲ ਮਿਲ ਕੇ ਨਿੱਜੀ ਜਨਤਕ ਭਾਈਵਾਲੀ ਦੇ ਆਧਾਰ 'ਤੇ ਅਸ਼ੋਕਾ ਲੇਅਲੈਂਡ ਗਰੁੱਪ ਦਾ ਨਿਰਮਾਣ ਯੂਨਿਟ ਲਗਾਉਣ ਅਤੇ ਸੂਬੇ ਵਿੱਚ ਹੁਨਰ ਵਿਕਾਸ ਤੇ ਰੋਜ਼ਗਾਰ ਉਤਪਤੀ ਲਈ ਡਰਾਈਵਿੰਗ ਸਕੂਲ ਦਾ ਵੀ ਪ੍ਰਸਤਾਵ ਦਿੱਤਾ।

ਮੁੱਖ ਮੰਤਰੀ ਵੱਲੋਂ ਸੂਬੇ ਵਿੱਚ ਬੁਨਿਆਦੀ ਢਾਂਚਾ ਮਜ਼ਬੂਤ ਕਰਨ, ਵੱਡੇ ਸੁਧਾਰਾਂ ਨੂੰ ਲਿਆਉਣ ਅਤੇ ਪਰਵਾਸੀ ਭਾਰਤੀਆਂ ਨੂੰ ਪੰਜਾਬ ਵਿੱਚ ਨਿਵੇਸ਼ ਕਰਨ ਲਈ ਉਤਸ਼ਾਹਤ ਕਰਨ ਦੀਆਂ ਕੋਸ਼ਿਸ਼ਾਂ ਦੀ ਸਲਾਹੁਤਾ ਕਰਦਿਆਂ ਸ੍ਰੀ ਹਿੰਦੂਜਾ ਨੇ ਪਹਿਲੀ ਅਪਰੈਲ ਤੋਂ ਲਾਗੂ ਹੋਣ ਵਾਲੇ ਬੀ.ਐਸ.-4 ਦੇ ਨਿਯਮਾਂ ਅਨੁਸਾਰ ਪੁਰਾਣੇ ਵਾਹਨਾਂ ਤੋਂ ਵੱਧ ਰਹੇ ਪ੍ਰਦੂਸ਼ਣ ਦੇ ਪੱਧਰਾਂ ਨੂੰ ਰੋਕਣ ਲਈ ਨੀਤੀਗਤ ਦਖਲਅੰਦਾਜ਼ੀ ਦਾ ਵੀ ਸੁਝਾਅ ਦਿੱਤਾ।

ਸੂਬੇ ਵਿੱਚ ਗਰੁੱਪ ਦੇ ਨਵੇਂ ਪ੍ਰਾਜੈਕਟ ਸਥਾਪਤ ਕਰਨ ਵਿੱਚ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿਵਾਉਂਦਿਆਂ ਮੁੱਖ ਮੰਤਰੀ ਨੇ ਕਪੂਰਥਲਾ ਜ਼ਿਲੇ ਵਿੱਚ ਆਟੋ ਪਾਰਕ ਸਥਾਪਤ ਕਰਨ ਦੀ ਤਜਵੀਜ਼ ਪੇਸ਼ ਕੀਤੀ ਜਿਸ ਦੀ ਰੂਪ-ਰੇਖਾ ਨੂੰ ਥੋੜੇ ਸਮੇਂ ਵਿੱਚ ਅੰਤਿਮ ਰੂਪ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਸੈਲਫ ਹੈਲਪ ਗਰੁੱਪਾਂ ਅਤੇ ਨੌਜਵਾਨ ਉਦਮੀਆਂ ਨੂੰ ਆਪਣੇ ਕਾਰੋਬਾਰ ਸਥਾਪਤ ਕਰਨ ਲਈ ਕਰਜ਼ੇ ਮੁਹੱਈਆ ਕਰਵਾਉਣ ਦੀ ਗਰੁੱਪ ਦੀ ਪਹਿਲ ਦੀ ਸ਼ਲਾਘਾ ਕੀਤੀ।

## ਬਲਬੀਰ ਸਿੱਧੂ ਵਲੋਂ ਬੂਪ੍ਰਿਨੋਰਫਿਨ ਨਾਲੈਕਸੋਨ ਸਬੰਧੀ ਸਿਵਲ ਸਰਜਨਾਂ ਨੂੰ ਨਿਰਦੇਸ਼ ਜਾਰੀ

ਚੰਡੀਗੜ੍ਹ, 4 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਸ.ਬਲਬੀਰ ਸਿੰਘ ਸਿੱਧੂ ਨੇ ਸੂਬੇ ਦੇ ਸਾਰੇ ਸਿਵਲ ਸਰਜਨਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿਖੇ ਬੂਪ੍ਰਿਨੋਰਫਿਨ -ਨਾਲੈਕਸੋਨ ਦੀ ਖ਼ਰੀਦ ਅਤੇ ਵਰਤੋਂ ਦੀ ਨਿੱਜੀ ਤੌਰ 'ਤੇ ਜਾਂਚ ਕਰਨ ਅਤੇ ਇੱਕ ਹਫਤੇ ਵਿੱਚ ਆਪਣੇ ਸਬੰਧਤ ਜ਼ਿਲਿਆਂ ਦੀ ਰਿਪੋਰਟ ਜਮ੍ਹਾਂ ਕਰਵਾਉਣ ਲਈ ਨਿਰਦੇਸ਼ ਜਾਰੀ ਕੀਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਸਿਹਤ ਮੰਤਰੀ ਨੇ ਕਿਹਾ ਕਿ ਸਾਰੇ ਸਿਵਲ ਸਰਜਨਾਂ ਨੂੰ 3 ਮੈਂਬਰੀ ਕਮੇਟੀ ਬਣਾਉਣ ਲਈ ਹਦਾਇਤ ਕੀਤੀ ਹੈ ਜਿਸ ਵਿੱਚ 1 ਸਿਵਲ ਸਰਜਨ ਸਮੇਤ ਵਿਭਾਗ ਦੇ 2 ਸੀਨੀਅਰ ਅਧਿਕਾਰੀ ਸ਼ਾਮਲ ਹੋਣਗੇ। ਉਨ੍ਹਾਂ ਨੇ ਸਿਵਲ ਸਰਜਨਾਂ ਨੂੰ ਸੂਬਾ ਸਰਕਾਰ ਵਲੋਂ ਨਿਰਧਾਰਿਤ ਕੀਤੇ ਐਸ.ਓ.ਪੀ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਉਣ ਲਈ ਸਾਰੇ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਦੀ ਨਿੱਜੀ ਤੌਰ ਤੇ ਜਾਂਚ ਕਰਨ ਸਬੰਧੀ ਵੀ ਨਿਰਦੇਸ਼ ਦਿੱਤੇ ਹਨ।

ਸ. ਬਲਬੀਰ ਸਿੰਘ ਸਿੱਧੂ ਨੇ ਅੱਗੇ ਕਿਹਾ ਕਿ ਸਿਹਤ ਵਿਭਾਗ ਨੇ ਆਨਲਾਈਨ ਸਰਕਾਰੀ ਕੇਂਦਰੀ ਰਜਿਸਟਰੀ ਰਾਹੀ ਦਵਾਈਆਂ ਦੀ ਖਰੀਦੋ-ਫਰੋਖ਼ਤ ਦੀ ਨਿਗਰਾਨੀ ਕੀਤੀ ਹੈ। ਉਨ੍ਹਾਂ ਕਿਹਾ ਕਿ ਲਾਇਸੈਂਸ ਨਿਯਮਾਂ 2011 ਦੇ ਅਨੁਸਾਰ ਹਰ ਨਿੱਜੀ ਨਸ਼ਾ ਛਡਾਊ ਕੇਂਦਰ ਲਈ ਸਮੇਂ ਸਮੇਂ ਤੇ ਜਾਰੀ ਸਰਕਾਰੀ ਨਿਰਦੇਸ਼ਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਛੁਡਾਊ ਪ੍ਰੋਗਰਾਮ ਤਹਿਤ ਸ਼ਤ-ਪ੍ਰਤੀਸ਼ਤ ਪਾਰਦਰਸ਼ਤਾ ਲਿਆਉਣ ਲਈ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਨੂੰ ਆਪਣੇ ਦਸਤਾਵੇਜ਼ ਦਸਤੀ ਤੌਰ ਅਤੇ ਆਨਲਾਈਨ ਜਮ੍ਹਾਂ ਕਰਵਾਉਣ ਐਫ.ਡੀ.ਏ ਅਤੇ ਜ਼ਿਲ੍ਹਾ ਅਥਾਰਟੀ ਨੂੰ ਜਮ੍ਹਾ ਕਰਨਾਉਣਾ ਵੀ ਲਾਜ਼ਮੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ, ਐਫਡੀਏ (ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ) ਦੁਆਰਾ ਜਮ੍ਹਾ ਕੀਤੇ ਗਏ ਅੰਕੜਿਆਂ ਦੀ ਕਰਾਸ ਚੈਕਿੰਗ ਕੀਤੀ ਗਈ ਸੀ ਜਿੱਥੇ ਅੰਕੜਿਆਂ ਵਿੱਚ ਅੰਤਰ ਪਾਇਆ ਗਿਆ ਸੀ। ਉਨ੍ਹਾਂ ਕਿਹਾ ਕਿ 96 ਨਸ਼ਾ ਛੁਡਾਊ ਕੇਂਦਰਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜਾਂਚ ਉਪਰੰਤ ਗ਼ਲਤੀ ਕਰਨ ਵਾਲੇ ਕੇਂਦਰਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਮੰਤਰੀ ਨੇ ਅੱਗੇ ਕਿਹਾ ਕਿ ਸਰਕਾਰ ਨੇ 26 ਅਕਤੂਬਰ, 2019 ਨੂੰ ਓ.ਓ.ਏ.ਟੀ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਸੀ ਅਤੇ ਇਸ ਦੇ ਨਾਲ ਹੀ ਇੱਕ ਕੇਂਦਰੀ ਰਜਿਸਟਰੀ ਸਾੱਫਟਵੇਅਰ ਸਿਸਟਮ ਜੋ ਇੱਕ ਆਨਲਾਈਨ ਪੋਰਟਲ ਹੈ ਨੂੰ ਵੀ ਸ਼ੁਰੂ ਕੀਤਾ ਗਿਆ ਸੀ।





ਬਰਾੜ ਗਰਾਜ ਡੋਰ

ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install
Garage Door Openers

• ਕਾਲ ਕਰੋ: 416-357-4082 •

## ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣ ਲਈ ਮੰਤਰੀ ਮੰਡਲ ਵੱਲੋਂ 'ਪੰਜਾਬ ਜਲ ਨੇਮਬੰਦੀ ਅਤੇ ਵਿਕਾਸ ਅਥਾਰਟੀ' ਦੇ ਗਠਨ ਨੂੰ ਹਰੀ ਝੰਡੀ

ਚੰਡੀਗੜ੍ਹ, 4 ਦਸੰਬਰ (ਪੋਸਟ ਬਿਊਰੋ)- ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣ ਲਈ ਇਕ ਵੱਡਾ ਕਦਮ ਚੁੱਕਦਿਆਂ ਮੰਤਰੀ ਮੰਡਲ ਨੇ ਅੱਜ 'ਪੰਜਾਬ ਜਲ ਨੇਮਬੰਦੀ ਤੇ ਵਿਕਾਸ ਅਥਾਰਟੀ' ਦੀ ਸਿਰਜਣਾ ਨੂੰ ਪ੍ਰਵਾਨਗੀ ਦੇ ਦਿੱਤੀ। ਇਸ ਨਾਲ ਇਹ ਅਥਾਰਟੀ ਪਾਣੀ ਦੇ ਨਿਕਾਸ 'ਤੇ ਹਦਾਇਤਾਂ ਜਾਰੀ ਕਰਨ ਲਈ ਅਧਿਕਾਰਿਤ ਹੋਵੇਗੀ ਪਰ ਪੀਣ ਵਾਲੇ ਪਾਣੀ, ਘਰੇਲੂ ਅਤੇ ਖੇਤੀ ਮੰਤਵਾਂ ਲਈ ਵਰਤੇ ਜਾਂਦੇ ਪਾਣੀ ਦੀ ਨਿਕਾਸੀ 'ਤੇ ਕਿਸੇ ਤਰ੍ਹਾਂ ਦੀ ਰੋਕ ਜਾਂ ਦਰਾਂ ਲਾਉਣ ਲਈ ਅਧਿਕਾਰਿਤ ਨਹੀਂ ਹੋਵੇਗੀ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ ਪੰਜਾਬ ਵਾਟਰ ਰਿਸੋਰਸਿਜ਼ (ਮੈਨੇਜਮੈਂਟ ਤੇ ਰੈਗੂਲੇਸ਼ਨ) ਆਰਡੀਨੈਂਸ-2019 ਦੇ ਨਾਂ ਹੇਠ ਆਰਡੀਨੈਂਸ ਲਿਆਉਣ ਦਾ ਫੈਸਲਾ ਕੀਤਾ ਹੈ।

ਮੰਤਰੀ ਮੰਡਲ ਦੀ ਮੀਟਿੰਗ ਤੋਂ ਬਾਅਦ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਪ੍ਰਸਤਾਵਿਤ ਆਰਡੀਨੈਂਸ ਦਾ ਉਦੇਸ਼ ਸੂਬੇ ਦੇ ਜਲ ਸਰੋਤਾਂ ਦੇ ਪ੍ਰਬੰਧ ਅਤੇ ਨੇਮਬੰਦੀ ਨੂੰ ਸਮਝਦਾਰੀ, ਨਿਆਂਪੂਰਨ ਅਤੇ ਨਿਰੰਤਰ ਵਰਤੋਂ ਦੁਆਰਾ ਯਕੀਨੀ ਬਣਾਉਣਾ ਹੈ।

ਇਹ ਅਥਾਰਟੀ ਧਰਤੀ ਹੇਠਲੇ ਪਾਣੀ ਦੀ ਵਰਤੋਂ ਅਤੇ ਨਿਕਾਸ ਨਾਲ ਸਬੰਧਤ ਆਮ ਹਦਾਇਤਾਂ ਜਾਰੀ ਕਰਨ ਲਈ ਅਧਿਕਾਰਿਤ ਹੋਵੇਗੀ। ਇਸ ਤੋਂ ਇਲਾਵਾ ਸੂਬੇ ਵਿੱਚ ਨਹਿਰੀ ਸਿੰਚਾਈ ਸਮੇਤ ਸਾਰੇ ਜਲ ਸਰੋਤਾਂ ਦੀ ਵਰਤੋਂ ਸੁਚੱਜੇ ਢੰਗ ਨਾਲ ਕਰਨ ਨੂੰ ਯਕੀਨੀ ਬਣਾਏਗੀ। ਇਹ ਅਥਾਰਟੀ ਪਾਣੀ ਦੇ ਮੁੜ ਵਰਤੋਂ ਤੇ ਇਸ ਦੀ ਸੰਭਾਲ ਸਬੰਧੀ ਵੀ ਦਿਸ਼ਾ-ਨਿਰਦੇਸ਼ ਜਾਰੀ ਕਰੇਗੀ।

ਇਹ ਆਰਡੀਨੈਂਸ ਪੀਣ ਵਾਲੇ ਪਾਣੀ ਜਾਂ ਘਰੇਲੂ ਮੰਤਵਾਂ ਲਈ ਜ਼ਮੀਨੀ ਹੇਠਲੇ ਪਾਣੀ ਨੂੰ ਕੱਢਣ 'ਤੇ ਰੋਕ ਲਾਉਣ ਬਾਰੇ ਕੋਈ ਹਦਾਇਤਾਂ ਜਾਰੀ ਕਰਨ ਦੀ ਆਗਿਆ ਨਹੀਂ ਦਿੰਦਾ। ਪੀਣ ਵਾਲੇ ਪਾਣੀ, ਘਰੇਲੂ ਅਤੇ ਖੇਤੀ ਮੰਤਵਾਂ ਵਾਸਤੇ ਇਹ ਅਥਾਰਟੀ ਸੂਬਾ ਸਰਕਾਰ ਦੀ ਨੀਤੀ ਤਹਿਤ ਸੇਧ ਦੇਵੇਗੀ। ਹਾਲਾਂਕਿ ਉਦਯੋਗਾਂ ਅਤੇ ਵਪਾਰਕ ਵਰਤੋਂ ਲਈ ਪਾਣੀ ਦੇ ਰੇਟ ਤੈਅ ਕਰਨਾ ਵੀ ਲੋੜੀਂਦਾ ਹੋਵੇਗਾ।

ਅਥਾਰਟੀ ਨੂੰ ਉਸ ਦੇ ਹੁਕਮਾਂ ਜਾਂ ਹਦਾਇਤਾਂ ਦੀ ਪਾਲਣਾ ਨਾ ਕਰਨ 'ਤੇ ਵਿੱਤੀ ਦੰਡ ਲਾਉਣ ਦਾ ਅਧਿਕਾਰ ਹੋਵੇਗਾ। ਇਸ ਅਥਾਰਟੀ ਨੂੰ ਸਿਵਲ ਕੋਰਟ ਦੀਆਂ ਸ਼ਕਤੀਆਂ ਹਾਸਲ ਹੋਣਗੀਆਂ ਅਤੇ ਸਾਲਾਨਾ ਰਿਪੋਰਟ ਪੇਸ਼ ਕਰਨੀ ਲੋੜੀਂਦੀ ਹੋਵੇਗੀ ਜਿਸ ਨੂੰ ਸਰਕਾਰ ਵੱਲੋਂ ਸਦਨ ਵਿੱਚ ਰੱਖਿਆ ਜਾਵੇਗਾ।

ਮੌਜੂਦਾ ਅਤੇ ਭਵਿੱਖੀ ਪੀੜ੍ਹੀਆਂ ਦੀਆਂ ਲੋੜਾਂ ਦੀ ਪੂਰਤੀ ਲਈ ਪਾਣੀ ਦੇ ਸੀਮਤ ਸਾਧਨਾਂ ਦੇ ਲੰਮਾ ਸਮਾਂ ਵਰਤੋਂ ਕੀਤੇ ਜਾਣ ਨੂੰ ਯਕੀਨੀ ਬਣਾਉਣ ਦੀ ਲੋੜ ਨੂੰ ਦਰਸਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਚੁਣੌਤੀ ਨੂੰ ਯੋਗ ਕਾਨੂੰਨੀ ਪ੍ਰਕਿਰਿਆ ਰਾਹੀਂ ਆਰਥਿਕ ਤੇ ਸੁਚੱਜੇ ਢੰਗ ਨਾਲ ਸੂਬੇ ਦੇ ਜਲ ਸਰੋਤਾਂ ਦੇ ਪ੍ਰਬੰਧਨ ਤੇ ਸੰਭਾਲ ਲਈ ਢੰਗ-ਤਰੀਕਾ ਲੱਭਣਾ ਜ਼ਰੂਰੀ ਹੈ।

ਇਹ ਜ਼ਿਕਰਯੋਗ ਹੈ ਕਿ ਸੂਬਾ ਸਰਕਾਰ ਨੇ ਇਜ਼ਰਾਈਲ ਦੀ ਕੌਮੀ ਜਲ ਏਜੰਸੀ, ਮੇਕੋਰੋਟ ਨਾਲ ਪਹਿਲਾਂ ਹੀ ਇਕ ਸਮਝੌਤਾ ਸਹੀਬੰਧ ਕੀਤਾ ਹੈ ਤਾਂ ਕਿ ਸੂਬੇ ਦੇ ਜਲ ਵਸੀਲਿਆਂ ਦੀ ਪ੍ਰਭਾਵੀ ਤੇ ਟਿਕਾਊ ਵਰਤੋਂ ਵਾਸਤੇ ਇਕ ਵਿਆਪਕ ਯੋਜਨਾ ਤਿਆਰ ਕਰਨ ਲਈ ਸੂਬੇ ਦੀ ਮਦਦ ਕੀਤੀ ਜਾ ਸਕੇ।

ਇਹ ਪ੍ਰਸਤਾਵਿਤ ਅਥਾਰਟੀ ਇਕ ਚੇਅਰਪਰਸਨ 'ਤੇ ਆਧਾਰਤ ਹੋਵੇਗੀ ਜਿਸ ਲਈ ਪਾਣੀ ਦੇ ਖੇਤਰ ਵਿੱਚ ਬਿਹਤਰ ਤਜਰਬੇ ਅਤੇ ਯੋਗਤਾ ਰੱਖਣ ਦੇ ਨਾਲ-ਨਾਲ ਇਸ ਦੇ ਪ੍ਰਬੰਧਨ ਅਤੇ ਲੋਕ ਪ੍ਰਸ਼ਾਸਨ, ਕਾਨੂੰਨ ਅਤੇ ਆਰਥਿਕ ਖੇਤਰ ਵਿੱਚ ਪੂਰੀ ਸਮਝ ਰੱਖਣ ਵਾਲਾ ਵਿਅਕਤੀ ਹੋਵੇ। ਇਸ ਤੋਂ ਇਲਾਵਾ ਇਸ ਦੇ ਦੋ ਮੈਂਬਰ ਹੋਣਗੇ ਜੋ ਜਲ ਸਰੋਤਾਂ ਜਾਂ ਵਿੱਤ, ਕਾਨੂੰਨ, ਖੇਤੀਬਾੜੀ ਅਤੇ ਵਿੱਤ ਨਾਲ ਸਬੰਧਤ ਖੇਤਰਾਂ ਦੇ ਮਾਹਿਰ ਹੋਣਗੇ। ਪੰਜ ਮਾਹਿਰਾਂ 'ਤੇ ਆਧਾਰਿਤ ਇਕ ਸਲਾਹਕਾਰ ਕਮੇਟੀ ਹੋਵੇਗੀ ਜੋ ਲੋੜ ਪੈਣ 'ਤੇ ਅਥਾਰਟੀ ਨੂੰ ਉਸ ਦੇ ਕੰਮਕਾਜ ਵਿੱਚ ਸਹਾਇਤਾ ਮੁਹੱਈਆ ਕਰਾਏਗੀ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6



# ਸੰਪਾਦਕੀ

## ਉਂਟੇਰੀਓ ਅਧਿਆਪਕਾਂ ਦੀ ਹੜਤਾਲ, ਯੂਨੀਅਨ ਅਤੇ ਸਰਕਾਰ

ਕੱਲ ਉਂਟੇਰੀਓ ਭਰ ਵਿੱਚ 40,000 ਤੋਂ ਵੱਧ ਹਾਈ ਸਕੂਲ ਅਧਿਆਪਕ ਅਤੇ 15, 000 ਸੁਪੋਰਟ ਸਟਾਫ ਨੇ ਇੱਕ ਦਿਨ ਦੀ ਸੰਕੇਤਕ ਹੜਤਾਲ ਕਰਕੇ ਸਰਕਾਰ ਅਤੇ ਮਾਪਿਆਂ ਨੂੰ ਚੇਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਦਿਨ ਹੋਰ ਵੀ ਸਖ਼ਤ ਹੋ ਸਕਦੇ ਹਨ। ਉਂਟੇਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ ਦੇ ਸੱਦੇ ਉੱਤੇ ਦਿੱਤੀ ਗਈ ਹੜਤਾਲ ਵਿੱਚ ਸਿਰਫ਼ ਅਧਿਆਪਕ ਹੀ ਨਹੀਂ ਸਗੋਂ ਪ੍ਰਾਈਮਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਕੰਮ ਕਰਦੇ ਐਜੁਕੇਸ਼ਨ ਅਸਿਸਟੈਂਟ, 'ਅਰਲੀ ਚਾਈਲਡਹੁੱਡ ਐਜੁਕੇਟਰ'(Early Childhood Educators), ਚਾਈਲਡ ਐਂਡ ਯੂਥ ਵਰਕਰਜ਼, ਲੈਂਗੁਏਜ਼ ਅਤੇ ਇੰਪਲਾਇਮੈਂਟ ਸੇਵਾਵਾਂ ਵਿੱਚ ਕੰਮ ਕਰਦੇ ਮੁਲਾਜ਼ਮ ਵੀ ਸ਼ਾਮਲ ਹੁੰਦੇ ਹਨ ਜਿਹਨਾਂ ਨੂੰ ਸੁਪੋਰਟ ਸਟਾਫ ਕਿਹਾ ਜਾਂਦਾ ਹੈ। ਪਿਛਲੇ ਚਾਰ ਦਿਨ ਤੋਂ ਫੈਡਰੇਸ਼ਨ ਦੇ ਅਹੁਦੇਦਾਰ ਅਤੇ ਸਰਕਾਰ ਦੇ ਨੁਮਾਇੰਦੇ ਗੱਲਬਾਤ ਦੇ ਮੇਜ਼ ਦੁਆਲੇ ਬੈਠੇ ਰਹੇ ਹਨ ਅਤੇ ਜਾਣਕਾਰਾਂ ਦਾ ਖਿਆਲ ਹੈ ਕਿ ਮਸਲੇ ਦਾ ਹੱਲ ਨਾ ਹੋਣ ਪਿੱਛੇ ਦੋਵਾਂ ਧਿਰਾਂ ਵਿੱਚ ਪਾਈ ਜਾਂਦੀ ਗੈਰ-ਯਕੀਨੀ ਦੀ ਭਾਵਨਾ ਹੈ। ਅਧਿਆਪਕ ਸੋਚਦੇ ਹਨ ਕਿ ਸਰਕਾਰ ਉਹਨਾਂ ਦੇ ਬਣਦੇ ਹੱਕ ਦੇਣ ਲਈ ਤਿਆਰ ਨਹੀਂ ਅਤੇ ਸਰਕਾਰ ਦਾ ਸਟੈਂਡ ਹੈ ਕਿ ਇਹ ਲੋਕ ਬੇਵਜਹ ਟੱਕਰ ਲੈ ਰਹੇ ਹਨ।

ਸੈਕੰਡਰੀ ਸਕੂਲ ਅਧਿਆਪਕ ਫੈਡਰੇਸ਼ਨ ਦਾ 1997 ਤੋਂ ਬਾਅਦ ਹੜਤਾਲ ਉੱਤੇ ਜਾਣ ਦਾ ਇਹ ਪਹਿਲਾ ਮੌਕਾ ਹੈ, ਜਿਸ ਵੇਲੇ ਮਾਈਕ ਹੈਰਿਸ ਸਰਕਾਰ ਸੱਤਾ ਵਿੱਚ ਸੀ। ਸੁਆਲ ਉਠਾਇਆ ਜਾ ਸਕਦਾ ਹੈ ਕਿ ਕੀ ਨੌਕਰੀਆਂ ਅਤੇ ਸੇਵਾਵਾਂ ਵਿੱਚ ਕਟੌਤੀਆਂ ਕਰਕੇ ਵਰਤਮਾਨ ਕੰਜ਼ਰਵੇਟਿਵ ਸਰਕਾਰ ਮਾਈਕ ਹੈਰਿਸ ਵਾਲੇ ਰਾਹ ਤੁਰ ਰਹੀ ਹੈ? ਕੁੱਝ ਕੌੜੀਆਂ ਹਕੀਕਤਾਂ ਹਨ ਜਿਹਨਾਂ ਨੂੰ ਸਰਕਾਰ ਨੂੰ ਹਮਦਰਦੀ ਨਾਲ ਨਜਿੱਠ ਲਵੇ ਤਾਂ ਚੰਗਾ ਹੈ। ਮਿਸਾਲ ਵਜੋਂ Early Childhood Educators ਅਧਿਆਪਕਾਂ ਨਾਲ ਮਿਲ ਕੇ ਕੰਮ ਕਰਦੇ ਹਨ ਜਿਹਨਾਂ ਦੀ ਤਨਖਾਹ 19 ਡਾਲਰ ਪ੍ਰਤੀ ਘੰਟਾ ਦੇ ਹਿਸਾਬ ਨਾਲ ਆਰੰਭ ਹੁੰਦੀ ਹੈ। ਗਰਮੀ ਦੀਆਂ ਛੁੱਟੀਆਂ ਦੌਰਾਨ ਉਹਨਾਂ ਨੂੰ ਅਸਥਾਈ ਰੂਪ ਵਿੱਚ ਲੇਅ ਆਫ (Laid off) ਕਰ ਦਿੱਤਾ ਜਾਂਦਾ ਹੈ। ਮਕਾਨ ਦਾ ਕਿਰਾਇਆ, ਰੋਟੀ ਪਾਣੀ ਦੇ ਖਰਚੇ ਗਰਮੀ ਦੀਆਂ ਛੁੱਟੀਆਂ ਦੌਰਾਨ ਬੰਦ ਨਹੀਂ ਹੋ ਜਾਂਦੇ ਸਗੋਂ ਪਰਿਵਾਰਾਂ ਦੇ ਛੁੱਟੀਆਂ ਵਿੱਚ ਖਰਚੇ ਵੱਧਦੇ ਹਨ। ਅਜਿਹੇ ਮਸਲਿਆਂ ਨੂੰ ਪਹਿਲ ਦੇ ਆਧਾਰ ਉੱਤੇ ਮੁਕਾ ਲੈਣਾ ਚੰਗਾ ਹੋ ਸਕਦਾ ਹੈ।

ਕੋਈ ਸ਼ੱਕ ਨਹੀਂ ਕਿ ਕਿਸੇ ਵੀ ਕੰਜ਼ਰਵੇਟਿਵ ਸਰਕਾਰ ਲਈ ਯੂਨੀਅਨਾਂ ਸਿਰਦਰਦੀ ਬਣਦੀਆਂ ਹੁੰਦੀਆਂ ਹਨ ਅਤੇ ਅਧਿਆਪਕਾਂ ਦੀ ਵਰਤਮਾਨ ਹੜਤਾਲ ਕੋਈ ਅਪਵਾਦ ਨਹੀਂ ਹੈ। ਤਾਂ ਵੀ ਸੱਚ ਇਹ ਹੈ ਕਿ ਸਰਕਾਰ ਦਾ ਰੋਲ ਹਮੇਸ਼ਾ ਸ਼ਕਤੀਸਾਲੀ ਅਤੇ ਵੱਡਾ ਹੁੰਦਾ ਹੈ ਜਦੋਂ ਕਿ ਯੂਨੀਅਨ ਕੋਲ ਰੌਲਾ ਪਾਉਣ ਦੀ ਤਾਕਤ ਵੱਧ ਹੁੰਦੀ ਹੈ। ਸਰਕਾਰ ਨੂੰ ਯੂਨੀਅਨ ਦੇ 'ਰੌਲਾ ਪਾਉਣ ਵਾਲੇ' ਰੋਲ ਨੂੰ ਦੁਹਰਾਉਣ ਤੋਂ ਬਚਣਾ ਚਾਹੀਦਾ ਹੈ, ਜੋ ਕਿ ਕੀਤਾ ਨਹੀਂ ਜਾ ਰਿਹਾ। ਮਿਸਾਲ ਵਜੋਂ ਸਿੱਖਿਆ ਮੰਤਰੀ ਸਟੀਫਨ ਲੈਸੀ (Stephen Lecce) ਦਾ ਇਹ ਆਖਣਾ ਕਿ ਅਸੀਂ 200 ਦਿਨਾਂ ਤੋਂ ਵੱਧ ਅਰਸੇ ਤੋਂ ਗੱਲਬਾਤ ਕਰਦੇ ਆ ਰਹੇ ਹਾਂ ਪਰ ਯੂਨੀਅਨ ਗੱਲ ਨੂੰ ਕਿਸੇ ਤਣਪੱਤਣ ਨਹੀਂ ਲਾ ਰਹੀ ਸਥਿਤੀ ਨੂੰ ਦਰੁਸਤ ਕਰਨ ਦੀ ਥਾਂ ਖਰਾਬ ਕਰਦਾ ਹੈ। ਸਰਕਾਰ ਦਾ ਦੋਸ਼ ਹੈ ਕਿ ਯੂਨੀਅਨ ਦੀਆਂ ਗੈਰਵਾਜਬ ਮੰਗਾਂ ਨਾਲ ਖਜਾਨੇ ਉੱਤੇ 1.5 ਬਿਲੀਅਨ ਡਾਲਰ ਦਾ ਬੋਝ ਪਵੇਗਾ।

ਅਧਿਆਪਕਾਂ ਅਤੇ ਸਿਹਤ ਕਰਮਚਾਰੀਆਂ ਵੱਲੋਂ ਅਕਸਰ ਆਪਣੇ ਨਾਜ਼ੁਕ ਕਿੱਤੇ ਦਾ ਲਾਭ ਲੈਂਦੇ ਹੋਏ ਕਰੜੀਆਂ ਮੰਗਾਂ ਰੱਖੀਆਂ ਜਾਂਦੀਆਂ ਹਨ ਜੋ ਕਿ ਗਲਤ ਗੱਲ ਹੈ। ਸਰਕਾਰ ਲਈ ਇਹਨਾਂ ਨਾਲ ਗੱਲਬਾਤ ਨੂੰ ਰਾਜਦੂਤਕ ਦਾਅ ਪੇਚ ਵਰਤ ਕੇ ਨੇਪਰੇ ਚਾੜਨ ਦੀ ਲੋੜ ਹੁੰਦੀ ਹੈ। ਵਰਤਮਾਨ ਵਿੱਚ ਐਲੀਮੈਂਟਰੀ ਅਧਿਆਪਕ, ਕੈਥੋਲਿਕ ਸਕੂਲਾਂ ਦੇ ਸੈਕੰਡਰੀ ਅਤੇ ਐਲੀਮੈਂਟਰੀ ਅਧਿਆਪਕ ਅਤੇ ਫ੍ਰੈਂਚ ਭਾਸ਼ਾ ਦੇ ਅਧਿਆਪਕ ਸਰਕਾਰ ਨਾਲ ਆਪਣੇ ਇਕਰਾਰ ਨਾਮੇ ਸਹੀ ਕਰ ਰਹੇ ਹਨ ਪਰ ਮਾਹੌਲ ਅਜਿਹਾ ਬਣ ਚੁੱਕਾ ਹੈ ਕਿ ਕਿਸੇ ਵੀ ਵੇਲੇ ਅਧਿਆਪਕਾਂ ਦਾ ਕੋਈ ਵੀ ਗਰੁੱਪ ਹੜਤਾਲ ਉੱਤੇ ਜਾ ਸਕਦਾ ਹੈ। ਬੇਵਿਸ਼ਵਾਸ਼ੀ ਦੀ ਭਾਵਨਾ ਨੂੰ ਪੱਲੇ ਬੰਨ ਕੇ ਗੱਲਬਾਤ ਕਰ ਰਹੀਆਂ ਦੋਵੇਂ ਧਿਰਾਂ (ਅਧਿਆਪਕ ਅਤੇ ਸਰਕਾਰ) ਦਾਅਵਾ ਕਰ ਰਹੀਆਂ ਹਨ ਕਿ ਉਹ ਮਾਪਿਆਂ ਅਤੇ ਵਿੱਦਿਆਰਥੀਆਂ ਦੇ ਹਿੱਤ ਵਿੱਚ ਕੰਮ ਕਰਨ ਲਈ ਵਚਨਬੱਧ ਹਨ। ਹਕੀਕਤ ਵਿੱਚ ਹੜਤਾਲ ਐਕਸ਼ਨ ਨਾਲ ਸਿਰਫ਼ ਪੜਾਈ ਦਾ ਨੁਕਸਾਨ ਨਹੀਂ ਹੁੰਦਾ ਸਗੋਂ ਵਿੱਦਿਆਰਥੀਆਂ ਦਾ ਮਨੋਬਲ ਵੀ ਥੱਲੇ ਡਿੱਗਦਾ ਹੈ ਜਿਸ ਨਾਲ ਬੱਚਿਆਂ ਦੀ ਪੜਾਈ ਵਿੱਚ ਰੁਚੀ ਦਾ ਵਿਕਾਸ ਨਹੀਂ ਹੁੰਦਾ। ਉਂਟੇਰੀਓ ਦਾ ਸ਼ਾਇਦ ਹੀ ਕੋਈ ਵਸਨੀਕ ਹੋਵੇਗਾ ਜੋ ਚਾਹੁੰਦਾ ਹੋਵੇਗਾ ਕਿ ਸਰਕਾਰ ਬਿਨਾ ਵਜਹ ਅਧਿਆਪਕਾਂ ਨੂੰ ਚੁੱਕ ਕੇ ਡਾਲਰਾਂ ਦੇ ਗੱਫੇ ਦੇ ਦੇਵੇ ਪਰ ਉਹਨਾਂ ਦੀਆਂ ਜਾਇਜ਼ ਮੰਗਾਂ ਨੂੰ ਮੰਨਣਾ ਅਤੇ ਮੰਨਣ ਦੀ ਪ੍ਰਕਿਰਿਆ ਵਿੱਚ ਸਹੀ ਸ਼ਬਦਾਵਲੀ ਦੀ ਵਰਤੋਂ ਵਰਗੀਆਂ ਗੱਲਾਂ ਦੂਰ-ਰਸ ਸਿੱਟੇ ਦੇ ਸਕਦੀਆਂ ਹਨ।

## ਟਰੂਡੋ ਨੇ ਆਪਣੀਆਂ ਟਿੱਪਣੀਆਂ ਲਈ ਨਹੀਂ ਮੰਗੀ ਮੁਆਫੀ

...ਪੰਨਾ 1 ਦਾ ਬਾਕੀ

ਇਹ ਟਿੱਪਣੀਆਂ ਕਰਨ ਤੋਂ ਬਾਅਦ ਟਰੰਪ ਨੂੰ ਲੱਗਿਆ ਸੀ ਕਿ ਉਸ ਨੂੰ ਰਿਕਾਰਡ ਨਹੀਂ ਕੀਤਾ ਜਾ ਰਿਹਾ ਪਰ ਅਸਲ ਵਿੱਚ ਉਨ੍ਹਾਂ ਦੀਆਂ ਗੱਲਾਂ ਰਿਕਾਰਡ ਕੀਤੀਆਂ ਜਾ ਰਹੀਆਂ ਸਨ। ਰਿਕਾਰਡਿੰਗ ਵਿੱਚ ਟਰੰਪ ਆਖ ਰਹੇ ਹਨ ਕਿ ਉਹ ਬਹੁਤ ਹੀ ਮਜ਼ੇਦਾਰ ਗੱਲ ਸੀ ਜਦੋਂ ਉਨ੍ਹਾਂ ਵੱਲੋਂ ਟਰੂਡੋ ਨੂੰ ਦੋਮੂੰਹਾਂ ਆਖਿਆ ਗਿਆ। ਟਰੂਡੋ ਕੋਲ ਪਹੁੰਚੀ ਕੈਂਡਿਡ ਵੀਡੀਓ ਵਿੱਚ ਪ੍ਰਧਾਨ ਮੰਤਰੀ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਨ, ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ, ਡੱਚ ਪ੍ਰਧਾਨ ਮੰਤਰੀ ਮਾਰਕ ਰੁੱਟੇ ਤੇ ਮਹਾਰਾਣੀ ਦੀ ਧੀ ਪ੍ਰਿੰਸੈੱਸ ਐਨੇ ਨਾਲ ਗੱਲ ਕਰ ਰਹੇ ਸਨ। ਮੰਗਲਵਾਰ ਰਾਤ ਨੂੰ ਬਕਿੰਘਮ ਪੈਲੇਸ ਵਿੱਚ ਰੱਖੀ ਗਈ ਰਿਸੈਪਸ਼ਨ ਦੌਰਾਨ ਇਹ ਵੀਡੀਓ ਲਈ ਗਈ ਜਿਸ ਵਿੱਚ ਜੌਹਨਸਨ ਮੈਕਰੌਨ ਨੂੰ ਪੁੱਛ ਰਹੇ ਹਨ ਕਿ ਉਹ ਲੇਟ ਕਿਉਂ ਹਨ। ਬਦਲੇ ਵਿੱਚ ਟਰੂਡੋ ਵੱਲੋਂ ਇਹ ਆਖਿਆ ਗਿਆ ਕਿ ਉਹ ਇਸ ਲਈ ਲੇਟ ਹਨ ਕਿਉਂਕਿ ਉਨ੍ਹਾਂ ਵੱਲੋਂ 40 ਮਿੰਟ ਵਾਲੀ ਪ੍ਰੈੱਸ ਕਾਨਫਰੰਸ ਰੱਖੀ ਗਈ ਸੀ। ਹਾਲਾਂਕਿ ਰਾਸ਼ਟਰਪਤੀ ਟਰੰਪ ਦੇ ਨਾਂ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ ਗਿਆ ਹੈ। ਪਰ ਟਰੰਪ ਨੂੰ ਟਰੂਡੋ, ਮੈਕਰੌਨ ਤੇ ਨਾਟੋ ਦੇ ਸਕੱਤਰ ਜਨਰਲ ਜੈਨਜ਼ ਸਟੋਲਟਨਬਰਗ ਨਾਲ ਮੁਲਾਕਾਤ ਤੋਂ ਪਹਿਲਾਂ ਰੱਖੀ ਗਈ ਗੈਰਨਿਰਧਾਰਤ ਨਿਊਜ਼ ਕਾਨਫਰੰਸ ਦੌਰਾਨ ਕਾਫੀ ਸਵਾਲ ਪੁੱਛੇ ਗਏ। ਇਸ ਸੱਭ ਦੇ ਬਾਵਜੂਦ ਟਰੂਡੋ ਨੇ ਆਪਣੀ ਨਿਊਜ਼ ਕਾਨਫਰੰਸ ਵਿੱਚ ਆਖਿਆ ਕਿ ਅਮਰੀਕਾ ਨਾਲ ਸਾਡੇ ਸਬੰਧ ਬਹੁਤ ਵਧੀਆ ਹਨ। ਉਨ੍ਹਾਂ ਕਿਸੇ ਦੀ ਵੀ ਕੋਈ ਨੁਕਤਾਚੀਨੀ ਨਹੀਂ ਕੀਤੀ।

## ਸਕੂਲ ਜੋਨਜ਼ ਵਿੱਚ ਫੋਟੋ ਰਡਾਰ ਕੈਮਰੇ ਲਾਉਣ ਸਬੰਧੀ ਮਤਾ ਪਾਸ

...ਪੰਨਾ 1 ਦਾ ਬਾਕੀ

ਨੁਕਸਾਨ ਹੋ ਸਕਦਾ ਹੈ। ਬੋਅਮੈਨ ਦਾ ਕਹਿਣਾ ਹੈ ਕਿ ਹੁਣ ਜਦੋਂ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਮਿਉਂਸਪੈਲੇਟੀਜ਼ ਨੂੰ ਸੁਰੱਖਿਅਤ ਢੰਗ ਨਾਲ ਆਪਣਾ ਕੰਮਕਾਜ ਕਰਨ ਲਈ ਖੁੱਲ੍ਹ ਮਿਲ ਗਈ ਹੈ ਤਾਂ ਇਹ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਸਾਡੀਆਂ ਕਮਿਊਨਿਟੀਜ਼ ਨੂੰ ਸੁਰੱਖਿਅਤ ਬਣਾਉਣ ਲਈ ਅਸੀਂ ਮੌਕੇ ਦਾ ਫਾਇਦਾ ਉਠਾਈਏ। ਜ਼ਿਕਰਯੋਗ ਹੈ ਕਿ 29 ਨਵੰਬਰ, 2019 ਨੂੰ ਓਨਟਾਰੀਓ ਦੇ ਟਰਾਂਸਪੋਰਟੇਸ਼ਨ ਮੰਤਰਾਲੇ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਸੀ ਕਿ ਸੇਫਰ ਸਕੂਲ ਜੋਨਜ਼ ਐਕਟ ਤਹਿਤ ਉਨ੍ਹਾਂ ਵੱਲੋਂ ਸਿਟੀਜ਼ ਨੂੰ ਇਹ ਸ਼ਕਤੀ ਦਿੱਤੀ ਜਾ ਰਹੀ ਹੈ ਕਿ ਉਹ ਫੋਟੋ ਰਡਾਰ ਕੈਮਰੇ, ਡਿਟੈਕਟਰਜ਼ ਤੇ ਸਪੀਡ ਸਬੰਧੀ ਨਿਯਮਾਂ ਨੂੰ ਸਖਤੀ ਨਾਲ ਲਾਗੂ ਕਰਵਾਉਣ। ਪ੍ਰੋਵਿੰਸ ਨੇ ਇਹ ਵੀ ਆਖਿਆ ਕਿ ਮਿਊਂਸਪਲ ਸੜਕਾਂ ਉੱਤੇ ਰੋਡ ਸੇਫਟੀ ਵਿੱਚ ਸੁਧਾਰ ਕਰਨ ਲਈ ਕੀ ਕੀਤੇ ਜਾਣ ਦੀ ਲੋੜ ਹੈ ਇਹ ਯਕੀਨੀ ਬਣਾਉਣ ਵਾਸਤੇ ਮਿਊਂਸਪਲ ਸਰਕਾਰਾਂ ਕੋਲ ਸਾਰੇ ਅਖ਼ਤਿਆਰ ਹਨ।

ਬੋਅਮੈਨ ਨੇ ਆਖਿਆ ਕਿ ਉਨ੍ਹਾਂ ਆਪਣੇ ਮਤੇ ਵੱਚ ਮੇਅਰ ਤੇ ਕਾਊਂਸਲ ਦੇ ਮੈਂਬਰਾਂ ਤੋਂ ਇਹ ਮੰਗ ਕੀਤੀ ਹੈ ਕਿ ਉਹ ਓਨਟਾਰੀਓ ਦੇ ਅਟਾਰਨੀ ਜਨਰਲ ਨੂੰ ਇਹ ਦਰਖ਼ਾਸਤ ਭੇਜਣ ਕਿ ਫੋਟੋ ਰਡਾਰ ਸਿਸਟਮ ਲਾਉਣ ਤੇ 45 ਦਿਨਾਂ ਵਿੱਚ ਇਸ ਨੂੰ ਲਾਗੂ ਕਰਨ ਤੋਂ ਪਹਿਲਾਂ ਇਸ ਸਬੰਧ ਵਿੱਚ ਜਾਣਕਾਰੀ ਦੇਣ ਲਈ 90 ਦਿਨਾਂ ਵਾਸਤੇ ਵਾਰਨਿੰਗ ਸਾਈਨ ਲਗਾ ਕੇ ਰੱਖੇ ਜਾਣ ਤਾਂ ਕਿ ਬਰੈਂਪਟਨ ਜਲਦੀ ਇਸ ਉੱਤੇ ਕਾਰਵਾਈ ਕਰ ਸਕੇ। ਉਨ੍ਹਾਂ ਆਖਿਆ ਕਿ ਅਸੀਂ ਫੌਰੀ ਕਾਰਵਾਈ ਕਰ ਰਹੇ ਹਾਂ ਤੇ ਅਸੀਂ ਚਾਹੁੰਦੇ ਹਾਂ ਕਿ ਡਰਾਈਵਰ ਆਪਣੀ ਰਫਤਾਰ ਘਟਾ ਲੈਣ ਤੇ ਇਹ ਤਬਦੀਲੀ ਵੇਖਣ ਲਈ ਅਸੀਂ ਹੋਰ ਇੰਤਜ਼ਾਰ ਨਹੀਂ ਕਰਨਾ ਚਾਹੁੰਦੇ।

ਇਸ ਮਤੇ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਤੇ ਸਿਟੀ ਸਟਾਫ ਆਪਣੀਆਂ ਸਿਫਾਰਸ਼ਾਂ ਤੇ ਇਸ ਪਲੈਨ ਨੂੰ ਲਾਗੂ ਕਰਨ ਬਾਰੇ ਯੋਜਨਾ ਲੈ ਕੇ 2020 ਦੇ ਸ਼ੁਰੂ ਵਿੱਚ ਰਿਪੋਰਟ ਕਰੇਗਾ। ਇਸ ਦੇ ਨਾਲ ਹੀ ਇਸ ਯੋਜਨਾ ਨੂੰ ਲਾਗੂ ਕਰਨ ਲਈ ਆਉਣ ਵਾਲੇ ਖਰਚੇ ਨੂੰ 2020 ਦੇ ਬਜਟ ਵਿੱਚ ਸ਼ਾਮਲ ਕੀਤਾ ਜਾਵੇਗਾ।

## ਟਰੈਵਲ, ਮੀਲਜ਼ ਤੇ ਮੇਜ਼ਬਾਨੀ ਵਿੱਚ ਕਟੌਤੀਆਂ ਰਾਹੀਂ ਓਨਟਾਰੀਓ ਨੇ ਕੀਤੀ 25 ਮਿਲੀਅਨ ਡਾਲਰ ਦੀ ਬਚਤ

...ਪੰਨਾ 1 ਦਾ ਬਾਕੀ

ਜਾ ਪਹੁੰਚਿਆ ਹੈ। 2017-18 ਤੋਂ 2018-19 ਦਰਮਿਆਨ ਅਕਮੋਡੇਸ਼ਨ ਉੱਤੇ ਕੀਤਾ ਜਾਣ ਵਾਲਾ ਖਰਚਾ 9 ਮਿਲੀਅਨ ਡਾਲਰ ਘਟਿਆ ਹੈ, ਹਵਾਈ ਸਫਰ ਵਿੱਚ 7 ਮਿਲੀਅਨ ਡਾਲਰ ਨਾਲ ਕਟੌਤੀ ਹੋਈ ਹੈ ਤੇ ਮੇਜ਼ਬਾਨੀ ਉੱਤੇ ਕੀਤੇ ਜਾਣ ਵਾਲੇ ਖਰਚੇ ਵਿੱਚ ਇੱਕ ਮਿਲੀਅਨ ਡਾਲਰ ਦੀ ਕਮੀ ਦਰਜ ਕੀਤੀ ਗਈ ਹੈ।

ਖਜ਼ਾਨਾ ਬੋਰਡ ਦੇ ਪ੍ਰੈਜ਼ੀਡੈਂਟ ਪੀਟਰ ਬੈਥਲਨਫਾਲਵੀ ਨੇ ਆਖਿਆ ਕਿ ਸਾਡੀ ਸਰਕਾਰ ਸਮਾਰਟ ਸਰਕਾਰ ਦੇ ਨਿਰਮਾਣ ਲਈ ਵਚਨਬੱਧ ਹੈ, ਜੋ ਕਿ ਟੈਕਸਦਾਤਾਵਾਂ ਦੇ ਡਾਲਰਜ਼ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਤੇ ਸਹੀ ਥਾਂ ਉੱਤੇ ਖਰਚ ਸਕੇ। ਉਨ੍ਹਾਂ ਆਖਿਆ ਕਿ ਜਦੋਂ ਪਰਿਵਾਰਾਂ ਨੇ ਆਪਣਾ ਖਰਚਾ ਸੀਮਤ ਬਜਟ ਦੇ ਹਿਸਾਬ ਨਾਲ ਚਲਾਉਣਾ ਹੁੰਦਾ ਹੈ ਤਾਂ ਉਨ੍ਹਾਂ ਨੂੰ ਹੱਥ ਘੁੱਟਣਾ ਹੀ ਪੈਂਦਾ ਹੈ ਤੇ ਇਸੇ ਤਰ੍ਹਾਂ ਸਰਕਾਰ ਨੂੰ ਆਪਣੇ ਖਰਚਿਆਂ ਵਾਸਤੇ ਇਹ ਨਿਯਮ ਲਾਗੂ ਕਰਨਾ ਚਾਹੀਦਾ ਹੈ।

ਜਿਨ੍ਹਾਂ ਹੋਰਨਾਂ ਖਰਚਿਆਂ ਉੱਤੇ ਸਰਕਾਰ ਵੱਲੋਂ ਪਾਬੰਦੀ ਲਾਈ ਗਈ ਹੈ ਉਹ ਹੇਠ ਲਿਖੇ ਅਨੁਸਾਰ ਹਨ :

- 2018 ਦੇ ਮੱਧ ਤੋਂ ਕੈਬਨਿਟ ਤੇ ਕਮੇਟੀ ਦੀਆਂ ਮੀਟਿੰਗਾਂ ਲਈ ਕੇਟਰਿੰਗ ਰੱਦ ਕਰਕੇ ਸਰਕਾਰ ਨੇ 77,000 ਡਾਲਰ ਦੀ ਬਚਤ ਕੀਤੀ
- ਵਿਅਕਤੀਗਤ ਤੌਰ ਉੱਤੇ ਮੀਟਿੰਗਾਂ ਅਟੈਂਡ ਕਰਨ ਦੀ ਥਾਂ ਉੱਤੇ ਵੀਡੀਓ ਕਾਨਫਰੰਸਿੰਗ ਨਾਲ ਅੰਦਾਜ਼ਨ 40,000 ਡਾਲਰ ਦੀ ਬਚਤ ਕੀਤੀ ਗਈ
- ਬਜਟ ਡੇਅ ਉੱਤੇ ਵੱਡੀ ਪੱਧਰ ਉੱਤੇ ਲੰਚ ਕਰਵਾਉਣ ਦੀ ਥਾਂ ਪਿਜ਼ਾ ਲੰਚ ਕਰਵਾਉਣ ਨਾਲ ਕੇਟਰਿੰਗ ਦੀ ਕੌਸਟ ਘੱਟ ਕੇ ਅੱਧੀ ਰਹਿ ਗਈ।

ਬੈਥਲਨਫਾਲਵੀ ਨੇ ਇਹ ਐਲਾਨ ਵੀ ਕੀਤਾ ਕਿ ਸਰਕਾਰ ਵੱਲੋਂ ਟਰੈਵਲ, ਮੀਡੀਆ ਤੇ ਮੇਜ਼ਬਾਨੀ ਸਬੰਧੀ ਖਰਚਿਆਂ ਬਾਰੇ ਨਿਯਮਾਂ ਨੂੰ ਵੀ ਅਪਡੇਟ ਕੀਤਾ ਗਿਆ ਹੈ। ਇਹ ਸੱਭ ਨਰੀਖਣ, ਜਵਾਬਦੇਹੀ ਤੇ ਆਧੁਨਿਕ ਰੁਝਾਨਾਂ ਨੂੰ ਵਧਾਉਣ ਲਈ ਕੀਤਾ ਜਾ ਰਿਹਾ ਹੈ। ਇਨ੍ਹਾਂ ਤਬਦੀਲੀਆਂ ਵਿੱਚ ਹੇਠ ਲਿਖੀਆਂ ਤਬਦੀਲੀਆਂ ਸ਼ਾਮਲ ਹਨ :

- ਇਕੌਨਮੀ ਜਾਂ ਕੋਚ ਦੀ ਥਾਂ ਉੱਤੇ ਏਅਰ ਤੇ ਰੇਲ ਸਫਰ ਲਈ ਉਪਲਬਧ ਸੱਭ ਤੋਂ ਘੱਟ ਭਾੜਾ ਯਕੀਨੀ ਬਣਾ ਕੇ
- ਸੜਕ ਰਾਹੀਂ ਸਫਰ ਕਰਨ ਲਈ ਘੱਟ ਖਰਚ ਵਾਲੇ ਬਦਲ ਤਲਾਸ਼ ਕੇ
- ਮਹਿੰਗੇ ਡਾਊਨਟਾਊਨ ਇਲਾਕਿਆਂ ਦੀ ਥਾਂ ਉੱਤੇ ਇਨ੍ਹਾਂ ਤੋਂ ਬਾਹਰਵਾਰ ਸਸਤੇ ਰਿਹਾਇਸ਼ੀ ਪ੍ਰਬੰਧ ਕਰਕੇ
- ਪ੍ਰਿੰਟ ਕੀਤੀਆਂ ਗਈਆਂ ਰਸੀਦਾਂ ਦੀ ਥਾਂ ਉੱਤੇ ਈ-ਰਸਿਪਟਸ ਜਾਂ ਸਕੈਨ ਕੀਤੀਆਂ ਗਈਆਂ ਰਸਿਪਟਸ ਸਵੀਕਾਰ ਕੇ ਇਨ੍ਹਾਂ ਨਿਯਮਾਂ ਨੂੰ ਅਪਡੇਟ ਤੇ ਆਧੁਨਿਕ ਰੂਪ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

## ਧੁੱਪ ਸੇਕ ਰਹੀ ਔਰਤ ਦੀ ਚੇਨ ਖੋਹੀ

ਚੰਡੀਗੜ੍ਹ, 4 ਦਸੰਬਰ (ਪੋਸਟ ਬਿਊਰੋ)- ਸੈਕਟਰ-40 'ਚ ਘਰ ਦੇ ਬਾਹਰ ਬੈਠ ਕੇ ਧੁੱਪ ਸੇਕ ਰਹੀ ਔਰਤ ਦੇ ਗਲੇ ਤੋਂ ਬਾਈਕ ਸਵਾਰ ਦੋ ਨੌਜਵਾਨ ਸੋਨੇ ਦੀ ਚੇਨ ਖੋਹ ਕੇ ਫਰਾਰ ਹੋ ਗਏ। ਔਰਤ ਸਨੈਚਰ ਪਿੱਛੇ ਦੌੜੀ, ਪਰ ਉਨ੍ਹਾਂ ਨੂੰ ਫੜਨ 'ਚ ਕਾਮਯਾਬ ਨਹੀਂ ਹੋ ਸਕੀ। ਔਰਤ ਨੇ ਸੂਚਨਾ ਪੁਲਸ ਨੂੰ ਦਿੱਤੀ। ਸੈਕਟਰ-39 ਥਾਣਾ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਸੈਕਟਰ-40 ਨਿਵਾਸੀ ਬਬੀਤਾ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕਰ ਲਿਆ ਹੈ। ਦੋਵੇਂ ਬਾਈਕ ਸਵਾਰ ਸਨੈਚਰ ਘਟਨਾ ਸਥਾਨ ਕੋਲ ਕੋਠੀ 'ਚ ਲੱਗੇ ਸੀ.ਸੀ.ਟੀ.ਵੀ. ਕੈਮਰੇ 'ਚ ਕੈਦ ਹੋ ਗਏ ਹਨ। ਦੋਵਾਂ ਨੇ ਹੈਲਮੈਟ ਪਹਿਨਿਆ ਹੋਇਆ ਸੀ। ਬਾਈਕ ਚਾਲਕ ਨੌਜਵਾਨ ਨੇ ਹਰੇ ਰੰਗ ਦੀ ਜੈਕੇਟ ਅਤੇ ਚੇਨ ਖੋਹਣ ਵਾਲਿਆਂ ਨੇ ਕਾਲੇ ਰੰਗ ਦੀ ਜੈਕੇਟ ਪਹਿਨੀ ਹੋਈ ਸੀ। ਸੀ.ਸੀ.ਟੀ.ਵੀ. ਕੈਮਰੇ 'ਚ ਸਨੈਚਰਾਂ ਦੇ ਚਿਹਰੇ ਸਾਫ਼ ਨਹੀਂ ਦਿਸ ਰਹੇ ਹਨ।

## 2 ਫਲਾਈਟਾਂ ਨੇ 3 ਘੰਟੇ ਦੇਰੀ ਨਾਲ ਭਰੀ ਉਡਾਨ

ਚੰਡੀਗੜ੍ਹ, 4 ਦਸੰਬਰ (ਪੋਸਟ ਬਿਊਰੋ)- ਪਾਇਲਟ ਦੀ ਕਮੀ ਦੇ ਚਲਦੇ ਗੋ ਏਅਰ ਦੀ ਚੰਡੀਗੜ੍ਹ ਤੋਂ ਦੂਸਰੀ ਮੰਜ਼ਲ ਨੂੰ ਆਪ੍ਰੇਟ ਹੋਣ ਵਾਲੀਆਂ ਫਲਾਈਟਾਂ ਅੱਜਕੱਲ੍ਹ ਲੇਟ ਹੋ ਰਹੀਆਂ ਹਨ। ਸੋਮਵਾਰ ਰਾਤ ਨੂੰ ਵੀ ਅਹਿਮਦਾਬਾਦ-ਚੰਡੀਗੜ੍ਹ ਫਲਾਈਟ ਰਾਤ 12:37 'ਤੇ ਆਈ ਅਤੇ ਦੇਰ ਰਾਤ ਡੇਢ ਵਜੇ ਰਵਾਨਾ ਹੋਈ। ਉਥੇ ਹੀ ਬੁੱਧਵਾਰ ਨੂੰ ਚੰਡੀਗੜ੍ਹ-ਸ਼੍ਰੀਨਗਰ ਫਲਾਈਟ ਤਿੰਨ ਘੰਟੇ ਦੇਰੀ ਨਾਲ ਦੁਪਹਿਰ 3:30 ਵਜੇ ਰਵਾਨਾ ਹੋਈ। ਇਸ ਤੋਂ ਇਲਾਵਾ ਚੰਡੀਗੜ੍ਹ ਤੋਂ ਅਹਿ-ਮਦਾਬਾਦ ਵਿਚਕਾਰ ਸ਼ਾਮ 4:30 ਵਜੇ ਆਪ੍ਰੇਟ ਹੋਣ ਵਾਲੀ ਫਲਾਈਟ ਵੀ ਤਿੰਨ ਘੰਟੇ ਦੇਰੀ ਨਾਲ ਸ਼ਾਮ 7:30 ਵਜੇ ਰਵਾਨਾ ਹੋਈ। ਗੋ ਏਅਰ ਦੇ ਬੁਲਾਰੇ ਅਨੁਸਾਰ ਪਾਇਲਟ ਦੀ ਕਮੀ ਹੁਣ ਦੂਰ ਹੋ ਗਈ ਹੈ। ਫਿਲਹਾਲ ਹੁਣ ਕਿਸੇ ਸੰਕਟ ਦੀ ਸੰਭਾਵਨਾ ਨਹੀਂ ਹੈ।

## ਨਰਿੰਦਰ ਮੋਦੀ ਸਰਕਾਰ ਵੱਲੋਂ ਨਾਗਰਿਕਤਾ ਸੋਧ ਬਿੱਲ ਨੂੰ ਮਨਜ਼ੂਰੀ



ਨਵੀਂ ਦਿੱਲੀ, 4 ਦਸੰਬਰ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਕੈਬਨਿਟ ਨੇ ਅੱਜ ਬੁੱਧਵਾਰ ਨੂੰ ਨਾਗਰਿਕਤਾ ਸੋਧ ਬਿੱਲ-2019 ਨੂੰ ਮਨਜ਼ੂਰੀ ਦੇ ਦਿੱਤੀ ਹੈ। ਏਜੰਸੀਆਂ ਵੱਲੋਂ ਇਹ ਜਾਣਕਾਰੀ ਦਿੱਤੇ ਜਾਣ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਬੁੱਧਵਾਰ ਸਵੇਰੇ ਇਸ ਬਿੱਲ ਬਾਰੇ ਮਿਜ਼ੋਰਮ ਦੇ ਮੁੱਖ ਮੰਤਰੀ ਸਮੇਤ ਪੂਰਬੀ ਉਤਰੀ ਰਾਜਾਂ ਦੇ ਕਈ ਆਗੂਆਂ ਅਤੇ ਵਰਕਰਾਂ ਨਾਲ ਬੈਠਕ ਕੀਤੀ ਸੀ।

ਮੰਤਰੀ ਮੰਡਲ ਦੀ ਮੀਟਿੰਗ ਪਿੱਛੋਂ ਅਸਾਮ ਦੇ ਵਿੱਤ ਮੰਤਰੀ ਹੇਮੰਤ ਬਿਸਵਾ ਸਰਮਾ ਨੇ ਕਿਹਾ ਕਿ ਇਸ ਬਿੱਲਬਾਰੇ ਭਰਮ ਦੀ ਸਥਿਤੀ ਦੂਰ ਕਰ ਦਿੱਤੀ ਗਈ ਹੈ।ਖਬਰ ਏਜੰਸੀ ਦੇ ਮੁਤਾਬਕ ਇਹ ਬਿੱਲ ਅਗਲੇ ਦੋ ਦਿਨਾਂ ਵਿਚ ਪਾਰਲੀਮੈਂਟ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਕੇਂਦਰੀ ਗ੍ਰਹਿ ਮੰਤਰੀ ਸ਼ਾਹ ਪਿਛਲੇ ਕੁਝ ਦਿਨਾਂ ਤੋਂਇਸ ਕੇਸ ਨਾਲ ਸੰਬੰਧਤ ਵੱਖ-ਵੱਖ ਧਿਰਾਂ ਨਾਲ ਇਸ ਮਸਲੇ ਉੱਤੇ ਮੀਟਿੰਗਾਂ ਕਰ ਰਹੇ ਹਨ, ਜਿਹੜੀਆਂ ਇੱਕ ਸੌ ਘੰਟੇ ਤੋਂਵੱਧ ਚੱਲੀਆਂ। ਬਿੱਲ ਦੇ ਵੱਖ-ਵੱਖ ਪੱਖਾਂ ਬਾਰੇ ਸ਼ਾਹ ਨੇ ਸਾਰੇ ਸੰਬੰਧਤ ਧਿਰਾਂ ਦੇ ਆਗੂਆਂ ਨਾਲ ਵਿਚਾਰ ਕੀਤੀ ਅਤੇ ਇਸ ਬਾਰੇ ਭਰਮ ਦੂਰ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਾਰਲੀਮੈਂਟਵਿੱਚ ਇਸ ਬਿੱਲ ਦੇ ਪਾਸ ਹੋਣ ਨਾਲ ਪਾਕਿਸਤਾਨ, ਬੰਗਲਾ ਦੇਸ਼ ਅਤੇ ਅਫ਼ਗਾਨਿਸਤਾਨ ਦੇ ਗੈਰ ਮੁਸਲਿਮ ਸ਼ਰਨਾਰਥੀ ਭਾਰਤ ਆਣ ਕੇ ਨਾਗਰਿਕਤਾ ਲੈ ਸਕਣਗੇ।

ਵਰਨਣ ਯੋਗ ਹੈ ਕਿ ਭਾਜਪਾ ਦੀ ਅਗਵਾਈ ਵਿਚ ਨਾਗਰਿਕਤਾ ਸੋਧ ਬਿੱਲ ਨੂੰ ਧਾਰਾ 370 ਹਟਾਉਣ ਵਰਗਾ ਇੱਕ ਹੋਰ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਏਸੇ ਲਈਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂਪਾਰਲੀਮੈਂਟ ਵਿਚ ਇਸਨੂੰ ਪੇਸ਼ ਕਰਨ ਵੇਲੇਸਭ ਪਾਰਟੀਆਂ ਦੇ ਪਾਰਲੀਮੈਂਟ ਮੈਂਬਰਾਂ ਨੂੰ ਓਥੇ ਮੌਜੂਦ ਰਹਿਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।

## ਬੱਬੂ ਮਾਨ ਦੇ ਅਖ਼ਾੜੇ ਦੌਰਾਨ ਵਿਆਹ ਵਿੱਚ ਚੱਲੀ ਗੋਲੀ ਨਾਲ ਦੋ ਮੌਤਾਂ



ਦੋਰਾਹਾ, 4 ਦਸੰਬਰ, (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਜੀਟੀ ਰੋਡ ਵਿਖੇ ਮੈਰਿਜ ਪੈਲੇਸ ਕਸ਼ਮੀਰ ਗਾਰਡਨ ਵਿੱਚ ਇੱਕ ਵਿਆਹ ਸਮਾਗਮ ਵਿੱਚ ਬੱਬੂ ਮਾਨ ਦੇ ਅਖਾੜੇ ਸਮੇਂ ਗੋਲੀ ਚੱਲਣ ਨਾਲ ਦੋ ਵਿਅਕਤੀਆਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਬੰਤ ਸਿੰਘ ਤੇ ਹਰਜੀਤ ਸਿੰਘ ਪਿੰਡ ਧਾਂਦਰਾ ਵਜੋਂ ਹੋਈ ਹੈ।

ਦੋਰਾਹਾ ਪੁਲਿਸ ਨੇ ਦੱਸਿਆ ਕਿ ਏਥੇ ਕਸ਼ਮੀਰ ਗਾਰਡਨ ਵਿੱਚ ਧਾਂਦਰਾ ਪਿੰਡ ਤੋਂ ਬਰਾਤ ਆਈ ਸੀ ਤੇਕੁੜੀ ਵਾਲੇ ਖਮਾਣੋਂ ਦੇ ਦੱਸੇ ਗਏ ਹਨ। ਵਿਆਹ ਵਿੱਚ ਬੱਬੂ ਮਾਨ ਦੇ ਚੱਲਦੇ ਅਖਾੜੇ ਦੌਰਾਨ ਕੁਝ ਨੌਜਵਾਨਾਂਦੀ ਆਪਸੀ ਤਕਰਾਰ ਸ਼ੁਰੂ ਹੋ ਗਈ ਤੇ ਵਿਵਾਦ ਏਨਾ ਵਧ ਗਿਆ ਕਿ ਇਕ ਨੌਜਵਾਨ ਨੇ ਰਿਵਾਲਵਰ ਤੋਂ ਗੋਲੀ ਚਲਾ ਦਿੱਤੀ। ਇਸ ਨਾਲ ਪੈਲੇਸ ਹਾਲ ਵਿੱਚਭਾਜੜ ਪੈ ਗਈ। ਸਕਿਓਰਟੀ ਗਾਰਡਾਂ ਨੇ ਗਾਇਕ ਬੱਬੂ ਮਾਨ ਨੂੰ ਸੁਰੱਖਿਅਤ ਬਾਹਰ ਕੱਢਿਆ। ਮੌਕੇ ਉੱਤੇਪਹੁੰਚੇ ਦੋਰਾਹਾ ਥਾਣਾ ਦੇ ਮੁਖੀ ਦਵਿੰਦਰਪਾਲ ਸਿੰਘ ਨੇ ਦੱਸਿਆ ਕਿ ਬਾਰਾਤਨਾਲ ਆਏ ਇੱਕ ਵਿਅਕਤੀ ਨੇ ਆਪਸੀ ਤਕਰਾਰਦੌਰਾਨ ਗੋ.ਲੀ ਚਲਾਈ ਸੀ, ਜਿਸ ਨਾਲ ਦੋ ਵਿਅਕਤੀਆਂ ਦੀ ਮੌਤ ਹੋ ਗਈ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ




Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

# ਨੀਮ ਹਕੀਮ ਖਤਰਾ-ਏ-ਜਾਨ

–ਜਗਮੀਤ ਸਿੰਘ ਪੰਧੇਰ



ਮੈਂ 1972-73 ਦੇ ਵਿਦਿਅਕ ਸੈਸ਼ਨ ਵਿੱਚ ਵਿਗਿਆਨ ਅਧਿਆਪਕ ਦੇ ਆਪਣੇ ਕਿੱਤੇ ਦੇ ਪਹਿਲੇ ਸਾਲ ਦੌਰਾਨ ਦਸਵੀਂ ਜਮਾਤ ਦੇ ਵਿਦਿਆਰਥੀਆਂ ਦਾ ਸਾਇੰਸ ਵਿਸ਼ੇ ਦਾ ਪ੍ਰੈਕਟੀਕਲ ਦਾ ਪੇਪਰ ਦਿਵਾ ਰਿਹਾ ਸੀ। ਪ੍ਰੀਖਿਅਕ ਕਾਫੀ ਸੀਨੀਅਰ ਅਧਿਆਪਕ ਸੀ। ਪਹਿਲੇ ਗਰੁੱਪ ਦਾ ਪ੍ਰੈਕਟੀਕਲ ਸ਼ੁਰੂ ਹੋਣ ਤੋਂ ਪਹਿਲਾਂ ਉਸ ਨੇ ਵਿਦਿਆਰਥੀਆਂ ਨੂੰ ਕੁਝ ਸਖਤ ਸ਼ਬਦਾਂ ਨਾਲ ਘੂਰ ਦਿੱਤਾ ਤੇ ਫਿਰ ਹਰ ਵਿਦਿਆਰਥੀ ਨੂੰ ਵੱਖਰੇ-ਵੱਖਰੇ ਪ੍ਰੈਕਟੀਕਲ ਅਲਾਟ ਕਰ ਕੇ ਪ੍ਰੈਕਟੀਕਲ ਕਾਪੀਆਂ ਆਪਣੇ ਕੋਲ ਰਖਵਾ ਲਈਆਂ। ਮੈਨੂੰ ਸੱਦ ਕੇ ਪੁੱਛਿਆ, ‘‘ਕਿਉਂ ਬਈ ਪ੍ਰੈਕਟੀਕਲ ਕਰਵਾਏ ਵੀ ਐ ਕਿ ਊਈ ਸਾਰ 'ਤਾ?’’

ਮੈਂ ਝੱਟ ਜਵਾਬ ਦਿੱਤਾ, ‘‘ਨਹੀਂ ਸਰ ਜੀ, ਸਾਰੇ ਪ੍ਰੈਕਟੀਕਲ ਇਨ੍ਹਾਂ ਨੇ ਆਪਣੇ ਹੱਥੀਂ ਆਪ ਕੀਤੇ ਹੋਏ ਐ।’’

‘‘ਅੱਛਾ! ਫਿਰ ਲੈ ਲਈਏ ਅਸਲੀ ਇਮਤਿਹਾਨ?’’ ਪ੍ਰੀਖਿਅਕ ਨੇ ਮੇਰੇ ਵੱਲ ਟੇਢਾ ਝਾਕਦਿਆਂ ਸਵਾਲ ਕੀਤਾ।

‘‘ਹਾਂ ਜੀ, ਜਿਵੇਂ ਮਰਜ਼ੀ ਲਵੋ ਪੇਪਰ। ਵਧੀਆ ਤਿਆਰੀ ਕਰਵਾਈ ਐ।’’ ਮੈਂ ਬੜੇ ਭਰੋਸੇ ਨਾਲ ਜਵਾਬ ਦਿੱਤਾ।

‘‘ਉਹ ਤਾਂ ਲੱਗ ਜਾਊ ਪਤਾ।’’ ਉਸ ਧੀਮੀ ਜਿਹੀ ਆਵਾਜ਼ ਵਿੱਚ ਕਿਹਾ, ਪਰ ਮੈਂ ਇਸ ਨੂੰ ਬਹੁਤਾ ਗੌਲਿਆ ਨਾ। ਕੋਈ ਸਹਾਇਕ ਨਹੀਂ ਸੀ। ਮੈਂ ਸਾਰੇ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਦਾ ਸਾਮਾਨ ਖੁਦ ਵੰਡ ਕੇ ਹਟਿਆ ਤਾਂ ਉਸ ਨੇ ਮੈਨੂੰ ਝੱਟ ਆਪਣੇ ਕੋਲ ਸੱਦ ਲਿਆ। ਮੈਨੂੰ ਮਹਿਸੂਸ ਹੋਇਆ ਕਿ ਪ੍ਰੀਖਿਆਕ ਨੂੰ ਮੇਰੇ 'ਤੇ ਸ਼ੱਕ ਹੈ ਕਿ ਮੈਂ ਕਿਸੇ ਬੱਚੇ ਦੀ ਮਦਦ ਨਾ ਕਰ ਦੇਵਾਂ। ਮੈਂ ਬੜਾ ਨਿਸ਼ਚਿੰਤ ਹੋ ਕੇ ਉਸ ਦੇ ਨਾਲ ਵਾਲੀ ਕੁਰਸੀ 'ਤੇ ਆ ਬੈਠਿਆ। ਥੋੜ੍ਹੀ ਬਹੁਤੀ ਵਾਕਫੀਅਤ ਕੀਤੀ।


ਕੁਝ ਸਮੇਂ ਬਾਅਦ ਇੱਕ ਵਿਦਿਆਰਥੀ ਨੇ ਹਲਕਾ ਨਮਕ ਦਾ ਤੇਜ਼ਾਬ ਮੰਗ ਲਿਆ। ਮੈਂ ਉਠਣ ਲੱਗਿਆ ਤਾਂ ਭਾਈ ਸਾਹਿਬ ਨੇ ਮਨ੍ਹਾ ਕਰ ਦਿੱਤਾ। ਤੇਜ਼ਾਬ ਦੀ ਘਣਤਾ ਘੱਟ ਕਰ ਕੇ ਦੇਣੀ ਸੀ। ਮੈਨੂੰ ਹੁਕਮ ਹੋਇਆ ਕਿ ਮੈਂ ਤੇਜ਼ਾਬ ਉਨ੍ਹਾਂ ਕੋਲ ਲਿਆਵਾਂ ਅਤੇ ਹਲਕਾ ਉਸ ਨੂੰ ਉਹ ਖੁਦ ਕਰਨਗੇ। ਮੈਂ ਤੇਜ਼ਾਬ ਵਾਲੀ ਬੋਤਲ ਅਤੇ ਪਾਣੀ ਲਿਆ ਕੇ ਰੱਖ ਦਿੱਤਾ। ਉਸ ਨੇ ਬੀਕਰ ਵਿੱਚ ਤੇਜ਼ਾਬ ਪਾ ਕੇ ਮੇਰੇ ਰੋਕਦੇ ਰੋਕਦੇ ਉਸ ਵਿੱਚ ਝੱਟ ਪਾਣੀ ਉਲੱਦ ਦਿੱਤਾ। ਦਰਅਸਲ ਤੇਜ਼ਾਬ ਨੂੰ ਹਲਕਾ ਕਰਨ ਲਈ ਉਸ ਨੂੰ ਹਮੇਸ਼ਾ ਪਾਣੀ ਵਿੱਚ ਬਹੁਤ ਹੌਲੀ ਹੌਲੀ ਹਿਲਾਉਂਦੇ ਹੋਏ ਪਾਉਣਾ ਹੁੰਦਾ ਹੈ। ਬੀਕਰ ਤੋਂ ਤੇਜ਼ਾਬ ਉਬਲ ਕੇ ਪ੍ਰੀਖਿਅਕ ਦੇ ਹੱਥ ਉਤੇ ਪੈ ਗਿਆ। ਮੈਂ ਝੱਟ ਉਠ ਕੇ ਅਮੋਨੀਆ (ਅਮੋਨੀਅਮ ਹਾਈਡ੍ਰੋਕਸਾਈਡ) ਚੁੱਕਣ ਲਈ ਭੱਜਿਆ ਤਾਂ ਕਿ ਉਸ ਦੇ ਹੱਥ 'ਤੇ ਤੇਜ਼ਾਬ ਦਾ ਅਸਰ ਘੱਟੋ ਘੱਟ ਹੋਵੇ। ਕਾਹਲੀ ਨਾਲ ਅਲਮਾਰੀ ਵਿੱਚ ਝੁਕ ਕੇ ਅਮੋਨੀਆ ਦੀ ਬੋਤਲ ਨੂੰ ਹੱਥ ਪਾਇਆ ਹੀ ਸੀ ਕਿ ਗਰਮੀ ਹੋਣ ਕਾਰਨ ਬੋਤਲ ਦਾ ਢੱਕਣ ਖੁੱਲ੍ਹ ਗਿਆ ਤੇ ਅਮੋਨੀਆ ਦਾ ਜ਼ੋਰਦਾਰ ਫੁਹਾਰਾ ਮੇਰੇ ਮੂੰਹ ਉਪਰ ਪੈ ਗਿਆ। ਸਾਰੀ ਪ੍ਰਯੋਗਸ਼ਾਲਾ ਵਿੱਚ ਇਕਦਮ ਗੈਸ ਫੈਲ ਗਈ। ਪ੍ਰੀਖਿਆ ਤੇ ਬੱਚੇ ਇਕਦਮ ਬਾਹਰ ਨੂੰ ਭੱਜੇ। ਮੈਂ ਵੀ ਪੂਰੇ ਜ਼ੋਰ ਨਾਲ ਦਰਵਾਜ਼ੇ ਵੱਲ ਭੱਜਾ, ਪਰ ਮੈਨੂੰ ਦਿਸਣੋਂ ਬੰਦ ਹੋ ਗਿਆ। ਇੱਕ ਕਬੱਡੀ ਖਿਡਾਰੀ ਵਿਦਿਆਰਥੀ ਨੇ ਝੱਟ ਮੇਰੀ ਬਾਂਹ ਫੜ ਕੇ ਬਾਹਰ ਖਿੱਚ ਲਿਆ। ਮੈਂ ਨਾ ਦੇਖ ਸਕਦਾ ਸੀ, ਨਾ ਬੋਲ ਸਕਦਾ ਸੀ ਅਤੇ ਸਾਹ ਵੀ ਔਖਾ ਆ ਰਿਹਾ ਸੀ। ਮੈਨੂੰ ਪ੍ਰੀਖਿਅਕ ਦੀ ਆਵਾਜ਼ ਸੁਣਾਈ ਦਿੱਤੀ। ਉਹ ਕਹਿ ਰਿਹਾ ਸੀ ਕਿ ਥੋੜ੍ਹਾ ਤੇਜ਼ਾਬ ਲਿਆ। ਮੈਂ ਸਮਝ ਗਿਆ ਅਤੇ ਇਸ਼ਾਰੇ ਨਾਲ ਮਨ੍ਹਾ ਕਰ ਦਿੱਤਾ। ਬਾਹਰ ਪਏ ਪਾਣੀ ਵਾਲੇ ਘੜੇ ਤੋਂ ਪਾਣੀ ਦੇ ਛਿੱਟੇ ਮਾਰਨ ਲਈ ਇਸ਼ਾਰਾ ਕੀਤਾ। ਲਗਾਤਾਰ ਪਾਣੀ ਪਾਉਣ ਨਾਲ ਮੈਨੂੰ ਕੁਝ ਰਾਹਤ ਮਹਿਸੂਸ ਹੋਈ। ਮੇਰਾ ਬੋਲ ਚੱਲ ਪਿਆ। ਕੁਝ ਹੋਰ ਅਧਿਆਪਕ ਵੀ ਆ ਗਏ। ਮੈਂ ਉਨ੍ਹਾਂ ਨੂੰ ਨਿੰਬੂ ਲਿਆਉਣ ਲਈ ਕਿਹਾ। ਔਖੇ ਸੌਖੇ ਨਿੰਬੂ ਵਾਲਾ ਪਾਣੀ ਪੀਤਾ।

ਸਕੂਲ ਬਸ ਅੱਡੇ ਦੇ ਕੋਲ ਸੀ। ਸਾਥੀ ਅਧਿਆਪਕਾਂ ਨੇ ਬਰਨਾਲੇ ਜਾਣ ਵਾਲੀ ਬਸ ਰੋਕ ਕੇ ਡਰਾਈਵਰ ਨੂੰ ਸਾਰੀ ਗੱਲ ਦੱਸ ਦਿੱਤੀ। ਮੈਂ ਬਸ ਵਿੱਚ ਬੈਠਾ ਮਨ ਵਿੱਚ ਸੋਚ ਰਿਹਾ ਸੀ, ‘‘ਲੈ ਮਿੱਤਰਾ ਤੂੰ ਬਚ ਤਾਂ ਗਿਆ, ਪਰ ਅੰਨ੍ਹਾ ਤਾਂ ਪੱਕਾ ਹੋ ਹੀ ਗਿਆ।’’ ਬਸ ਡਰਾਈਵਰ ਨੇ ਸਵਾਰੀਆਂ ਨੂੰ ਗੱਲ ਸਮਝਾ ਕੇ ਬੇਨਤੀ ਕਰ ਲਈ। ਉਸ ਨੇ ਬਸ ਸਿੱਧੀ ਬਰਨਾਲੇ ਜਾ ਕੇ ਰੋਕੀ। ਰਿਕਸ਼ੇ 'ਤੇ ਬਿਠਾ ਕੇ ਅੱਖਾਂ ਦੇ ਡਾਕਟਰ ਕੋਲ ਲੈ ਗਏ। ਡਾਕਟਰ ਨੇ ਮੈਥੋਂ ਪੁੱਛਗਿੱਛ ਕਰ ਕੇ ਲਗਾਤਾਰ ਦਵਾਈ ਪਾਉਣੀ ਸ਼ੁਰੂ ਕੀਤੀ ਅਤੇ ਮੈਨੂੰ ਦਿਖਾਈ ਦੇਣ ਬਾਰੇ ਪੁੱਛਦਾ ਰਿਹਾ। ਕੁਝ ਸਮੇਂ ਬਾਅਦ ਮੈਨੂੰ ਡਾਕਟਰ ਦਾ ਧੁੰਦਲਾ ਜਿਹਾ ਚਿਹਰਾ ਵਿਖਾਈ ਦਿੱਤਾ। ਮੈਂ ਝੱਟ ਡਾਕਟਰ ਨੂੰ ਦੱਸਿਆ।

‘‘ਬਚ ਗਏ ਜੀ, ਜੇ ਥੋੜ੍ਹੀ ਹੋਰ ਦੇਰ ਹੋ ਜਾਂਦੀ ਤਾਂ ਮੁਸ਼ਕਲ ਸੀ’’, ਡਾਕਟਰ ਦੇ ਮੂੰਹੋਂ ਇਹ ਸੁਣ ਕੇ ਮੈਨੂੰ ਹੌਸਲਾ ਹੋ ਗਿਆ। ਦੋ ਤਿੰਨ ਘੰਟੇ ਬਾਅਦ ਡਾਕਟਰ ਨੇ ਮੈਨੂੰ ਅੱਖਾਂ ਨੂੰ ਪੂਰੀ ਤਰ੍ਹਾਂ ਪੱਟੀਆਂ ਨਾਲ ਢੱਕ ਕੇ ਅਗਲੇ ਦਿਨ ਆਉਣ ਲਈ ਕਹਿ ਕੇ ਹਦਾਇਤ ਦਿੱਤੀ ਕਿ ਅੱਜ ਰਾਤ ਨੂੰ ਸੌਣਾ ਨਹੀਂ। ਮੇਰਾ ਮਿੱਤਰ ਗੁਰਮੇਲ ਮੇਰੇ ਨਾਲ ਸੀ। ਅਸੀਂ ਇੱਕੋ ਕਮਰੇ ਵਿੱਚ ਇਕੱਠੇ ਰਹਿੰਦੇ ਸੀ। ਅਸੀਂ ਸ਼ਹਿਣੇ ਵਾਪਸ ਆ ਗਏ। ਅੱਧੀ ਰਾਤ ਤੱਕ ਸਾਥੀ ਅਧਿਆਪਕ, ਪਿੰਡ ਦੇ ਲੋਕ ਤੇ ਵਿਦਿਆਰਥੀ ਲਗਾਤਾਰ ਆਉਂਦੇ ਜਾਂਦੇ ਰਹੇ। ਅਖੀਰ ਮੈਂ ਤੇ ਗੁਰਮੇਲ ਇਕੱਲੇ ਰਹਿ ਗਏ। ਬੈਠੇ ਗੱਲਾਂ ਕਰਦੇ ਰਹੇ। ਕੁਝ ਚਿਰ ਬਾਅਦ ਮੈਂ ਗੁਰਮੇਲ ਨੂੰ ਕਿਹਾ, ‘‘ਤੂੰ ਆਰਾਮ ਕਰ ਲੈ। ਮੈਨੂੰ ਤਾਂ ਪੱਟੀਆਂ ਕਰ ਕੇ ਵੈਸੇ ਵੀ ਨੀਂਦ ਨਹੀਂ ਆਉਣੀ।’’ ਉਹ ਸੁੱਤਾ ਹੀ ਸੀ ਕਿ ਮੈਨੂੰ ਵੀ ਨੀਂਦ ਨੇ ਆ ਘੇਰਿਆ। ਸਵੇਰੇ ਗੁਰਮੇਲ ਨੂੰ ਜਾਗ ਆਈ ਤਾਂ ਉਸ ਨੇ ਝੱਟ ਮੈਨੂੰ ਹਲੂਣ ਕੇ ਜਗਾਇਆ। ਉਹ ਡਰ ਗਿਆ ਸੀ। ਮੈਨੂੰ ਵੀ ਫਿਕਰ ਹੋਇਆ।

ਅਸੀਂ ਚਾਹ ਦੀ ਘੁੱਟ ਪੀ ਕੇ ਸੁਵਖਤੇ ਹੀ ਬਰਨਾਲੇ ਵਾਲੀ ਬਸ ਫੜ ਕੇ ਡਾਕਟਰ ਕੋਲ ਪਹੁੰਚ ਗਏ ਅਤੇ ਡਾਕਟਰ ਨੂੰ ਸਾਰੀ ਗੱਲ ਦੱਸ ਦਿੱਤੀ। ਡਾਕਟਰ ਨੇ ਪੱਟੀਆਂ ਖੋਲ੍ਹ ਕੇ ਚੈਕ ਕੀਤਾ ਤਾਂ ਸਭ ਕੁਝ ਠੀਕ ਠਾਕ ਰਹਿ ਗਿਆ ਸੀ। ਪੱਟੀ ਕਰਵਾ ਕੇ ਅਸੀਂ ਵਾਪਸ ਸ਼ਹਿਣੇ ਪਹੁੰਚ ਗਏ। ਪ੍ਰੀਖਿਅਕ ਅਗਲੇ ਦਿਨ ਆਪੇ ਚਿੱਤ ਦੀਆਂ ਚਿੱਤ ਵਿੱਚ ਰੱਖਦਿਆਂ ਇਕੱਲਾ ਹੀ ਪ੍ਰੈਕਟੀਕਲ ਦਾ ਤੁੱਥ-ਮੁੱਥ ਕਰ ਕੇ ਚਲਾ ਗਿਆ।

# ਕੀ ਹੈ ਸਾਰਾਗੜ੍ਹੀ ਦਾ ਯੁੱਧ... ?



ਸਾਰਾਗੜ੍ਹੀ ਸਮੁੰਦਰੀ ਤਲ ਤੋਂ 6000 ਫੁਟ ਦੀ ਉਚਾਈ ‘ਤੇ ਪੈਂਦਾ ਇੱਕ ਪਿੰਡ ਹੈ। ਇਹ ਇਲਾਕਾ ਵਜੀਰਸਤਾਨ ਦਾ ਇਲਾਕਾ ਵੀ ਕਹਾਉਂਦਾ ਹੈ, ਜਿਸ ਦੇ ਪਹਾੜ ਬ੍ਰਿਟਿਸ਼ ਫਰੰਟੀਅਰ ਤੇ ਅਫਗਾਨਿਸਤਾਨ ਦੀ ਵੰਡ ਕਰਦੇ ਸਨ। ਸਾਰਾਗੜ੍ਹੀ ਸਮਾਨਾ ਘਾਟੀ ‘ਚ ਕੋਹਾਟ ਜ਼ਿਲ੍ਹੇ ਦਾ ਪਿੰਡ ਹੈ, ਜਿਥੋਂ ਕੁਹਾਟ 35 ਮੀਲ ਅਤੇ ਪਿਸ਼ਾਵਰ 50 ਕੁ ਮੀਲ ਦੀ ਦੂਰੀ ‘ਤੇ ਪੈਂਦਾ ਹੈ। ਇਸ ਚੌਕੀ ਦੀ ਅਹਿਮੀਅਤ ਇਸ ਕਰਕੇ ਵੀ ਜ਼ਿਆਦਾ ਹੈ ਕਿ ਲੋਕਹਾਰਟ ਕਿਲ੍ਹਾ ਤੇ ਗੁਲਸਤਾਨ ਕਿਲ੍ਹੇ ਵਿਚਕਾਰ 6 ਕਿਲੋਮੀਟਰ ਦਾ ਫਾਸਲਾ ਹੈ। ਇਨ੍ਹਾਂ ਦੋਵਾਂ ਕਿਲ੍ਹਿਆਂ ਦੇ ਵਿਚਕਾਰ ਨੀਵੇਂ ਇਲਾਕੇ ਵਿੱਚ ਸਾਰਾਗੜ੍ਹੀ ਸਥਿਤ ਹੈ। ਨਿਰੋਲ ਪਹਾੜੀ ਇਲਾਕਾ ਹੈ। ਇਨ੍ਹਾਂ ਦੋਵਾਂ ਕਿਲ੍ਹਿਆਂ ਨੂੰ ਝੰਡੀ ਦਿਖਾਉਣ ਲਈ ਇਸ ਚੌਕੀ ਦੀ ਸਥਾਪਨਾ ਕੀਤੀ ਗਈ ਸੀ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪ੍ਰਬੰਧ ਤੋਂ ਬਾਅਦ 19ਵੀਂ ਸਦੀ ਦੇ ਅਖੀਰ ਵਿੱਚ ਅੰਗਰੇਜ਼ਾਂ ਨੇ ਇਹ ਇਲਾਕਾ ਅੰਗਰੇਜ਼ ਸਾਮਰਾਜ ਅਧੀਨ ਕਰ ਲਿਆ, ਲੇਕਿਨ ਲੜਾਕੇ ਪਠਾਣ ਤੇ ਕਬਾਇਲੀ ਲੋਕਾਂ ਨੇ ਅੰਗਰੇਜ਼ਾਂ ਦੀ ਅਧੀਨਗੀ ਨੂੰ ਪ੍ਰਵਾਨ ਕਰਨ ਤੋਂ ਕਿਨਾਰਾ ਕਰ ਲਿਆ ਅਤੇ ਇਹ ਲੋਕ ਅੰਗਰੇਜ਼ਾਂ ਖਿਲਾਫ 1896 ਵਿੱਚ ਬਗਾਵਤ ਦਾ ਝੰਡਾ ਚੁੱਕ ਕੇ ਖਲੋ ਗਏ। ਵਪਾਰਕ ਪੱਖ ਤੋਂ ਇਹ ਰਾਹ ਅੰਗਰੇਜ਼ਾਂ ਲਈ ਵੀ ਬੜਾ ਮਹੱਤਵ ਰੱਖਦਾ ਸੀ। ਜਦੋਂ ਵੀ ਦਾਅ ਲਗਦਾ, ਪਠਾਣ, ਵਪਾਰੀਆਂ ਅਤੇ ਛੋਟੀਆਂ-ਛੋਟੀਆਂ ਅੰਗਰੇਜ਼ ਫੌਜੀ ਟੁਕੜੀਆਂ ਦਾ ਮਾਲ ਲੁੱਟ ਲੈਂਦੇ। ਕਾਬੁਲ ਨੂੰ ਵਪਾਰ ਕਰਨ ਲਈ ਕੁਰਮ ਘਾਟੀ ਹੁਣ ਖਤਰਿਆਂ ਵਿੱਚ ਘਿਰ ਚੁੱਕੀ ਸੀ। ਸਮਾਨਾ ਚੋਟੀ ‘ਤੇ ਅੰਗਰੇਜ਼ 5 ਸਾਲ ਤੋਂ ਕਬਜ਼ਾ ਜਮਾਈ ਬੈਠੇ ਸਨ। 31 ਦਸੰਬਰ, 1896 ਨੂੰ ਕੁਹਾਟ ਪਹੁੰਚੀ ਸਿੱਖ ਬਟਾਲੀਅਨ ਨੂੰ ਸਮਾਨਾ ਘਾਟੀ ਦੀ ਉੱਪਰ ਵਾਲੀ ਚੋਟੀ ‘ਤੇ ਕਬਜ਼ਾ ਕਰਨ ਦਾ ਹੁਕਮ ਸੁਣਾਇਆ ਗਿਆ। ਇਸ ਕਾਰਜ ਲਈ ਬਟਾਲੀਅਨ ਨੂੰ ਦੋ ਭਾਗਾਂ ਵਿੱਚ ਵੰਡ ਦਿੱਤਾ ਗਿਆ। ਰਾਈਟ ਵਿੰਗ ਦੀ ਕਮਾਂਡ ਲੈਫਟੀਨੈਂਟ ਕਰਨਲ ਮਿਸਟਰ ਹੈਗਟਨ ਨੂੰ ਸੌਂਪੀ ਗਈ, ਜਿਸ ਨੇ 2 ਜਨਵਰੀ, 1897 ਨੂੰ ਲਾਕਹਾਰਟ ਕਿਲ੍ਹੇ ‘ਤੇ ਕਬਜ਼ਾ ਕਰ ਲਿਆ ਸੀ। ਇਸ ਪਲਟਣ ਦੀਆਂ ਟੁਕੜੀਆਂ ਕਿਲ੍ਹੇ ਦੇ ਪੰਜ ਕਿਲੋਮੀਟਰ ਦੇ ਘੇਰੇ ਵਿੱਚ ਸਾਰਾਗੜ੍ਹੀ, ਦਾਰ, ਸੰਗਰ, ਸਰਟਰੋਪ, ਕੁਰੈਗ ਤੇ ਗੁਲਸਤਾਨ ਵਰਗੀਆਂ ਨਾਜ਼ੁਕ ਥਾਂਵਾਂ ‘ਤੇ ਤਾਇਨਾਤ ਸਨ। ਉੱਪਰ 8 ਜਨਵਰੀ ਨੂੰ ਲੈਫਟ ਵਿੰਗ ਜੋ ਕਿ ਕੈਪਟਨ ਡਬਲਿਊ. ਵੀ. ਗਾਰਡਨ ਅਧੀਨ ਸੀ, ਨੇ ਪਰਚਿਨਾਰ ‘ਤੇ ਕਬਜ਼ਾ ਕਰ ਲਿਆ। ਥਲ ਤੇ ਸਾਦਾ ਨਾਮਕ ਚੌਕੀਆਂ ‘ਤੇ ਵੀ ਇਸ ਲੈਫਟ ਵਿੰਗ ਦਾ ਹੀ ਕਬਜ਼ਾ ਸੀ। ਇਸ ਬਗੈਰ ਕੁਝ ਰਾਖਵੀਂ ਸੈਨਾ ਵੀ ਰੱਖ ਲਈ ਗਈ ਤਾਂ ਕਿ ਲੋੜ ਪੈਣ ‘ਤੇ ਇਸ ਦੀ ਵਰਤੋਂ ਕੀਤੀ ਜਾ ਸਕੇ।

27 ਅਗਸਤ ਤੋਂ 8 ਸਤੰਬਰ, 1897 ਦੇ ਸਮੇਂ ਵਿਚਕਾਰ (ਉਡੈਕਜ਼ਿਜ਼) ਕਬਾਇਲੀਆਂ ਨੇ ਲੈਫਟ ਵਿੰਗ ਦੀ ਸੁਰੱਖਿਆ ਪੰਕਤੀ ‘ਤੇ ਬੜਾ ਭਿਆਨਕ ਹਮਲਾ ਬੋਲ ਦਿੱਤਾ ਪਰ ਇਨ੍ਹਾਂ ਕਬਾਇਲੀਆਂ ਨੂੰ ਖਦੇੜ ਕੇ 10 ਸਤੰਬਰ ਨੂੰ ਖਣਕੀ ਘਾਟੀ ਵੱਲ ਪਿੱਛੇ ਧੱਕ ਦਿੱਤਾ ਗਿਆ ਪਰ ਸਮਾਨਾ ਪੋਸਟ ਉੱਪਰ 10000 ਕਬਾਇਲੀਆਂ ਦੇ 4 ਹਮਲਿਆਂ ਨੂੰ ਵੀ ਅਸਫਲ ਬਣਾ ਦਿੱਤਾ ਗਿਆ। ਇਸ ਉਪਰੰਤ ਕਬਾਇਲੀਆਂ ਦੇ ਅਫਰੀਦੀ ਸਰਦਾਰਾਂ ਨੇ ਸਲਾਹ-ਮਸ਼ਵਰਾ ਕਰਕੇ ਸਾਰਾਗੜ੍ਹੀ ‘ਤੇ ਹਮਲੇ ਦੀ ਯੋਜਨਾ ਬਣਾ ਲਈ, ਕਿਉਂਕਿ ਇਸ ਚੌਕੀ ਦੀ ਰਾਖੀ ਲਈ 21 ਜਵਾਨਾਂ ਦੀ ਨਫਰੀ ਬਹੁਤ ਹੀ ਘੱਟ ਸੀ। ਉਨ੍ਹਾਂ ਇਸ ਚੌਕੀ ਨੂੰ 12 ਸਤੰਬਰ ਵਾਲੇ ਦਿਨ ਚਾਰੇ ਪਾਸਿਓਂ ਘੇਰਾ ਪਾ ਕੇ ਭਾਰੀ ਹਮਲੇ ਨਾਲ ਹੱਲਾ ਬੋਲ ਦਿੱਤਾ। ਇਸ ਹਮਲੇ ਨਾਲ ਇਸ ਚੌਕੀ ਦਾ ਪੂਰੀ ਦੁਨੀਆ ਨਾਲੋਂ ਸੰਪਰਕ ਟੁੱਟ ਗਿਆ। ਇਸ ਚੌਕੀ ਦੀ ਕਮਾਂਡ ਬਾਬਾ ਈਸ਼ਰ ਸਿੰਘ ਗਿੱਲ ਹਵਾਲਦਾਰ ਪਿੰਡ ਝੋਰੜਾਂ, ਜ਼ਿਲ੍ਹਾ ਲੁਧਿਆਣਾ ਕੋਲ ਸੀ। ਦੁਸ਼ਮਣਾਂ ਨੇ ਬਾਬਾ ਈਸ਼ਰ ਸਿੰਘ ਗਿੱਲ ਕਮਾਂਡਰ ਨੂੰ ਬਹੁਤ ਲਾਲਚ ਦਿੱਤੇ ਕਿ ਉਹ ਚੌਕੀ ਖਾਲੀ ਕਰ ਦੇਵੇ। ਉਨ੍ਹਾਂ ਨੂੰ ਸੁਰੱਖਿਅਤ ਲਾਂਘਾ ਤੇ ਹੋਰ ਇਨਾਮ ਦਿੱਤੇ ਜਾਣਗੇ ਪਰ ਬਾਬਾ ਜੀ ਬੜੇ ਅਣਖੀਲੇ ਸੁਭਾਅ ਵਾਲੇ ਸਨ। ਕਰਨਲ ਹਾਰਟਨ ਲੋਕਹਾਰਟ ਦੇ ਕਿਲ੍ਹੇ ਤੋਂ ਸਭ ਕੁਝ ਤੱਕ ਰਿਹਾ ਸੀ। ਉਸ ਨੇ ਹੋਰ ਕੁਮਕ ਬਾਬਿਆਂ ਦੀ ਸਹਾਇਤਾ ਲਈ ਭੇਜਣ ਦਾ ਯਤਨ ਵੀ ਕੀਤਾ ਪਰ ਅਸਫਲ ਹੀ ਰਿਹਾ, ਕਿਉਂਕਿ ਸਾਰਾ ਇਲਾਕਾ ਹੀ ਦੁਸ਼ਮਣਾਂ ਨੇ ਘੇਰੇ ਵਿੱਚ ਲੈ ਰੱਖਿਆ ਸੀ।

9.30 ਵਜੇ ਸ਼ੁਰੂ ਹੋਈ ਲੜਾਈ ਨੂੰ 6 ਘੰਟੇ ਬੀਤ ਗਏ, 600 ਦੇ ਕਰੀਬ ਕਬਾਇਲੀ ਤੇ ਗੜ੍ਹੀ ਦੇ ਅੰਦਰ 12 ਸਿੱਖ ਫੌਜੀ ਵੀ ਸ਼ਹੀਦ ਹੋ ਗਏ ਸਨ। ਗੋਲੀ ਸਿੱਕਾ ਵੀ ਕਿਨਾਰੇ ‘ਤੇ ਸੀ ਪਰ ਸਿੱਖ ਜਵਾਨ ਚੜ੍ਹਦੀ ਕਲਾ ਵਿੱਚ ਸਨ। ਕਿਵੇਂ ਨਾ ਕਿਵੇਂ ਦੁਸ਼ਮਣ ਨੇ ਇੱਕ ਪਾਸੇ ਕੰਧ ‘ਚ ਪਾੜ ਪਾ ਲਿਆ। ਪਰ ਸਿੱਖ ਫੌਜੀਆਂ ਨੇ ਦੁਸ਼ਮਣ ਨੂੰ ਅੰਦਰ ਨਾ ਆਉਣ ਦਿੱਤਾ। ਦੁਸ਼ਮਣ ਨੇ ਤਰਕੀਬ ਘੜੀ ਤੇ ਆਸੇ-ਪਾਸੇ ਘਾਹ-ਫੂਸ ਨੂੰ ਅੱਗ ਲਗਾ ਕੇ ਧੂੰਆਂ ਹੀ ਧੂੰਆਂ ਕਰ ਦਿੱਤਾ। ਅੰਦਰੋਂ ਫੌਜੀ ਸਿਰਫ ਬੋਨਟਾਂ ਨਾਲ ਹੀ ਲੜ ਰਹੇ ਸਨ। 20 ਫੌਜੀ ਸ਼ਹੀਦੀ ਪ੍ਰਾਪਤ ਕਰ ਗਏ। ਇਕੱਲਾ ਸਿਗਨਲਮੈਨ ਗੁਰਮੁਖ ਸਿੰਘ ਹੀ ਬਚਿਆ ਸੀ। ਸਿਗਨਲਮੈਨ ਗੁਰਮੁਖ ਸਿੰਘ ਨੇ ਕਰਨਲ ਹਾਰਟਨ ਨੂੰ ਸਿਗਨਲ ਦਿੱਤਾ ਕਿ ਮੇਰੇ ਸਾਰੇ ਸਾਥੀ ਸ਼ਹੀਦ ਹੋ ਚੁੱਕੇ ਹਨ। ਮੈਂ ਇਕੱਲਾ ਹੀ ਬਚਿਆ ਹਾਂ। ਮੈਨੂੰ ਸਿਗਨਲ ਬੰਦ ਕਰਨ ਦਾ ਹੁਕਮ ਦਿੱਤਾ ਜਾਵੇ ਤਾਂ ਕਿ ਮੈਂ ਵੀ ਆਪਣੇ ਸਾਥੀਆਂ ਨਾਲ ਸ਼ਾਮਿਲ ਹੋ ਜਾਵਾਂ। ਸੋ ਉਸ ਨੇ ਸਿਗਨਲ ਬੰਦ ਕਰਕੇ ਜੈਕਾਰਾ ਲਗਾਇਆ ਤੇ ਬੰਦੂਕ ਦੀ ਬੋਨਟ ਨਾਲ 20 ਤੋਂ ਵਧੇਰੇ ਦੁਸ਼ਮਣਾਂ ਨੂੰ ਢੇਰ ਕਰ ਦਿੱਤਾ। ਅਖੀਰ ਦੁਸ਼ਮਣ ਨੇ ਗੜ੍ਹੀ ਨੂੰ ਅੱਗ ਲਗਾ ਦਿੱਤੀ। ਅਜਿਹੀ ਸੀ ਬਹਾਦਰੀ ਦੀ ਇਹ ਅਦੁੱਤੀ ਦਾਸਤਾਨ। ਭਾਰਤੀ ਫੌਜੀਆਂ ਨੇ ਦੁਸ਼ਮਣਾਂ ਨੂੰ ਜਿਉਂਦੇ ਜੀਅ ਗੜ੍ਹੀ ਦੇ ਲਾਗੇ ਨਾ ਢੁੱਕਣ ਦਿੱਤਾ। ਦੁਸ਼ਮਣ ਹੈਰਾਨ ਸੀ ਕਿ ਏਨੀ ਘੱਟ-ਗਿਣਤੀ ਫੌਜ ਨੇ ਉਨ੍ਹਾਂ ਦੇ ਨੱਕ ‘ਚ ਦਮ ਕਰ ਰੱਖਿਆ। ਉਹ ਉਨ੍ਹਾਂ ਦੀ ਬਹਾਦਰੀ ਦਾ ਕਾਇਲ ਵੀ ਹੋਇਆ।

# ਜੇ ਮੈਂ ਵੀ ਮੂੜ੍ਹਮੱਤ ਕਰ ਬੈਠਦਾ..

-ਪ੍ਰਿੰ. ਵਿਜੈ ਕੁਮਾਰ

ਮੇਰੇ ਸਕੂਲ ਦੀ ਇਕ ਅਧਿਆਪਕਾ ਵਿੱਚ ਭਾਵੇਂ ਬਹੁਤ ਸਾਰੇ ਗੁਣ ਹਨ, ਪਰ ਉਸ ਵਿੱਚ ਇਕ ਵੱਡਾ ਔਗੁਣ ਇਹ ਹੈ ਕਿ ਉਹ ਗੁਸੈਲ ਬਹੁਤ ਹੈ। ਇਕ ਦਿਨ ਇਸ ਅਧਿਆਪਕਾ ਨੇ ਆਪਣੀ ਜਮਾਤ ਦੀ ਵਿਦਿਆਰਥਣ ਨੂੰ ਕੁਝ ਜ਼ਿਆਦਾ ਹੀ ਤਾੜ ਦਿੱਤਾ। ਉਸ ਦੀ ਤਿੱਖੀ ਤਾੜਨਾ ਨਾਲ ਵਿਦਿਆਰਥਣ ਸਕੂਲ ਆਉਣਾ ਛੱਡ ਗਈ। ਮੈਥੋਂ ਸਕੂਲ ਦੇ ਵਿਦਿਆਰਥੀਆਂ ਦੀ ਇਉਂ ਗੈਰ ਹਾਜ਼ਰੀ ਤੇ ਉਨ੍ਹਾਂ ਦਾ ਸਕੂਲੋਂ ਪੜ੍ਹਨ ਤੋਂ ਹਟਣਾ ਜਰਿਆ ਨਹੀਂ ਜਾਂਦਾ। ਅਜਿਹੇ ਮਾਮਲਿਆਂ ਬਾਬਤ ਅਕਸਰ ਪੁੱਛ ਪੜਤਾਲ ਕਰਦਾ ਹਾਂ। ਉਸ ਵਿਦਿਆਰਥਣ ਦੀ ਜਮਾਤ ਇੰਚਾਰਜ ਨੇ ਦੱਸਿਆ, ‘ਡਰਾਇੰਗ ਦੀ ਅਧਿਆਪਕਾ ਨੇ ਉਸ ਵਿਦਿਆਰਥਣ ਨੂੰ ਨਹੱਕ, ਕੁਝ ਜ਼ਿਆਦਾ ਹੀ ਤਾੜ ਦਿੱਤਾ ਹੈ। ਬੱਚੀ ਪੜ੍ਹਾਈ ਵਿੱਚ ਹੁਸ਼ਿਆਰ ਹੈ। ਕਿਸੇ ਢੰਗ ਨਾਲ ਉਸ ਨੂੰ ਸਕੂਲ ਬੁਲਾ ਲਓ, ਉਹ ਬੜੇ ਆਰਾਮ ਨਾਲ ਬਾਰ੍ਹਵੀਂ ਜਮਾਤ ਪਾਸ ਕਰ ਸਕਦੀ ਹੈ।'

ਇੰਚਾਰਜ ਅਧਿਆਪਕਾ ਦੇ ਸ਼ਬਦਾਂ ਨੇ ਬੇਚੈਨੀ ਬਹੁਤ ਵਧਾ ਦਿੱਤੀ। ਮੈਂ ਕਿਸੇ ਨਾ ਕਿਸੇ ਤਰ੍ਹਾਂ ਉਸ ਵਿਦਿਆਰਥਣ ਦੇ ਘਰ ਤੱਕ ਪਹੁੰਚ ਕੀਤੀ। ਵਿਦਿਆਰਥਣ ਸਕੂਲ ਨਾ ਆਈ, ਪਰ ਇਕ ਦਿਨ ਉਸ ਦਾ ਪਿਤਾ ਮੇਰੇ ਦਫਤਰ ਆ ਗਿਆ। ਮੈਨੂੰ ਲੱਗਿਆ, ਉਸ ਨੇ ਦਾਰੂ ਪੀਤੀ ਹੋਈ ਸੀ। ਮੈਂ ਸਵਾਲ ਕੀਤਾ, ‘ਭਰਾ ਜੀ, ਤੁਹਾਡੀ ਧੀ ਸਕੂਲ ਕਿਉਂ ਨਹੀਂ ਆਉਂਦੀ। ਉਸ ਨੂੰ ਘਰ ਕਿਉਂ ਬਿਠਾਇਆ ਹੋਇਐ?' ਇੰਨੇ ਸ਼ਬਦ ਕਹਿਣ ਦੀ ਦੇਰ ਸੀ ਕਿ ਉਹ ਬੰਦਾ ਕੱਪੜਿਆਂ ਤੋਂ ਬਾਹਰ ਹੋ ਗਿਆ ਅਤੇ ਊਲ ਜਲੂਲ ਬੋਲਣ ਲੱਗਾ। ਉਸ ਨੇ ਉਸ ਡਰਾਇੰਗ ਅਧਿਆਪਕਾ ਖਿਲਾਫ ਵੀ ਬੋਲਣਾ ਸ਼ੁਰੂ ਕਰ ਦਿੱਤਾ। ਉਹ ਸ਼ਾਇਦ ਘਰੋਂ ਧਾਰ ਕੇ ਆਇਆ ਸੀ ਕਿ ਸਾਡੇ ਨਾਲ ਲੜਨਾ ਹੈ। ਮੈਂ ਉਸ ਨੂੰ ਰਤਾ ਤਮੀਜ਼ ਨਾਲ ਗੱਲ ਕਰਨ ਲਈ ਆਖਿਆ ਤਾਂ ਉਸ ਨੇ ਮੈਨੂੰ ਵੀ ਨਾ ਬਖਸ਼ਿਆ ਅਤੇ ਕਾਫੀ ਇਤਰਾਜ਼ ਯੋਗ ਸ਼ਬਦ ਆਖੇ। ਇਹ ਸ਼ਬਦਾਵਲੀ ਨਾ ਕਾਬਲੇ ਬਰਦਾਸ਼ਤ ਸੀ। ਮਨ ਵਿੱਚ ਆਇਆ ਕਿ ਉਸ ਨੂੰ ਪੁਲਸ ਦੇ ਹਵਾਲੇ ਕਰ ਦਿਆਂ, ਉਸ ਦਾ ਮੈਡੀਕਲ ਕਰਵਾ ਕੇ ਉਸ ਨੂੰ ਜੇਲ੍ਹ ਦੀ ਹਵਾ ਖੁਆਈ ਜਾਵੇ, ਪਰ ਮਨ ਇਕਦਮ ਬਦਲ ਗਿਆ। ਸੋਚਿਆ, ਇਸ ਨੇ ਦਾਰੂ ਪੀਤੀ ਹੋਈ ਹੈ, ਫਿਰ ਸਾਡੇ ਦੋਵਾਂ ਵਿਚਕਾਰ ਫਰਕ ਕੀ ਰਹਿ ਜਾਵੇਗਾ?

ਮੈਂ ਵਕਤ ਟਾਲ ਦਿੱਤਾ। ਚਪੜਾਸੀ ਨੇ ਉਸ ਨੂੰ ਬਾਂਹ ਤੋਂ ਫੜ ਕੇ ਸਕੂਲ ਤੋਂ ਬਾਹਰ ਕਰ ਦਿੱਤਾ। ਉਹ ਚਲਾ ਗਿਆ, ਪਰ ਕਈ ਸਵਾਲ ਪਿੱਛੇ ਛੱਡ ਗਿਆ। ਕਈ ਦਿਨ ਬੇਚੈਨੀ ਰਹੀ। ਉਸ ਵਿਦਿਆਰਥਣ ਦੀ ਜਮਾਤ ਇੰਚਾਰਜ ਅਧਿਆਪਕਾ ਦੇ ਸ਼ਬਦ ਮਨ ਅੰਦਰ ਕਾਹਲ ਪੈਦਾ ਕਰਦੇ ਰਹੇ ਅਤੇ ਸਵਾਲ ਕਰਦੇ ਰਹੇ ਕਿ ਉਸ ਵਿਦਿਆਰਥਣ ਨੂੰ ਸਕੂਲ ਹਾਜ਼ਰ ਕਰਨ ਵਿੱਚ ਅਸਫਲ ਕਿਉਂ ਰਿਹਾ ਸਾਂ? ਉਸ ਦੇ ਭਵਿੱਖ ਦਾ ਸਵਾਲ ਸੀ। ਕਾਫੀ ਦਿਨ ਇਵੇਂ ਹੀ ਲੰਘ ਗਏ। ਮੈਂ ਅਧਆਪਕਾਵਾਂ ਨੂੰ ਕਹਿੰਦਾ ਰਿਹਾ ਕਿ ਉਸ ਵਿਦਿਆਰਥਣ ਦੇ ਘਰ ਜਾ ਕੇ ਆਉਣ, ਉਸ ਨੂੰ ਪੜ੍ਹਾਈ ਲਈ ਪਰੇਰ ਕੇ ਸਕੂਲ ਲੈ ਕੇ ਆਉਣ, ਪਰ ਇਨ੍ਹਾਂ ਉਮੀਦਾਂ ਨੂੰ ਬੂਰ ਨਾ ਪਿਆ। ਮਹੀਨਾ ਲੰਘ ਗਿਆ।

ਇਕ ਦਿਨ ਮੈਂ ਆਪਣੀ ਪਤਨੀ ਨਾਲ ਸੈਰ ਕਰ ਰਿਹਾ ਸਾਂ ਕਿ ਅਚਾਨਕ ਮੇਰੀ ਨਜ਼ਰ ਉਸੇ ਵਿਦਿਆਰਥਣ ਦੇ ਪਿਓ 'ਤੇ ਪਈ। ਉਹ ਸਾਹਮਣਿਓਂ ਆ ਰਿਹਾ ਸੀ। ਮਨ ਨੇ ਚਾਹਿਆ ਕਿ ਉਸ ਨੂੰ ਆਪਣੇ ਕੋਲ ਬੁਲਾ ਕੇ ਫਿਰ ਆਖਾਂ ਕਿ ਆਪਣੀ ਧੀ ਦੀ ਜ਼ਿੰਦਗੀ ਬਰਬਾਦ ਨਾ ਕਰੇ, ਉਸ ਨੂੰ ਪੜ੍ਹਨ ਲਈ ਸਕੂਲ ਭੇਜੇ, ਪਰ ਕਈ ਕੁਝ ਸੋਚ ਕੇ ਖੁਦ ਨੂੰ ਰੋਕ ਲਿਆ। ਅਸੀਂ ਜਦੋਂ ਉਸ ਦੇ ਕੋਲੋਂ ਲੰਘਣ ਲੱਗੇ ਤਾਂ ਉਹ ਸਾਡੇ ਵੱਲ ਮੁੜ ਆਇਆ। ਇਹ ਸੋਚਦਿਆਂ ਕਿ ਉਹ ਮੰਦਾ ਚੰਗਾ ਨਾ ਬੋਲੇ, ਉਸ ਨਾਲ ਨਜਿੱਠਣ ਲਈ ਖੁਦ ਨੂੰ ਤਿਆਰ ਕਰ ਲਿਆ, ਪਰ ਹੋਇਆ ਉਕਾ ਉਲਟ। ਉਸ ਨੇ ਕੋਲ ਪਹੁੰਚਦਿਆਂ ਗੋਡੇ ਫੜ ਲਏ ਅਤੇ ਸਕੂਲ ਵਿੱਚ ਵਰਤੇ ਮਾੜੇ ਅਲਫਾਜ਼ ਲਈ ਮੁਆਫੀ ਮੰਗੀ। ਗੱਲ ਬਣ ਗਈ ਸੀ। ਮੈਂ ਉਸ ਤੋਂ ਵਾਅਦਾ ਲਿਆ ਕਿ ਉਹ ਆਪਣੀ ਧੀ ਨੂੰ ਸਕੂਲ ਭੇਜੇਗਾ। ਉਹ ਮੇਰੇ ਨਾਲ ਵਾਅਦਾ ਕਰਕੇ ਤੁਰ ਗਿਆ। ਮੈਂ ਉਸ ਵਕਤ ਸੋਚ ਰਿਹਾ ਸਾਂ ਕਿ ਉਹ ਆਪਣੀ ਧੀ ਨੂੰ ਸਕੂਲ ਨਹੀਂ ਭੇਜੇਗਾ ਕਿ ਨਹੀਂ, ਪਰ ਦੂਜੇ ਦਿਨ ਉਹ ਆਪਣੀ ਧੀ ਨੂੰ ਲੈ ਕੇ ਮੇਰੇ ਦਫਤਰ ਸਾਹਮਣੇ ਖੜ੍ਹਾ ਸੀ। ਉਹ ਤਾਂ ਕੁਝ ਨਹੀਂ ਬੋਲਿਆ, ਪਰ ਵਿਦਿਆਰਥਣ ਨੇ ਅੱਖਾਂ ਵਿੱਚ ਹੰਝੂ ਕੇਰਦਿਆਂ ਕਿਹਾ, ‘ਸਰ, ਮੈਂ ਪੜ੍ਹਨਾ ਚਾਹੁੰਦੀ ਹਾਂ।' ਮੇਰਾ ਅਗਲਾ ਪਿਛਲਾ ਸਾਰਾ ਗੁੱਸਾ ਉਤਰ ਗਿਆ ਸੀ।

ਉਸ ਵਿਦਿਆਰਥਣ ਨੂੰ ਜਮਾਤ ਵਿੱਚ ਬੈਠਿਆਂ ਵੇਖ ਉਸ ਦੀ ਜਮਾਤ ਦੀ ਇੰਚਾਰਜ ਅਧਿਆਪਕਾ ਖੁਸ਼ ਹੋ ਗਈ। ਇਸ ਹੋਣਹਾਰ ਵਿਦਿਆਰਥਣ ਨੇ ਅੱਠਵੀਂ ਦਾ ਐਨ ਐਮ ਐਮ ਐਸ ਦਾ ਪੰਜ ਸੌ ਰੁਪਏ ਮਹੀਨਾ ਦਾ ਵਜ਼ੀਫਾ ਹਾਸਲ ਕਰ ਲਿਆ। ਇਸ ਤੋਂ ਬਾਅਦ ਉਸ ਨੇ ਪੀ ਐਸ ਟੀ ਈ ਦੇ ਵਜ਼ੀਫੇ ਦਾ ਟੈਸਟ ਪਾਸ ਕੀਤਾ। ਦਸਵੀਂ ਵਿੱਚੋਂ ਉਸ ਨੇ ਸਕੂਲ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਹੁਣ ਉਹ ਮੇਰੇ ਸਕੂਲ ਦੀ ਗਿਆਰਵੀਂ ਜਮਾਤ ਦੀ ਸਾਇੰਸ ਗਰੁੱਪ ਦੀ ਵਿਦਿਆਰਥਣ ਹੈ।

## ਹਲਕਾ ਫੁਲਕਾ

ਪੰਕਜ ਨੂੰ ਖੇਡਦੇ ਸਮੇਂ ਉਸ ਦੀ ਸੱਜੀ ਬਾਂਹ ਉੱਤੇ ਸੱਟ ਲੱਗ ਗਈ। ਉਹ ਡਾਕਟਰ ਕੋਲ ਗਿਆ ਅਤੇ ਬੋਲਿਆ, ‘‘ਡਾਕਟਰ ਸਾਹਿਬ, ਪੱਟੀ ਖੱਬੀ ਬਾਂਹ 'ਤੇ ਕਰਨਾ।’’

‘‘ਕਿਉਂ? ਸੱਟ ਤਾਂ ਤੇਰੀ ਸੱਜੀ ਬਾਂਹ 'ਤੇ ਲੱਗੀ ਹੈ।'' ਡਾਕਟਰ ਸਾਹਿਬ ਨੇ ਹੈਰਾਨ ਹੋ ਕੇ ਕਿਹਾ।

‘‘ਜੀ ਹਾਂ, ਪਰ ਸਕੂਲ ਦੇ ਮੁੰਡੇ ਬਹੁਤ ਸ਼ਰਾਰਤੀ ਹਨ। ਜਿਸ ਬਾਂਹ ਉੱਤੇ ਸੱਟ ਲੱਗੀ ਹੋਵੇ, ਉਸ ਨੂੰ ਹਿਲਾ ਕੇ ਪੁੱਛਦੇ ਹਨ ਕਿ ਇਹ ਸੱਟ ਕਿਵੇਂ ਲੱਗੀ ਹੈ?’’

********

ਡਾਕਟਰ ਬੋਲਿਆ, ‘‘ਭਈ ਦੇਖੋ, ਮੈਂ ਸੰਪਾਦਕ ਨਹੀਂ, ਡਾਕਟਰ ਹਾਂ। ਮੈਨੂੰ ਕਵਿਤਾ ਨਹੀਂ, ਆਪਣੀ ਬਿਮਾਰੀ ਦੱਸੋ।’’

ਮਰੀਜ਼ ਨੇ ਦੱਸਿਆ, ‘‘ਡਾਕਟਰ ਸਾਹਿਬ, ਮੈਨੂੰ ਕਵਿਤਾ ਸੁਣਾਉਣ ਦੀ ਹੀ ਬਿਮਾਰੀ ਹੈ।’’

********

ਇੱਕ ਵਾਰ ਇੱਕ ਮੂਰਖ ਮੇਲਾ ਦੇਖਣ ਗਿਆ। ਉਸੇ ਰਾਤ ਨੂੰ ਕਿਸੇ ਨੇ ਉਸ ਦਾ ਕੰਬਲ ਚੋਰੀ ਕਰ ਲਿਆ, ਜਦੋਂ ਉਹ ਘਰ ਪਰਤਿਆ ਤਾਂ ਉਸ ਤੋਂ ਪੁੱਛਿਆ ਗਿਆ, ‘‘ਕਿਉਂ ਭਾਈ ਕਿਵੇਂ ਰਿਹਾ ਮੇਲਾ?’’

ਮੂਰਖ ਨੇ ਕਿਹਾ, ‘‘ਜੀ ਮੇਲਾ-ਵੇਲਾ ਕੁਝ ਨਹੀਂ, ਉਥੇ ਤਾਂ ਲੋਕ ਮੇਰਾ ਕੰਬਲ ਚੋਰੀ ਕਰਨ ਲਈ ਇਕੱਠੇ ਹੋਏ ਸਨ।’’

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



ਗੁਰਦੁਆਰਾ ਤੰਬੂ ਸਾਹਿਬ

ਨਨਕਾਣਾ ਸਾਹਿਬ ਰੇਲਵੇ ਸਟੇਸ਼ਨ ਤੋਂ ਜਨਮ ਅਸਥਾਨ ਵੱਲ ਜਾਂਦਿਆਂ ਜਨਮ ਅਸਥਾਨ ਤੋਂ ਕੋਈ ਇੱਕ ਕਿਲੋਮੀਟਰ ਪਹਿਲਾਂ ਤੁਹਾਡੇ ਸੱਜੇ ਹੱਥ ਉੱਤੇ ਇੱਕ ਬਹੁਤ ਹੀ ਉੱਚੇ ਗੁੰਬਦ ਵਾਲਾ ਗੁਰਦੁਆਰਾ ਸਾਹਿਬ ਹੈ। ਇਹ ਗੁਰਦੁਆਰਾ ਤੰਬੂ ਸਾਹਿਬ ਹੈ। ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਪਿਤਾ ਮਹਿਤਾ ਕਾਲੂ ਜੀ ਦੇ ਵੀਹ ਰੁਪਏ ਚੂਹੜਕਾਣਾ ਦੇ ਭੁੱਖੇ ਸਾਧੂਆਂ ਨੂੰ ਖੁਆ ਕੇ ਸੱਚਾ ਸੌਦਾ ਕਰਨ ਉਪਰੰਤ ਭਾਈ ਮਰਦਾਨਾ ਜੀ ਸਣੇ ਇਥੇ ਵਣ ਦੇ ਇੱਕ ਬ੍ਰਿਛ ਹੇਠ ਆਣ ਬਿਰਾਜੇ । ਇਹ ਬ੍ਰਿਛ ਅੱਜ ਵੀ ਮੌਜੂਦ ਹੈ ਅਤੇ ਤੰਬੂ ਵਾਂਗ ਤਣਿਆ ਹੋਇਆ ਹੈ। ਇਸ ਵਾਸਤੇ ਇਸ ਪਾਵਨ ਅਸਥਾਨ ਨੂੰ ਤੰਬੂ ਸਾਹਿਬ ਆਖਿਆ ਜਾਂਦਾ ਹੈ। ਇਹ ਗੁਰਦੁਆਰਾ ਨਿਹੰਗ ਸਿੰਘਾਂ ਦੇ ਕਬਜੇ ਵਿੱਚ ਸੀ, ਇਸ ਪਾਵਨ ਅਸਥਾਨ ਦੇ ਨਾਂ ਤੇ ਕੋਈ ਜ਼ਮੀਨ ਨਹੀਂ ਸੀ। ਇਸ ਗੁਰਦੁਆਰਾ ਸਾਹਿਬ ਦੇ ਮਹੰਤ ਭਾਈ ਸ੍ਰਨ ਸਿੰਘ ਨੇ ਕਮੇਟੀ ਦੇ ਅਧੀਨ ਗੁਰਦੁਆਰਾ ਸਾਹਿਬ ਦੀ ਸੇਵਾ ਲੈ ਲਈ ਪ੍ਰੰਤੂ ਨਿਹੰਗ ਉਜਾਗਰ ਸਿੰਘ ਜਿਹਨੇਂ ਤੰਬੂ ਸਾਹਿਬ ਦੇ ਲਾਗੇ ਪ੍ਰਕਾਸ਼ ਅਸਥਾਨ ਬਣਾਇਆ ਹੋਇਆ ਸੀ, ਕਮੇਟੀ ਦੀ ਵਿਰੋਧਤਾ ਕਰਦਾ ਰਿਹਾ, ਨਿਹੰਗਾਂ ਦਾ ਬਣਾਇਆ ਹੋਇਆ ਪ੍ਰਕਾਸ਼ ਅਸਥਾਨ ਅੱਜ ਵੀ ਨਿਹੰਗ ਸਿੰਘਾਂ ਦੀ ਛਾਉਣੀ ਦੇ ਨਾਂ ਤੇ ਗੁਰਦੁਆਰਾ ਤੰਬੂ ਸਾਹਿਬ ਦੇ ਨਾਲ ਹੀ ਕਾਇਮ ਹੈ। ਹੁਣ ਇਹਨਾਂ ਦੋਹਾਂ ਵਿੱਚ ਕਿਸੇ ਵੀ ਥਾਂ ਤੇ ਪ੍ਰਕਾਸ਼ ਨਹੀਂ ਹੁੰਦਾ । ਨਨਕਾਣਾ ਸਾਹਿਬ ਆਏ ਯਾਤਰੀ ਇਸ ਥਾਂ ’ਤੇ ਮੱਥਾ ਟੇਕਣਾ ਆਪਣਾ ਸੁਭਾਗ ਜਾਣਦੇ ਹਨ।

# ਲੋਕਤੰਤਰ ਵਿੱਚ ਬਹੁ-ਗਿਣਤੀਵਾਦ ਦਾ ਮਾਡਲ ਵਧੇਰੇ ਸੂਖਮ, ਪਰ ਘਾਤਕ

-ਆਕਾਰ ਪਟੇਲ

ਬਹੁ-ਗਿਣਤੀਵਾਦ ਨੂੰ ਸਿਆਸੀ ਦਰਸ਼ਨ ਸ਼ਾਸਤਰ ਵਜੋਂ ਮੰਨਿਆ ਜਾਂਦਾ ਹੈ, ਜਿੱਥੇ ਬਹੁ ਗਿਣਤੀ ਵਾਲਾ ਭਾਈਚਾਰਾ ਉਤਮ ਦਰਜਾ ਰੱਖਦਾ ਹੈ ਅਤੇ ਇਸ ਨੂੰ ਸਰਦਾਰੀ ਦਿੱਤੀ ਜਾਂਦੀ ਹੈ, ਭਾਵ ਕਿ ਇਸ ਕੋਲ ਹੋਰ ਭਾਈਚਾਰਿਆਂ ਦੇ ਮੁਕਾਬਲੇ ਵੱਧ ਅਧਿਕਾਰ ਹੁੰਦੇ ਹਨ। ਇਸ ਨੂੰ ਦੋ ਤਰ੍ਹਾਂ ਸਮਝਿਆ ਜਾ ਸਕਦਾ ਹੈ। ਇੱਕ ਕਾਨੂੰਨ ਰਾਹੀਂ, ਜਿਵੇਂ ਅਸੀਂ ਅੱਗੇ ਜਾ ਕੇ ਇਸ ਦੀਆਂ ਮਿਸਾਲਾਂ ਦੇਖਾਂਗੇ। ਦੂਜਾ ਇੱਕ ਵਿਸ਼ੇਸ਼ ਰਸਤਾ ਹੈ, ਜੋ ਵਿਸ਼ੇਸ਼ ਮੰਨਿਆ ਗਿਆ ਹੈ ਤੇ ਜਿਸ ਨੇ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਅਸੀਂ ਘੱਟ-ਗਿਣਤੀਆਂ ਉੱਤੇ ਸੰਵਿਧਾਨਕ ਰਸਤੇ ਤੋਂ ਧੌਂਸ ਜਮਾ ਸਕਦੇ ਹਾਂ। ਇੱਕ ਅਜਿਹੇ ਰਾਸ਼ਟਰ ਵਿੱਚ ਇਹ ਸਪੱਸ਼ਟ ਗੱਲ ਠਹਿਰਾਈ ਜਾਂਦੀ ਹੈ ਕਿ ਲੋਕਾਂ ਦੇ ਇੱਕ ਹਿੱਸੇ ਨੂੰ ਹੋਰਨਾਂ ਦੇ ਮੁਕਾਬਲੇ ਅਹਿਮੀਅਤ ਦਿੱਤੀ ਜਾਂਦੀ ਹੈ। ਸ੍ਰੀਲੰਕਾ ਦਾ ਸੰਵਿਧਾਨ ਕਹਿੰਦਾ ਹੈ, ‘ਸ੍ਰੀਲੰਕਾ ਗਣਰਾਜ ਬੁੱਧ ਧਰਮ ਨੂੰ ਉਚ ਸਥਾਨ ਦਿੰਦਾ ਹੈ ਅਤੇ ਇਸ ਦੇ ਅਨੁਸਾਰ ਰਾਸ਼ਟਰ ਦਾ ਇਹ ਫਰਜ਼ ਹੈ ਕਿ ਉਹ ਬੁੱਧ ਸ਼ਾਸਨ ਦੀ ਰੱਖਿਆ ਕਰੇ ਅਤੇ ਇਸ ਨੂੰ ਪ੍ਰਫੁੱਲਤ ਕਰੇ।''



ਸੰਵਿਧਾਨ ਦੀ ਇਹ ਲਾਈਨ ਉਨ੍ਹਾਂ ਲੋਕਾਂ ਨੂੰ ਤਾਕਤ ਦਿੰਦੀ ਹੈ, ਜੋ ਸੱਤਾ ਵਿੱਚ ਹਨ ਅਤੇ ਉਨ੍ਹਾਂ ਲੰਕਾ ਵਾਸੀਆਂ ਨੂੰ ਨੁਕਸਾਨ ਪੁਚਾਉਂਦੀ ਹੈ, ਜੋ ਬੋਧੀ ਨਹੀਂ ਹਨ। ਸੰਵਿਧਾਨਕ ਬਹੁ ਗਿਣਤੀ ਵੱਲੋਂ ਪੁਚਾਇਆ ਗਿਆ ਨੁਕਸਾਨ ਨਿੱਜੀ ਤੌਰ 'ਤੇ ਨਿਰਭਰ ਕਰਦਾ ਹੈ। ਇੱਕ ਅਜਿਹਾ ਨੇਤਾ, ਜੋ ਆਪਣੇ ਧਰਮ ਵੱਲ ਝੁਕਿਆ ਹੈ, ਨਿਯਮਾਂ ਦਾ ਸਖਤੀ ਨਾਲ ਪਾਲਣ ਕਰ ਕੇ ਵੱਧ ਨੁਕਸਾਨ ਕਰੇਗਾ, ਪਰ ਤੱਥ ਇਹ ਹੈ ਕਿ ਸੰਵਿਧਾਨ ਦੇ ਇਸ ਹੁਕਮ ਦਾ ਮਤਲਬ ਇਹ ਹੈ ਕਿ ਇਸ ਨੂੰ ਹਮੇਸ਼ਾ ਤੋਂ ਹੀ ਧਮਕੀ ਮੰਨਿਆ ਜਾਵੇਗਾ। ਸਾਡਾ ਮੰਨਣਾ ਹੈ ਕਿ ਬੁੱਧ ਧਰਮ ਨੂੰ ਪਹਿਲ ਦੇਣੀ ਗੈਰ-ਵਿਸ਼ੇਸ਼ ਤੇ ਦਿਆਲੂ ਨਹੀਂ ਹੈ, ਹਾਲਾਂਕਿ ਅਜਿਹੇ ਮੁਹਾਵਰੇ ਦੀ ਵਰਤੋਂ ਧਮਕਾਉਣ ਲਈ ਹੁੰਦੀ ਹੈ। ਪਾਕਿਸਤਾਨ ਦੇ ਮੋਢੀ ਨੇ ਆਪਣੇ ਦੇਸ਼ ਨੂੰ ਘੱਟ-ਗਿਣਤੀਆਂ ਵਿਰੁੱਧ ਵਿਤਕਰੇ ਵਾਲਾ ਨਹੀਂ ਸਮਝਿਆ ਸੀ, ਪਰ ਦੇਸ਼ ਦੇ ਸੰਵਿਧਾਨਕ ਢਾਂਚੇ ਵਿੱਚ ਇਸਲਾਮ ਦੇ ਤੱਤਾਂ ਨੂੰ ਸ਼ਾਮਲ ਕਰਨਾ ਚਾਹੁੰਦੇ ਸਨ। ਮੁਹੰਮਦ ਅਲੀ ਜਿੰਨਾਹ ਦੀ ਮੌਤ ਦੇ ਛੇ ਮਹੀਨੇ ਪਿੱਛੋਂ ਪਾਕਿਸਤਾਨ ਦੀ ਚੁਣੀ ਅਸੈਂਬਲੀ ਤੋਂ ਉਨ੍ਹਾਂ ਦੇ ਰਾਜਸੀ ਵਾਰਸ ਲਿਆਕਤ ਅਲੀ ਖਾਨ ਨੇ ਇੱਕ ਸ਼ਾਨਦਾਰ ਬਹਿਸ ਤੋਂ ਬਾਅਦ ਮਕਸਦਾਂ ਦਾ ਮਤਾ ਪਾਸ ਕਰਵਾ ਲਿਆ ਸੀ। ਇਹ ਬਹਿਸ ਬਹੁਤੇ ਬੰਗਾਲੀ ਬੋਲਣ ਵਾਲੇ ਹਿੰਦੂ (ਪੂਰਬੀ ਪਾਕਿਸਤਾਨ, ਜੋ ਬਾਅਦ ਵਿੱਚ ਬੰਗਲਾ ਦੇਸ਼ ਬਣਿਆ) ਤੇ ਮੁਸਲਮਾਨਾਂ ਵਿਚਾਲੇ ਹੋਈ। ਮੁਸਲਮਾਨ ਇਸਲਾਮੀ ਭਾਸ਼ਾ ਸ਼ਾਮਲ ਕਰਨਾ ਚਾਹੁੰਦੇ ਸਨ, ਜਿਸ ਨੂੰ ਉਨ੍ਹਾਂ ਨੇ ਗੈਰ ਵਿਸ਼ੇਸ਼ ਅਤੇ ਦਿਆਲੂ ਨਾ ਹੋਣ ਦੇ ਰੂਪ ਵਿੱਚ ਦੇਖਿਆ ਸੀ। ਉਨ੍ਹਾਂ ਨੇ ‘ਪ੍ਰਭੂਸੱਤਾ ਸਿਰਫ ਅੱਲ੍ਹਾ ਨਾਲ ਸੰਬੰਧ ਰੱਖਦੀ ਹੈ' ਵਰਗੀਆਂ ਸਤਰਾਂ ਨੂੰ ਸ਼ਾਮਲ ਕੀਤਾ। ਉਨ੍ਹਾਂ ਨੇ ਇਹ ਵੀ ਮੰਨਿਆ ਕਿ ਪਾਕਿਸਤਾਨ ਵਿੱਚ ਲੋਕਤੰਤਰ, ਆਜ਼ਾਦੀ, ਸਹਿਣਸ਼ੀਲਤਾ, ਬਰਾਬਰੀ ਅਤੇ ਸਮਾਜਕ ਨਿਆਂ, ਜਿਵੇਂ ਇਸਲਾਮ ਨੇ ਸਥਾਪਤ ਕੀਤਾ ਹੈ, ਦਾ ਮੁਲਾਂਕਣ ਕੀਤਾ ਜਾਵੇਗਾ।

ਹਿੰਦੂਆਂ ਨੇ ਇਸ ਦਾ ਵਿਰੋਧ ਕੀਤਾ। ਉਨ੍ਹਾਂ ਨੇ ਕਿਹਾ ਕਿ ਅਜਿਹੇ ਸ਼ਬਦ ਉਚਿਤ ਲੱਗਦੇ ਹਨ, ਪਰ ਵਿਵਸਥਾਵਾਂ ਨੂੰ ਜਾਰੀ ਕਰਨ ਦੌਰਾਨ ਇਨ੍ਹਾਂ ਦੀ ਗਲਤ ਵਰਤੋਂ ਕੀਤੀ ਜਾ ਸਕਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਦੀ ਵਰਤੋਂ ਬਾਅਦ ਵਿੱਚ ਗੈਰ ਮੁਸਲਮਾਨਾਂ ਵਿਰੁੱਧ ਵਿਤਕਰੇ ਵਾਲੇ ਢੰਗ ਨਾਲ ਕੀਤੀ ਜਾਵੇਗੀ। ਇਸ ਬਾਰੇ ਲੋਕਾਂ ਦੇ ਵਿਚਾਰ ਲਏ ਗਏ ਅਤੇ ਧਰਮ ਰਾਹੀਂ ਇਸ ਨੂੰ ਵੰਡਿਆ ਗਿਆ। ਕਿਸੇ ਵੀ ਹਿੰਦੂ ਨੇ ਮੁਸਲਮਾਨਾਂ ਨਾਲ ਵਿਚਾਰ ਸਾਂਝੇ ਨਹੀਂ ਕੀਤੇ ਅਤੇ ਨਾ ਹੀ ਕਿਸੇ ਮੁਸਲਮਾਨ ਨੇ ਹਿੰਦੂਆਂ ਨਾਲ। ਥੋੜ੍ਹੇ ਸਮੇਂ ਬਾਅਦ ਜਿਵੇਂ ਹਿੰਦੂਆਂ ਦੇ ਮਨ ਵਿੱਚ ਡਰ ਸੀ, ਉਹੀ ਗੱਲ ਵਾਪਰਨ ਲੱਗੀ। ਹੌਲੀ ਹੌਲੀ ਪਾਕਿਸਤਾਨੀ ਸੰਵਿਧਾਨ ਵਿੱਚ ਹੋਰ ਜ਼ਿਆਦਾ ਨਾਂਹ ਪੱਖੀ ਵਤੀਰਾ ਅਪਣਾਇਆ ਗਿਆ ਅਤੇ ਇਸ ਤੋਂ ਫੌਰਨ ਬਾਅਦ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦੇ ਅਹੁਦੇ ਕਾਨੂੰਨੀ ਤੌਰ 'ਤੇ ਸਿਰਫ ਮੁਸਲਮਾਨਾਂ ਦੇ ਅਧਿਕਾਰ ਬਣ ਗਏ।

ਗੁਆਂਢ ਵਿੱਚ ਭੂਟਾਨ ਦੇਸ਼ ਵਿੱਚ ਸਿਰਫ ਬੋਧੀ ਸਮਰਾਟ ਵੱਲੋਂ ਹੀ ਰਾਜ ਕੀਤਾ ਜਾ ਸਕਦਾ ਹੈ। ਉਹੀ ਸਰਕਾਰ ਅਤੇ ਧਰਮ ਨੂੰ ਆਪਣੇ ਇਕਹਿਰੇ ਅਧਿਕਾਰ ਨਾਲ ਕੰਟਰੋਲ ਕਰਦਾ ਹੈ ਅਤੇ ਆਪਣੇ ਅਧਿਕਾਰਾਂ ਦੀ ਆਪਣੀ ਜ਼ਮੀਨ ਅਤੇ ਲੋਕਾਂ ਉਤੇ ਇਸ ਦੀ ਵਰਤੋਂ ਕਰਦਾ ਹੈ। ਕੁਝ ਸਾਲ ਪਹਿਲਾਂ ਤੱਕ ਨੇਪਾਲ ਹਿੰਦੂ ਰਾਸ਼ਟਰ ਸੀ, ਕਿਉਂਕਿ ਉਥੇ ਖੱਤਰੀ ਸਮਰਾਟ ਦਾ ਰਾਜ ਚੱਲਦਾ ਸੀ। ਮਨੂ ਸਮ੍ਰਿਤੀ ਰਾਹੀਂ ਨਿਯੁਕਤ ਇੱਕ ਪੁਰੋਹਿਤ ਉਸ ਰਾਜੇ ਦੀ ਸਿਫਾਰਸ਼ ਕਰਦਾ ਸੀ। ਬੰਗਲਾ ਦੇਸ਼ ਦਾ ਸੰਵਿਧਾਨ ‘ਬਿਸਮਿੱਲਾ ਅਰ ਰਹਿਮਾਨੇ ਰਹੀਮ” ਦੀ ਸਤਰ ਨਾਲ ਸ਼ੁਰੂ ਹੁੰਦਾ ਹੈ। ਇਹ ਸੱਚ ਹੈ ਕਿ ਪਾਕਿਸਤਾਨੀਆਂ ਦੀ ਤੁਲਨਾ ਵਿੱਚ ਬੰਗਾਲੀ ਘੱਟ ਕਰੋਧੀ ਹੁੰਦੇ ਹਨ। ਸੰਵਿਧਾਨਕ ਬਹੁ-ਗਿਣਤੀਵਾਦ ਹਮੇਸ਼ਾ ਹੀ ਉਸ ਨੇਤਾ ਦੀ ਉਡੀਕ ਵਿੱਚ ਰਹਿੰਦਾ ਹੈ, ਜਿਹੜਾ ਦਿਆਲੂ ਸ਼ਬਦਾਂ ਦੀ ਵਿਆਖਿਆ ਗੁੱਸੇ ਨਾਲ ਕਰਦਾ ਹੈ।

ਅੱਗੋਂ ਅਸੀਂ ਉਸ ਗੱਲ ਦਾ ਜ਼ਿਕਰ ਕਰਦੇ ਹਾਂ, ਜਿਸ ਵਿੱਚ ਇੱਕ ਦੇਸ਼ ਨੂੰ ਬਹੁ ਗਿਣਤੀਵਾਦ ਵਜੋਂ ਜਾਣਿਆ ਜਾਂਦਾ ਹੈ। ਦੱਖਣੀ ਏਸ਼ੀਆ ਵਿੱਚ ਭਾਰਤ ਸਿਰਫ ਵਿਸ਼ੇਸ਼ ਗਣਰਾਜ ਹੈ, ਜੋ ਸੰਵਿਧਾਨਕ ਤੌਰ 'ਤੇ ਆਦਿ ਕਾਲ ਤੋਂ ਅੱਜ ਤੱਕ ਬਹੁ-ਗਿਣਤੀ ਵਾਦੀ ਰਿਹਾ ਹੈ। ਸਵਰਗੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਵਿਸ਼ੇਸ਼ ਤੌਰ ਉੱਤੇ ‘ਧਰਮ ਨਿਰਪੱਖ ਸ਼ਬਦ ਨੂੰ ਸੰਵਿਧਾਨ ਦੀ ਭੂਮਿਕਾ ਨਾਲ ਜੋੜਿਆ ਸੀ, ਪਰ ਬਾਹਰੀ ਆਬਜ਼ਰਵਰ ਅੱਜ ਭਾਰਤ ਨੂੰ ਪਾਕਿਸਤਾਨ ਅਤੇ ਲੰਕਾ ਜਾਂ ਫਿਰ ਦੱਖਣੀ ਏਸ਼ੀਆਈ ਬਹੁ-ਗਿਣਤੀਵਾਦ ਵਾਲੇ ਦੇਸ਼ਾਂ ਨਾਲੋਂ ਬਹੁਤ ਘੱਟ ਵੱਖਰਾ ਸਮਝਦੇ ਹਨ।

ਭਾਰਤ ਵਿੱਚ ਕੋਈ ਵੀ ਪ੍ਰਧਾਨ ਮੰਤਰੀ ਬਣ ਸਕਦਾ ਹੈ, ਪਰ ਅਜੇ ਤੱਕ ਕੋਈ ਮੁਸਲਮਾਨ ਨਹੀਂ ਬਣਿਆ। ਅਸੀਂ ਇਸ ਗੱਲ ਤੋਂ ਖੁਸ਼ ਹਾਂ ਕਿ ਪਾਕਿਸਤਾਨ ਵਾਂਗ ਸਾਡੇ ਦੇਸ਼ ਵਿੱਚ ਮੁਸਲਮਾਨ ਰਾਸ਼ਟਰਪਤੀ ਸਨ, ਪਰ ਪਾਕਿਸਤਾਨ ਵਿਚਲੇ ਰਾਸ਼ਟਰਪਤੀ ਸਾਡੇ ਭਾਰਤ ਦੇ ਰਾਸ਼ਟਰਪਤੀ ਵਾਂਗ ਰਬੜ ਦੀ ਮੋਹਰ ਨਹੀਂ ਹਨ। ਭਾਰਤ ਵਿੱਚ ਇਹ ਵਾਪਰ ਚੁੱਕਾ ਹੈ ਕਿ ਬਹੁਗਿਣਤੀ ਭਾਈਚਾਰਾ ਸੱਤਾ ਦੇ ਹਰ ਤੱਤ 'ਤੇ ਧਿਆਨ ਦਿੰਦਾ ਹੈ ਤੇ ਉਸ ਨੇ ਘੱਟਗਿਣਤੀਆਂ, ਖਾਸ ਤੌਰ 'ਤੇ ਮੁਸਲਮਾਨਾਂ ਨੂੰ ਹੀ ਨਹੀਂ, ਸਗੋਂ ਬਹੁ-ਗਿਣਤੀਵਾਦ ਦਾ ਦਾਅਵਾ ਕਰਨ ਵਾਲੇ ਦਲਿਤ ਅਤੇ ਆਦਿਵਾਸੀਆਂ ਨੂੰ ਵੀ ਖੂੰਜੇ ਧੱਕ ਦਿੱਤਾ ਹੈ। ਅਸੀਂ ਆਪਣੇ ਆਪ ਨਾਲ ਹੀ ਝੂਠ ਬੋਲਦੇ ਹਾਂ ਕਿ ਅਸੀਂ ਵੱਖਰੇ ਹਾਂ, ਪਰ ਅਸਲੀਅਤ ਇਹ ਨਹੀਂ ਹੈ। ਅਸੀਂ ਹੋਰਨਾਂ ਢੰਗਾਂ ਨਾਲ ਬਹੁ-ਗਿਣਤੀਵਾਦ ਨੂੰ ਤੋਰਿਆ ਹੈ। ਮੇਰਾ ਮਤਲਬ ਨਾਗਰਿਕ ਸੋਧ ਬਿੱਲ ਤੇ ਨੈਸ਼ਨਲ ਰਜਿਸਟਰ ਆਫ ਸਿਟੀਜ਼ਨ ਨੂੰ ਇਕੱਠਾ ਪੜ੍ਹਨ ਨਾਲ ਹੈ। ਅੱਤਵਾਦ ਬਾਰੇ ਕਸ਼ਮੀਰ ਅਤੇ ਆਸਾਮ ਵਿੱਚ ਸਾਡੀ ਕਾਰਵਾਈ ਇਹੋ ਕੁਝ ਦੱਸਦੀ ਹੈ। ਬਾਬਰੀ ਮਸਜਿਦ ਵਿਵਾਦ ਦਾ ਫੈਸਲਾ ਵੀ ਬਹੁ-ਗਿਣਤੀਵਾਦ ਦੀ ਮਿਸਾਲ ਹੈ, ਜਿਸ ਦੇ ਬਹਾਨੇ ਕੁਝ ਹੋਰ ਕਰਨਾ ਸੀ। ਅਸਲ ਵਿੱਚ ਬਹੁ-ਗਿਣਤੀਵਾਦ ਦਾ ਭਾਰਤੀ ਮਾਡਲ ਵੱਧ ਸੂਖਮ, ਅਪ੍ਰਪੱਕ ਹੈ, ਪਰ ਘਾਤਕ ਜ਼ਰੂਰ ਹੈ। ਇਹ ਮੰਨਿਆ ਜਾਂਦਾ ਹੈ ਕਿ ਇੱਕ ਭਾਈਚਾਰਾ ਉਤਮ ਹੈ ਅਤੇ ਉਸ ਨੂੰ ਪ੍ਰਮੁੱਖਤਾ ਅਤੇ ਵਿਸ਼ੇਸ਼ ਦਰਜਾ ਦਿੱਤਾ ਜਾਂਦਾ ਹੈ। ਉਸੇ ਸਮੇਂ ਦੂਜੇ ਪਾਸੇ ਅਸੀਂ ਦੋਸ਼ਾਂ ਸਣੇ ਘੱਟ ਗਿਣਤੀਆਂ ਨਾਲ ਨਫਰਤ ਕਰਦੇ ਤੇ ਇਹ ਮੰਨਦੇ ਹਾਂ ਕਿ ਉਹ ‘ਮਨੌਤੀ' ਪ੍ਰਾਪਤ ਕਰਨ ਵਾਲੇ ਲੋਕ ਹਨ।

# ਜਦੋਂ ਢਿੱਡ ਭਰੇ ਹੋਣ, ਉਦੋਂ ਧਰਮ ਅਤੇ ਸਿਆਸਤ ਸੁੱਝਦੀ ਹੈ

-ਵਿਨੀਤ ਨਾਰਾਇਣ

ਪਿਛਲੇ ਦਿਨੀਂ ਰਾਮ ਜਨਮ ਭੂਮੀ ਬਾਰੇ ਆਏ ਫੈਸਲੇ ਪਿੱਛੋਂ ਦੇਸ਼ ਦੇ ਬਹੁਗਿਣਤੀ ਮੁਸਲਮਾਨਾਂ ਨੇ ਜਿਸ ਸ਼ਾਂਤੀ ਅਤੇ ਸਦਭਾਵਨਾ ਦਾ ਸਬੂਤ ਦਿੱਤਾ ਹੈ, ਉਹ ਸ਼ਲਾਘਾ ਯੋਗ ਹੈ। ਸਾਰੀਆਂ ਆਸਾਂ ਨੂੰ ਨਿਰਮੂਲ ਕਰ ਕੇ ਘੱਟਗਿਣਤੀ ਭਾਈਚਾਰੇ ਨੇ ਇਸ ਫੈਸਲੇ ਦੇ ਵਿਰੁੱਧ ਕੋਈ ਭੜਕਾਊ ਰੋਸ ਵਿਖਾਵਾ ਜਾਂ ਹਿੰਸਕ ਵਾਰਦਾਤ ਨਾ ਕਰ ਕੇ ਇਹ ਦੱਸ ਦਿੱਤਾ ਹੈ ਕਿ ਫਿਰਕਾ ਪ੍ਰਸਤੀ ਸਭਿਅਕ ਸਮਾਜ ਵਿੱਚ ਨਹੀਂ ਹੁੰਦੀ, ਸਗੋਂ ਸਿਆਸੀ ਪਾਰਟੀਆਂ ਦੇ ਦਿਮਾਗ ਦੀ ਸਾਜ਼ਿਸ਼ ਹੁੰਦੀ ਹੈ। ਕੋਈ ਪਾਰਟੀ ਇਸ ਤੋਂ ਵੱਖਰੀ ਨਹੀਂ ਹੈ। ਇਤਿਹਾਸ ਵਿੱਚ ਇਸ ਗੱਲ ਦੇ ਅਨੇਕਾਂ ਸਬੂਤ ਹਨ ਕਿ ਜੇ ‘ਰਾਮ ਜਨਮ ਮੁਕਤੀ ਅੰਦੋਲਨ’ ਨੂੰ ਸਿਆਸੀ ਰੰਗਤ ਨਾ ਦਿੱਤੀ ਜਾਂਦੀ ਤਾਂ ਇਹ ਮਾਮਲਾ ਤਿੰਨ ਦਹਾਕੇ ਪਹਿਲਾਂ ਹੱਲ ਹੋਣ ਦੇ ਕੰਢੇ 'ਤੇ ਸੀ।

ਦਰਅਸਲ ਆਦਮੀ ਨੂੰ ਆਪਣੀ ਰੋਜ਼ੀ-ਰੋਟੀ ਤੇ ਰੋਜ਼ਗਾਰ ਦੀ ਚਿੰਤਾ ਹੁੰਦੀ ਹੈ। ਇਹ ਚਿੰਤਾ ਭਾਰਤ ਦੇ ਬਹੁਗਿਣਤੀ ਲੋਕਾਂ ਨੂੰ ਆਜ਼ਾਦੀ ਦੇ 72 ਸਾਲਾਂ ਬਾਅਦ ਵੀ ਸਤਾ ਰਹੀ ਹੈ। ਜਦੋਂ ਢਿੱਡ ਭਰੇ ਹੋਣ, ਉਦੋਂ ਧਰਮ ਤੇ ਸਿਆਸਤ ਸੁੱਝਦੀ ਹੈ। ਜੋ ਰਾਜ ਸੱਤਾਵਾਂ ਆਪਣੀ ਪਰਜਾ ਦੀਆਂ ਇਨ੍ਹਾਂ ਮੁੱਢਲੀਆਂ ਲੋੜਾਂ ਨੂੰ ਪੂਰਿਆਂ ਨਹੀਂ ਕਰ ਸਕਦੀਆਂ, ਉਹੀ ਧਾਰਮਿਕ ਜਨੂੰਨ ਦਾ ਸਹਾਰਾ ਲੈਂਦੀਆਂ ਹਨ, ਜਿਸ ਨਾਲ ਜਨਤਾ ਅਸਲੀ ਮੁੱਦਿਆਂ ਤੋਂ ਧਿਆਨ ਹਟਾ ਕੇ ਇਨ੍ਹਾਂ ਸਵਾਲਾਂ ਵਿੱਚ ਉਲਝ ਜਾਵੇ।

ਹਿੰਦੋਸਤਾਨ ਦੇ ਸਭਿਆਚਾਰ 'ਚ ਜਦੋਂ ਮੁਸਲਮਾਨ ਇਥੇ ਆਏ, ਉਦੋਂ ਤੋਂ ਦੋ ਧਾਰਾਵਾਂ ਨਾਲ ਨਾਲ ਚੱਲੀਆਂ ਹਨ। ਇੱਕ ਤਾਂ ਉਹ, ਜਿਸ ਵਿੱਚ ਦੋ ਉਲਟ ਵਿਚਾਰਧਾਰਾਵਾਂ ਦੇ ਧਾਰਮਿਕ ਪੈਰੋਕਾਰਾਂ ਨੇ ਇੱਕ ਦੂਜੇ ਨੂੰ ਭਰਮਾ ਲਿਆ ਅਤੇ ਇੱਕ ਦੂਜੇ ਦੀ ਜੀਵਨਸ਼ੈਲੀ, ਸੋਚ-ਵਿਚਾਰ ਤੇ ਰੀਤੀ-ਰਿਵਾਜਾਂ ਨੂੰ ਪ੍ਰਭਾਵਤ ਕੀਤਾ। ਭਾਰਤ ਦੇ ਬਹੁਤੇ ਲੋਕ ਇਸੇ ਮਾਨਸਿਕਤਾ ਦੇ ਹਨ। ਇਹ ਆਜ਼ਾਦੀ ਪਿੱਛੋਂ ਯੋਜਨਾਬੱਧ ਢੰਗ ਨਾਲ ਉਪਜਾਈ ਪ੍ਰਵਿਰਤੀ ਨਹੀਂ। ਇਹ ਜੜ੍ਹਾਂ ਸਦੀਆਂ ਪੁਰਾਣੀਆਂ ਹਨ।

ਮੁਗਲ ਕਾਲ ਵਿੱਚ ਹੀ ਅਜਿਹੇ ਸੈਂਕੜੇ ਮੁਸਲਮਾਨ ਹੋਏ, ਜਿਨ੍ਹਾਂ ਨੇ ਹਿੰਦੂ ਸਭਿਆਚਾਰ ਨੂੰ ਨਾ ਸਿਰਫ ਸਲਾਹਿਆ, ਸਗੋਂ ਖੁਦ ਨੂੰ ਇਸ ਵਿੱਚ ਅਧਿਆਤਮਿਕ ਤੌਰ 'ਤੇ ਢਾਲ ਲਿਆ। ਇੱਕ ਮਿਸਾਲ ਨਜ਼ੀਰ ਅਕਬਰਾਬਾਦੀ ਦੀ ਹੈ, ਜੋ ਕਹਿੰਦੇ ਹਨ, ‘‘ਕਿਆ ਕਿਆ ਕਹੂੰ ਮੈਂ ਤੁਮਸੇ ਕਨ੍ਹਈਆ ਕਾ ਬਾਲਪਨ, ਐਸਾ ਥਾ ਬਾਂਸੁਰੀ ਕੇ ਬਜੈਯਾ ਕਾ ਬਾਲਪਨ।” ਇੱਕ ਦੂਜੀ ਰਚਨਾ, ਜਿਸ ਦਾ ਸਿਰਲੇਖ ਹੈ ‘ਹਰਿ ਜੀ ਸੁਮਿਰਨ’, ਇਸ ਵਿੱਚ ਉਹ ਲਿਖਦੇ ਹਨ, ‘‘ਸ੍ਰੀ ਕ੍ਰਿਸ਼ਨਾ ਜੀ ਕੀ ਯਾਦ ਦਿਲੋ ਜਾਂ ਸੇ ਕੀਜੀਏ, ਲੇ ਨਾਮ ਵਾਸੁਦੇਵ ਕਾ ਅਬ ਧਿਆਨ ਕੀਜੀਏ, ਕਿਆ ਵਾਦਾ ਬੇਖੁਮਾਰ ਦਿਲੋਂ ਜਾਂ ਸੇ ਪੀਜੀਏ, ਸਬ ਕਾਮ ਛੋੜ ਨਾਮ ਚਤੁਰਭੁਜ ਕਾ ਲੀਜੀਏ।” ਆਮ ਮੁਸਲਮਾਨ ਹੀ ਨਹੀਂ, ਖੁਦ ਮੁਗਲੀਆ ਖਾਨਦਾਨ ਦੀ ਤਾਜ ਬੇਗਮ, ਜੋ ਆਗਰੇ ਦੇ ਮਹੱਲ ਛੱਡ ਕੇ ਮਥੁਰਾ ਦੇ ਗੋਕੁਲ ਪਿੰਡ ਵਿੱਚ ਆ ਵਸੀ ਸੀ, ਉਹ ਲਿਖਦੀ ਹੈ, ‘‘ਨੰਦ ਕੇ ਦੁਲਾਲ ਕੁਰਬਾਨ ਤੇਰੀ ਸੂਰਤ ਪੇ, ਹੂੰ ਤੋ ਮੁਗਲਾਨੀ, ਹਿੰਦੁਆਨੀ ਹੀ ਰਹੂੰਗੀ ਮੈਂ।” ਰਸਖਾਨ ਨੂੰ ਕਿਸ ਨੇ ਨਹੀਂ ਪੜ੍ਹਿਆ, ਇਹ ਬ੍ਰਿਜਵਾਸੀ ਮੁਸਲਮਾਨ ਸੰਤ ਲਿਖਦੇ ਹਨ, ‘‘ਰਸਖਾਨ ਕਬੌਂ ਇਨ ਨੈਨਨ ਸੌਂ, ਬ੍ਰਜ ਕੇ ਬਨਬਾਗ ਤੜਾਗ ਨਿਹਾਰੂੰ।...ਜੋ ਪਸੂ ਹੌਂ ਤੋ ਕਿਆ ਬਸ ਮੇਰੋ, ਬਸੂੰ ਨਿਤਯ ਨੰਦ ਕੇ ਧੇਨੂ ਮਝਾਰਨ।” ਇਹ ਧਾਰਾ ਅੱਜ ਵੀ ਚੱਲਦੀ ਹੈ।

ਸਾਡੇ ਬ੍ਰਿਜ ਵਿੱਚ ਭਗਵਾਨ ਦੀ ਪੋਸ਼ਾਕ ਬਣਨੀ ਹੋਵੇ ਜਾਂ ਬਿਹਾਰੀ ਜੀ ਦਾ ਫੂਲ ਬੰਗਲਾ ਜਾਂ ਠਾਕਰੁ ਜੀ ਦੀ ਸ਼ੋਭਾ ਯਾਤਰਾ ਵਿੱਚ ਸ਼ਹਿਨਾਈ ਵਾਦਨ, ਸਾਰਾ ਕੰਮ ਮੁਸਲਮਾਨ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਦੇ ਹਨ। ਇਥੋਂ ਤੱਕ ਕਿ ਇਥੇ ਮੁਸਲਮਾਨ ਫਲ ਵਾਲਾ ਤੁਹਾਡਾ ਸਵਾਗਤ ਵੀ ‘ਰਾਧੇ-ਰਾਧੇ’ ਕਹਿ ਕੇ ਕਰਦਾ ਹੈ। ਭਾਰਤ ਰਤਨ ਬਿਸਮਿੱਲ੍ਹਾ ਖਾਂ ਨਮਾਜ਼ੀ ਮੁਸਲਮਾਨ ਹੁੰਦੇ ਹੋਏ ਵੀ ਮੈਹਰ ਦੀ ਦੇਵੀ ਦੇ ਉਪਾਸ਼ਕ ਸਨ ਤੇ ਉਨ੍ਹਾਂ ਦੇ ਮੰਦਰ ਵਿੱਚ ਬੈਠ ਕੇ ਤਪੱਸਿਆ ਕਰਦੇ ਹੁੰਦੇ ਸਨ। ਦੂਰ ਕਿਉਂ ਜਾਈਏ, ਭਾਰਤ ਦੇ ਰਾਸ਼ਟਰਪਤੀ ਰਹੇ ਡਾਕਟਰ ਏ ਪੀ ਜੇ ਅਬਦੁਲ ਕਲਾਮ ਭਗਵਾਦ ਗੀਤਾ ਦਾ ਨਿਯਮਿਤ ਪਾਠ ਕਰਦੇ ਸਨ। ਰਾਮੇਸ਼ਵਰਮ ਵਿੱਚ ਉਨ੍ਹਾਂ ਦੇ ਪਰਵਾਰ ਨੂੰ ਅੱਜ ਵੀ ਮੰਦਰ ਤੋਂ ਮਹਾਪ੍ਰਸ਼ਾਦ ਦਾ ਪੱਤਲ ਰੋਜ਼ ਮਿਲਦਾ ਹੈ, ਕਿਉਂਕਿ ਉਨ੍ਹਾਂ ਦੇ ਵੱਡੇ-ਵਡੇਰਿਆਂ ਨੇ ਜਾਨ ਜੋਖਮ ਵਿੱਚ ਪਾ ਕੇ ਇੱਕ ਡੂੰਘੇ ਸਰੋਵਰ 'ਚੋਂ ਅਭਿਸ਼ੇਕ ਦੇ ਸਮੇਂ ਤਿਲਕ ਕੇ ਡੁੱਬ ਗਈ, ਭਾਰੀ ਦੇਵ ਮੂਰਤੀ ਨੂੰ ਕੱਢਿਆ ਸੀ। ਇਹ ਸੀ ਉਨ੍ਹਾਂ ਦੀ ਸ਼ਰਧਾ। ਮੈਨੂੰ ਜਾਪਦਾ ਹੈ ਕਿ ਅਜਿਹੀ ਭਾਵਨਾ ਵਾਲੇ ਮੁਸਲਮਾਨਾਂ ਨਾਲ ਜੇ ਬੜੀ ਨਿਮਰਤਾ ਨਾਲ ਹਿੰਦੂ, ਬੜੀ ਸਹਿਜ ਤੇ ਪਿਆਰ ਭਰੀ ਭਾਸ਼ਾ ਵਿੱਚ ਬੇਨਤੀ ਕਰਨ ਕਿ ਉਹ ਕਾਸ਼ੀ ਅਤੇ ਮਥੁਰਾ 'ਚੋਂ ਵੀ ਮਸਜਿਦਾਂ ਨੂੰ ਬਿਨਾਂ ਸੰਘਰਸ਼ ਦੇ ਹਟਾਉਣ ਨੂੰ ਰਾਜ਼ੀ ਹੋ ਜਾਣ ਤਾਂ ਇਸ ਦੇ ਹਾਂ-ਪੱਖੀ ਨਤੀਜੇ ਆ ਸਕਦੇ ਹਨ।

ਜੋ ਦੂਜੀ ਧਾਰਾ ਓਹੀ, ਉਹ ਸੀ ਕੱਟੜਪੰਥੀ ਇਸਲਾਮ ਦੀ, ਜਿਸ ਦੇ ਪ੍ਰਭਾਵ ਵਿੱਚ ਮੁਸਲਮਾਨ ਹਮਲਾਵਰਾਂ ਨੇ ਹਜ਼ਾਰਾਂ ਮੰਦਰ ਤੋੜੇ ਅਤੇ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਇਆ। ਇਸ ਦੇ ਪਿੱਛੇ ਧਾਰਮਿਕ ਜਨੂੰਨ ਘੱਟ, ਸਿਆਸੀ ਮਹੱਤਤਾ ਵੱਧ ਸੀ। ਸ਼ਾਸਕ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰਨ ਲਈ ਜਾਂ ਪਰਜਾ ਵਿੱਚ ਡਰ ਪੈਦਾ ਕਰਨ ਲਈ ਇਸ ਤਰ੍ਹਾਂ ਦੇ ਜ਼ੁਲਮ ਕਰਦੇ ਸਨ, ਪਰ ਅਜਿਹਾ ਸਿਰਫ ਮੁਸਲਮਾਨ ਸ਼ਾਸਕਾਂ ਨੇ ਕੀਤਾ ਹੋਵੇ, ਇਹ ਸੱਚ ਨਹੀਂ ਹੈ। ਦੱਖਣੀ ਭਾਰਤ ਵਿੱਚ ਸ਼ੈਵ ਰਾਜਿਆਂ ਨੇ ਵੈਸ਼ਣਵਾਂ ਦੇ ਤੇ ਵੈਸ਼ਣਵ ਰਾਜਿਆਂ ਨੇ ਸ਼ੈਵਾਂ ਦੇ ਮੰਦਰਾਂ ਨੂੰ ਹਮਲਿਆਂ ਵਿੱਚ ਤਬਾਹ ਕੀਤਾ। ਇਸੇ ਤਰ੍ਹਾਂ ਹਿੰਦੂ ਰਾਜਿਆਂ ਨੇ ਬੋਧੀ ਮੰਦਰ ਤੇ ਵਿਹਾਰ ਤੋੜੇ। ਰੌਚਕ ਤੱਥ ਇਹ ਹੈ ਕਿ ਜਿਹੜੇ ਮਰਾਠਾ ਸ਼ਾਸਕ ਸ਼ਿਵਾਜੀ ਮਹਾਰਾਜ ਨੇ ਮੁਗਲਾਂ ਨੂੰ ਕਰਾਰੀ ਹਾਰ ਦਿੱਤੀ, ਉਨ੍ਹਾਂ ਦੇ ਵਫਾਦਾਰਾਂ ਵਿੱਚ ਕਈ ਯੋਧੇ ਮੁਸਲਮਾਨ ਸਨ। ਠੀਕ ਉਵੇਂ ਹੀ, ਜਿਵੇਂ ਝਾਂਸੀ ਦੀ ਰਾਣੀ ਦਾ ਸੈਨਾਪਤੀ ਮੁਸਲਮਾਨ ਸੀ। ਟੀਪੂ ਸੁਲਤਾਨ ਦੇ ਵਫਾਦਾਰ ਫੌਜੀ ਨਾਇਕਾਂ ਵਿੱਚ ਕਈ ਹਿੰਦੂ ਸਨ।

ਇਸ ਲਈ ਇੱਕ ਹਜ਼ਾਰ ਸਾਲ ਦੇ ਮੁਸਲਮਾਨਾਂ ਦੇ ਸ਼ਾਸਨਕਾਲ ਵਿੱਚ ਵੀ ਭਾਰਤ ਦੀ ਬਹੁਗਿਣਤੀ ਆਬਾਦੀ ਹਿੰਦੂ ਹੀ ਬਣੀ ਰਹੀ, ਪਰ ਪਿਛਲੇ ਕੁਝ ਦਹਾਕਿਆਂ ਤੋਂ ਕੌਮਾਂਤਰੀ ਪੱਧਰ 'ਤੇ ਕੱਟੜਪੰਥੀ ਇਸਲਾਮ ਨੂੰ ਥੋਪਣ ਦੀ ਇੱਕ ਸਾਜ਼ਿਸ਼ ਪੱਛਮੀ ਏਸ਼ੀਆ ਦੇ ਕੁਝ ਦੇਸ਼ਾਂ ਤੋਂ ਕੀਤੀ ਜਾ ਰਹੀ ਹੈ, ਜਿਸ ਦਾ ਬੁਰਾ ਅਸਰ ਮਲੇਸ਼ੀਆ, ਇੰਡੋਨੇਸ਼ੀਆ ਤੇ ਤੁਰਕੀ ਵਰਗੇ ਸੈਕੂਲਰ ਮੁਸਲਿਮ ਦੇਸ਼ਾਂ ਦੀ ਜਨਤਾ 'ਤੇ ਵੀ ਪੈਣ ਲੱਗਾ ਹੈ। ਇਸ ਨੂੰ ਅਸੀਂ ਤਾਲਿਬਾਨੀ ਮਾਨਸਿਕਤਾ ਕਹਿ ਸਕਦੇ ਹਾਂ।

ਚਿੰਤਾ ਦੀ ਗੱਲ ਇਹ ਹੈ ਕਿ ਹਿੰਦੂ ਸਮਾਜ ਵਿੱਚ ਵੀ ਕੁਝ ਤਾਲਿਬਾਨੀ ਪ੍ਰਵਿਰਤੀਆਂ ਪੈਦਾ ਹੋ ਰਹੀਆਂ ਹਨ, ਜਿਨ੍ਹਾਂ ਤੋਂ ਇਸਲਾਮ ਨੂੰ ਖਤਰਾ ਹੋਵੇ ਨਾ ਹੋਵੇ, ਹਿੰਦੂਆਂ ਨੂੰ ਬੜਾ ਖਤਰਾ ਹੈ। ਹਿੰਦੂ ਪ੍ਰੰਪਰਾ ਤੋਂ ਨਰਮ ਹੁੰਦੇ ਹਨ, ਫਿਰਕਿਆਂ ਨੂੰ ਲੈ ਕੇ ਲੜਦੇ ਨਹੀਂ, ਇੱਕ-ਦੂਜੇ ਦਾ ਸਨਮਾਨ ਕਰਦੇ ਹਨ। ਸਾਡੇ ਦਰਸ਼ਨ ਵਿੱਚ ਨਿਰਗੁਣ ਤੋਂ ਸਦਗੁਣ ਉਪਾਸ਼ਨਾ ਤੱਕ ਦਾ ਬਦਲ ਮੌਜੂਦ ਹੈ। ਤੁਹਾਨੂੰ ਇੱਕੋ ਪਰਵਾਰ ਵਿੱਚ ਕੋਈ ਸਦਗੁਣ ਉਪਾਸ਼ਕ ਮਿਲੇਗਾ, ਕੋਈ ਗਿਆਨੀ-ਧਿਆਨੀ ਅਤੇ ਕੋਈ ਹੱਠ ਯੋਗੀ। ਇਨ੍ਹਾਂ ਸਾਰਿਆਂ ਦਾ ਇੱਕ ਛੱਤ ਹੇਠਾਂ ਪ੍ਰੇਮ ਨਾਲ ਰਹਿਣਾ ਦੱਸਦਾ ਹੈ ਕਿ ਅਸੀਂ ਸਹਿਜ ਰੂਪ ਵਿੱਚ ਵਿਭਿੰਨਤਾ ਨੂੰ ਪ੍ਰਵਾਨ ਕਰ ਲੈਂਦੇ ਹਾਂ ਕਿਉਂਕਿ ਅਸੀਂ ਈਸਾਈਆਂ ਅਤੇ ਮੁਸਲਮਾਨਾਂ ਵਾਂਗ ਇੱਕੋ ਗ੍ਰੰਥ ਅਤੇ ਇੱਕੋ ਪੈਗੰਬਰ ਨੂੰ ਮੰਨ ਕੇ ਉਸ ਨੂੰ ਦੂਜਿਆਂ 'ਤੇ ਥੋਪਦੇ ਨਹੀਂ। ਇਹੀ ਕਾਰਨ ਹੈ ਕਿ ਇਕਬਾਲ ਨੇ ਲਿਖਿਆ ਹੈ, ‘ਯੂਨਾਨ, ਰੋਮ, ਮਿਸਰ ਸਭ ਮਿਟ ਗਏ ਜਹਾਂ ਸੇ, ਕੁਛ ਬਾਤ ਹੈ ਕੇ ਹਸਤੀ ਮਿਟਤੀ ਨਹੀਂ ਹਮਾਰੀ। ਸਦੀਓਂ ਰਹਾ ਹੈ ਦੁਸ਼ਮਨ ਦੌਰੇ ਜਹਾਂ ਹਮਾਰਾ, ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ।'' ਅਸੀਂ ਅਜਿਹਾ ਹੀ ਹਿੰਦੋਸਤਾਨ ਬਣਾਉਣਾ ਹੈ, ਜਿੱਥੇ ਅਸੀਂ ਸਾਰੇ ਮਿਲ ਕੇ ਪ੍ਰੇਮ ਨਾਲ ਰਹੀਏ ਅਤੇ ਅੱਗੇ ਵਧੀਏ।

## ਵਾਲਾਂ ਨੂੰ ਤਰੋਤਾਜ਼ਾ ਕਰਨ ਲਈ ਵਰਤੋ ਸੁੱਕਾ ਸ਼ੈਂਪੂ

ਘਰ ਤੋਂ ਬਾਹਰ ਸਫਰ 'ਤੇ ਜਾਣ ਸਮੇਂ ਜਾਂ ਹਸਪਤਾਲਾਂ ਵਿੱਚ ਦਾਖਲ ਬਿਮਾਰਾਂ ਵਾਸਤੇ ਵਾਲਾਂ ਨੂੰ ਤਰੋਤਾਜ਼ਾ ਰੱਖਣਾ ਕਈ ਵਾਰ ਮੁਸ਼ਕਲ ਸਾਬਤ ਹੋ ਸਕਦਾ ਹੈ ਜਾਂ ਜੇ ਬਹੁਤ ਠੰਢ ਕਰ ਕੇ ਤੁਹਾਡਾ ਨਹਾਉਣ ਦਾ ਮਨ ਨਹੀਂ ਕਰ ਰਿਹਾ ਤਾਂ ਇਸ ਸਥਿਤੀ ਵਿੱਚ ਚਿਪਚਿਪੇ ਵਾਲਾਂ ਤੋਂ ਮੁਕਤੀ ਪਾਉਣ ਲਈ ਸੁੱਕੇ ਸ਼ੈਂਪੂ ਤੁਹਾਡੇ ਇਸ ਸਮੱਸਿਆ ਦਾ ਬਿਹਤਰੀਨ ਹੱਲ ਬਣ ਸਕਦੇ ਨਹ। ਬਾਜ਼ਾਰ ਵਿੱਚ ਅਜਿਹੇ ਕਈ ਸੁੱਕੇ ਸ਼ੈਂਪੂ ਆ ਗਏ ਹਨ।

ਇਹ ਅਲਕੋਹਲ ਜਾਂ ਸਟਾਰਚ ਆਧਾਰਤ ਸ਼ੈਂਪੂ ਸਪਰੇਅ ਦੇ ਰੂਪ ਵਿੱਚ ਹੁੰਦੇ ਤੇ ਇਹ ਵਾਲਾਂ 'ਚੋਂ ਫਾਲਤੂ ਤੇਲ ਅਤੇ ਗਰੀਸ ਹਟਾ ਕੇ ਉਨ੍ਹਾਂ ਨੂੰ ਚਿਪਚਿਪੇ ਨਹੀਂ ਰਹਿਣ ਦਿੰਦੇ ਅਤੇ ਤਰੋਤਾਜ਼ਾ ਕਰ ਦਿੰਦੇ ਹਨ।

ਸੁੱਕੇ ਸ਼ੈਂਪੂ ਨੂੰ ਠੀਕ ਤਰ੍ਹਾਂ ਲਾਉਣ ਲਈ ਇਸ ਨੂੰ ਸਿਰ ਤੋਂ ਛੇ ਕੁ ਇੰਚ ਦੂਰ ਰੱਖ ਕੇ ਵਾਲਾਂ 'ਤੇ ਸਪਰੇਅ ਕਰੋ। ਪੂਰੇ ਸਿਰ 'ਚ ਸਪਰੇਅ ਕਰਨ ਤੋਂ ਬਾਅਦ ਸਿਰ ਨੂੰ ਝੱਸ ਦਿਓ ਤਾਂ ਕਿ ਪੂਰੇ ਸਿਰ 'ਚ ਇੱਕੋ ਜਿਹਾ ਫੈਲ ਜਾਵੇ। ਜਿੱਥੇ ਬਹੁਤ ਜ਼ਿਆਦਾ ਸੁੱਕਾ ਸ਼ੈਂਪੂ ਲੱਗਾ ਹੋਵੇ, ਉਸ ਥਾਂ ਨੂੰ ਹੌਲੀ ਹੌਲੀ ਮਾਲਿਸ਼ ਕਰ ਕੇ ਫੈਲਾ ਦਿਓ। ਇਹ 10 ਕੁ ਮਿੰਟ ਲੱਗਾ ਰਹਿਣ ਦਿਓ ਅਤੇ ਫਿਰ ਕੰਘੀ ਕਰ ਲਓ।



ਤੁਸੀਂ ਦੇਖੋਗੇ ਕਿ ਤੁਹਾਡੇ ਵਾਲ ਬਿਲਕੁਲ ਵੀ ਚਿਪਚਿਪੇ ਨਹੀਂ ਹੋਣਗੇ ਅਤੇ ਸਿਰ ਨੂੰ ਤਰੋਤਾਜ਼ਾ ਮਹਿਸੂਸ ਕਰੋਗੇ। ਇਸ ਦੇ ਪ੍ਰਯੋਗ ਤੋਂ ਬਾਅਦ ਜੇ ਤੁਹਾਨੂੰ ਵਾਲ ਜ਼ਿਆਦਾ ਸੁੱਕੇ ਲੱਗਣ ਤਾਂ ਥੋੜ੍ਹਾ ਜਿਹਾ ਤੇਲ ਲਾ ਲਓ।

ਇਸ ਨੂੰ ਤੁਸੀਂ ਹਮੇਸ਼ਾ ਲਈ ਪ੍ਰਯੋਗ ਨਹੀਂ ਕਰ ਸਕਦੇ। ਸੁੱਕੇ ਸ਼ੈਂਪੂ ਨੂੰ ਕਦੇ ਵੀ ਲਗਾਤਾਰ ਦੋ ਦਿਨਾਂ ਤੱਕ ਪ੍ਰਯੋਗ ਨਾ ਕਰੋ। ਸੁੱਕਾ ਸ਼ੈਂਪੂ ਸਿਰਫ ਵਾਲਾਂ 'ਚੋਂ ਤੇਲ ਹਟਾਉਂਦਾ ਹੈ, ਮੈਲ ਤੇ ਧੂੜ ਮਿੱਟੀ ਸਾਫ ਨਹੀਂ ਕਰਦਾ। ਗੰਦਗੀ ਸਾਫ ਕਰਨ ਲਈ ਤੁਹਾਨੂੰ ਪਾਣੀ ਨਾਲ ਪ੍ਰਯੋਗ ਕੀਤਾ ਜਾਣ ਵਾਲਾ ਸ਼ੈਂਪੂ ਲਾਉਣਾ ਹੀ ਪਵੇਗਾ। ਕਿਸੇ ਵੀ ਹਾਲਤ ਵਿੱਚ ਸੁੱਕੇ ਸ਼ੈਂਪੂ ਨੂੰ ਦੋ ਕੁ ਮਹੀਨਿਆਂ ਤੋਂ ਜ਼ਿਆਦਾ ਲਗਾਤਾਰ ਪ੍ਰਯੋਗ ਨਹੀਂ ਕਰਨਾ ਚਾਹੀਦਾ।

ਇਸ ਤੋਂ ਇਲਾਵਾ ਸੁੱਕਾ ਸ਼ੈਂਪੂ ਵਾਲਾਂ ਦੀ ਨਮੀ ਨੂੰ ਵੀ ਸੋਖ ਲੈਂਦਾ ਹੈ। ਇਸ ਲਈ ਲੰਮੇ ਸਮੇਂ ਤੱਕ ਇਸ ਦੇ ਪ੍ਰਯੋਗ ਨਾਲ ਵਾਲ ਟੁੱਟਣ ਅਤੇ ਝੜਨ ਦਾ ਖਤਰਾ ਵੀ ਰਹਿੰਦਾ ਹੈ। ਇਸ ਤੋਂ ਇਲਾਵਾ ਸੁੱਕੇ ਸ਼ੈਂਪੂ ਵਿਚਲੇ ਕਣ ਤੁਹਾਡੀ ਖੋਪੜੀ 'ਤੇ ਜੰਮ ਵੀ ਸਕਦੇ ਹਨ, ਜਿਸ ਕਾਰਨ ਵੀ ਸਿਰ ਵਿੱਚ ਖਾਰਿਸ਼ ਹੋਣੀ ਸ਼ੁਰੂ ਹੋ ਜਾਂਦੀ ਹੈ।

# ਬਰਗਾੜੀ ਵਾਲੇ ਬੇਅਦਬੀ ਕੇਸ ਦੀ ਜਾਂਚ ਲਈ ਸੀ ਬੀ ਆਈ ਫਿਰ ਸਰਗਰਮ

ਫਰੀਦਕੋਟ, 4 ਦਸੰਬਰ (ਪੋਸਟ ਬਿਊਰੋ)- ਚਾਰ ਸਾਲ ਪਹਿਲਾਂ ਦੇ ਬੇਅਦਬੀ ਵਾਲੇ ਮਾਮਲਿਆਂ ਦੀ ਜਾਂਚ ਲਈ ਸਰਗਰਮ ਹੋਈ ਸੀ ਬੀ ਆਈ ਦੇ ਕਰੀਬ ਛੇ ਅਧਿਕਾਰੀਆਂ ਨੇ ਕੱਲ੍ਹ ਪਿੰਡ ਬਰਗਾੜੀ ਤੇ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਵਿਖੇ ਜਾ ਕੇ ਗ੍ਰੰਥੀ ਸਮੇਤ ਤਿੰਨ ਜਣਿਆਂ ਤੋਂ ਪੁੱਛਗਿੱਛ ਕੀਤੀ ਹੈ। ਵਰਨਣ ਯੋਗ ਹੈ ਕਿ ਬੀਤੀ ਇੱਕ ਜੂਨ 2015 ਨੂੰ ਇਥੋਂ ਦੇ ਗੁਰਦੁ-ਆਰਾ ਸਾਹਿਬ ਵਿੱਚੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਚੋਰੀ ਹੋਇਆ ਸੀ।



ਸੀ ਬੀ ਆਈ ਅਧਿਕਾਰੀਆਂ ਨੇ ਏਥੇ ਗੁਰੂ ਘਰ ਦੇ ਗ੍ਰੰਥੀ ਗੋਰਾ ਸਿੰਘ, ਖਜ਼ਾਨਚੀ ਬੀਬੀ ਪ੍ਰੀਤਮ ਕੌਰ ਤੇ ਰਣਜੀਤ ਸਿੰਘ ਨਾਂਅ ਦੇ ਵਿਅਕਤੀ ਨਾਲ ਗੁਰਦੁਆਰਾ ਸਾਹਿਬ ਵਿਖੇ ਕਰੀਬ ਦੋ ਘੰਟੇ ਸਵਾਲ ਜਵਾਬ ਕੀਤੇ। ਕੁਝ ਮਹੀਨੇ ਪਹਿਲਾਂ ਸੀ ਬੀ ਆਈ ਨੇ ਅਦਾਲਤ ਵਿੱਚ ਆਪਣੀ ਕਲੋਜ਼ਰ ਰਿਪੋਰਟ ਪੇਸ਼ ਕਰਨ ਮਗਰੋਂ ਅਦਾਲਤ ਵਿੱਚ ਦਰਖਾਸਤ ਦੇ ਕੇ ਇਸ ਕੇਸ 'ਚੋਂ ਨਿਕਲਣ ਬਾਰੇ ਆਪਣਾ ਪੱਖ ਪੇਸ਼ ਕੀਤਾ ਸੀ, ਜਿਸ ਨਾਲ ਸੀ ਬੀ ਆਈ ਦੀ ਕਾਰਗੁਜ਼ਾਰੀ ਉਤੇ ਕਈ ਸਵਾਲੀਆ ਨਿਸ਼ਾਨ ਲੱਗ ਰਹੇ ਸਨ ਅਤੇ ਇਸ ਵੱਲੋਂ ਕੀਤੀ ਜਾਂਚ ਨੂੰ ਵੀ ਅਧੂਰਾ ਕਿਹਾ ਜਾ ਰਿਹਾ ਸੀ। ਅਜਿਹੀ ਸਥਿਤੀ ਵਿੱਚ ਸੀ ਬੀ ਆਈ ਨੇ ਆਪਣਾ ਵੱਕਾਰ ਕਾਇਮ ਰੱਖਣ ਲਈ ਅਦਾਲਤ ਵਿੱਚ ਇਸ ਕੇਸ ਦੀ ਮੁੜ ਜਾਂਚ ਦੀ ਦਰਖਾਸਤ ਪੇਸ਼ ਕੀਤੀ ਸੀ ਜਿਸ ਦੇ ਬਾਅਦ ਕੱਲ੍ਹ ਸੀ ਬੀ ਆਈ ਅਧਿਕਾਰੀਆਂ ਨੇ ਉਕਤ ਕਾਰਵਾਈ ਸ਼ੁਰੂ ਕੀਤੀ ਹੈ।

ਗੁਰਦੁਆਰਾ ਬੁਰਜ ਜਵਾਹਰ ਸਿੰਘ ਵਾਲਾ ਦੇ ਗ੍ਰੰਥੀ ਗੋਰਾ ਸਿੰਘ ਅਤੇ ਹੋਰਨਾਂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋਣ ਬਾਰੇ ਉਨ੍ਹਾਂ ਨੇ ਉਹੀ ਬਿਆਨ ਸੀ ਬੀ ਆਈ ਅਧਿਕਾਰੀਆਂ ਨੂੰ ਦਿੱਤੇ ਹਨ, ਜਿਹੜੇ ਉਹ ਪਹਿਲਾਂ ਦੇ ਚੁੱਕੇ ਹਨ। ਗ੍ਰੰਥੀ ਨੇ ਕਿਹਾ ਕਿ ਜਿਸ ਦਿਨ ਇਹ ਘਟਨਾ ਵਾਪਰੀ, ਉਸ ਦਿਨ ਉਹ ਕਿਸੇ ਦੇ ਘਰ ਪਾਠ ਕਰ ਰਿਹਾ ਸੀ ਐ ਉਸ ਨੂੰ ਚੋਰੀ ਦਾ ਪਤਾ ਬਾਅਦ ਵਿੱਚ ਲੱਗਾ। ਉਸ ਨੇ ਦੱਸਿਆ ਕਿ ਉਹ ਇਸ ਤੋਂ ਪਹਿਲਾਂ ਪੁਲਸ, ਐਸ ਆਈ ਟੀ ਅਤੇ ਜਾਂਚ ਕਮਿਸ਼ਨ ਦੇ ਸਾਹਮਣੇ ਵੀ ਆਪਣੇ ਬਿਆਨ ਦੇ ਚੁੱਕਾ ਹੈ।

# ਸੁਖਪਾਲ ਸਿੰਘ ਫਰਜ਼ੀ ਮੁਕਾਬਲਾ ਕੇਸ ਦੀ ਜਾਂਚ 25 ਸਾਲਾਂ ਬਾਅਦ ਸ਼ੁਰੂ ਹੋਣ ਲੱਗੀ

ਚੰਡੀਗੜ੍ਹ, 4 ਦਸੰਬਰ (ਪੋਸਟ ਬਿਊਰੋ)- ਜ਼ਿਲਾ ਰੋਪੜ ਦੇ ਪਿੰਡ ਕਾਲਾ ਅਫਗਾਨਾ ਦੇ ਸੁਖਪਾਲ ਸਿੰਘ ਨਾਂਅ ਦੇ ਵਿਅਕਤੀ ਨੂੰ 25 ਸਾਲ ਪਹਿਲਾਂ ਖਾੜਕੂ ਗੁਰਨਾਮ ਸਿੰਘ ਉਰਫ ਨੀਲਾ ਦੱਸ ਕੇ ਪੰਜਾਬ ਪੁਲਸ ਵੱਲੋਂ ਬਣਾਏ ਫਰਜ਼ੀ ਪੁਲਸ ਮੁਕਾ-ਬਲੇ ਦੀ ਜਾਂਚ ਅਦਾਲਤੀ ਹੁਕਮ ਉੱਤੇ ਚਾਰ ਦਸੰਬਰ ਤੋਂ ਸ਼ੁਰੂ ਕਰ ਦਿੱਤੀ ਗਈ ਹੈ।



ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇ ਤਿੰਨ ਵਾਰ ਇਸ ਕੇਸ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾਈ ਸੀ, ਪਰ ਅੱਜ ਤੱਕ ਇੱਕ ਵੀ ਜਾਂਚ ਰਿਪੋਰਟ ਨਹੀਂ ਆਈ। ਸਾਲ 2013 ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪੁੱਜੇ ਸੁਖਪਾਲ ਸਿੰਘ ਦੇ ਪਿਤਾ ਦੀ ਖੇਚਲ ਇਸ ਵਾਰ ਸਫਲ ਹੁੰਦੀ ਵਿਖਾਈ ਦੇਂਦੀ ਹੈ, ਕਿਉਂਕਿ ਕੋਰਟ ਵੱਲੋਂ ਬਣਾਈ ਸਪੈਸ਼ਲ ਜਾਂਚ ਟੀਮ ਨੇ ਹਾਈ ਕੋਰਟ ਦੀ ਸਖਤੀ ਮਗਰੋਂ ਚਾਰ ਦਸੰਬਰ ਤੋਂ ਕੇਸ ਦੀ ਜਾਂਚ ਸ਼ੁਰੂ ਕੀਤੀ ਹੈ। ਇਸ ਬਾਰੇ ਹਾਈ ਕੋਰਟ ਦੀ ਫਿਟਕਾਰ ਅਤੇ ਸਖਤੀ ਪਿੱਛੋਂ ਪੰਜਾਬ ਸਰਕਾਰ ਨੇ ਐੱਸ ਆਈ ਟੀ ਦੇ ਮੁਖੀ ਡੀ ਜੀ ਪੀ ਸਿਧਾਰਥ ਚਟੋਪਾਧਿਆਏ ਦੀ ਸੁਰੱਖਿਆ ਵਧਾ ਦਿੱਤੀ ਅਤੇ ਜਾਂਚ ਟੀਮ ਨੂੰ ਪੰਜਾਬ ਮਿੰਨੀ ਸਕੱਤਰੇਤ 'ਚ ਕਮਰਾ ਅਲਾਟ ਕਰ ਦਿੱਤਾ ਹੈ। ਇਸ ਕੇਸ ਦੇ ਸਾਰੇ ਦਸਤਾਵੇਜ਼ ਨਵੀਂ ਐੱਸ ਆਈ ਟੀ ਨੂੰ ਸਰਕਾਰ ਵੱਲੋਂ ਸੌਂਪੇ ਜਾ ਰਹੇ ਹਨ।

ਹਾਈ ਕੋਰਟ ਵਿੱਚ ਇਸ ਕੇਸ ਦੀ ਸੁਣਵਾਈ ਸਮੇਂ ਐੱਸ ਆਈ ਟੀ ਦੇ ਮੁਖੀ ਡੀ ਜੀ ਪੀ ਸਿਧਾਰਥ ਚਟੋਪਾਧਿਆਏ ਖੁਦ ਵੀ ਮੌਜੂਦ ਸਨ, ਜਿਨ੍ਹਾਂ ਤੋਂ ਕੋਰਟ ਨੇ ਪੁੱਛਿਆ ਕਿ ਕੀ ਉਹ ਸਰਕਾਰ ਵੱਲੋਂ ਦਿੱਤੀਆਂ ਸਹੂਲਤਾਂ ਤੋਂ ਸੰਤੁਸ਼ਟ ਹਨ ਤਾਂ ਉਨ੍ਹਾਂ ਦਾ ਹਾਂ-ਪੱਖੀ ਹੁੰਗਾਰਾ ਮਿਲਣ ਪਿੱਛੋਂ ਨੇ ਉਨ੍ਹਾਂ ਨੂੰ ਜਾਂਚ ਸ਼ੁਰੂ ਕਰਨ ਲਈ ਕਿਹਾ ਹੈ। ਇਸ ਦੀ ਸਟੇਟਸ ਰਿਪੋਰਟ ਦੇ ਲਈ ਤਿੰਨ ਮਹੀਨਿਆਂ ਦਾ ਸਮਾਂ ਮੰਗਣ ਉਤੇ ਕੋਰਟ ਨੇ ਉਨ੍ਹਾਂ ਦੀ ਮੰਗ ਮਨਜ਼ੂਰ ਕਰ ਲਈ ਹੈ। ਐੱਸ ਆਈ ਟੀ 'ਚ ਉਨ੍ਹਾਂ ਨਾਲ ਐੱਸ ਚੰਦਰ ਸ਼ੇਖਰ ਅਤੇ ਗੁਰਪ੍ਰੀਤ ਕੌਰ ਦਿਓ ਨੂੰ ਸ਼ਾਮਲ ਕੀਤਾ ਗਿਆ ਹੈ। ਵਰਨਗ ਯੋਗ ਹੈ ਕਿ ਬਰਗਾੜੀ ਮਾਮਲੇ ਵਿੱਚ ਸਸਪੈਂਡਿਡ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਉੱਤੇ ਇਸ ਫਰਜ਼ੀ ਪੁਲਸ ਮੁਕਾਬਲੇ ਦਾ ਦੋਸ਼ ਹੈ।

# ਪਿੰਡ ਭੂੰਦੜ ਦੇ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ

ਰਾਮਪੁਰਾ ਫੂਲ, 4 ਦਸੰਬਰ (ਪੋਸਟ ਬਿਊਰੋ)- ਨੇੜਲੇ ਪਿੰਡ ਭੂੰਦੜ ਦੇ ਨੌਜਵਾਨ ਰਣਜੀਤ ਸਿੰਘ ਉਰਫ਼ ਰਾਣਾ ਪੁੱਤਰ ਗੁਰਜੰਟ ਸਿੰਘ ਦਾ ਦਿਨ ਦਿਹਾੜੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਭੂੰਦੜ ਤੋਂ ਢੱਡੇ ਆਉਂਦੀ ਸੜਕ 'ਤੇ ਬਣੇ ਪੁਲ 'ਤੇ ਅਣਪਛਾਤੇ ਵਿਅਕਤੀਆਂ ਨੇ ਨੇ ਇਹ ਕਤਲ ਕੀਤਾ ਹੈ। ਪਤਾ ਲੱਗਾ ਹੈ ਕਿ ਮੋਟਰਸਾਈਕਲ 'ਤੇ ਸਵਾਰ ਦੋ ਵਿਅਕਤੀਆਂ ਨੇ ਰਣਜੀਤ ਸਿੰਘ ਨੂੰ ਗੋਲੀ ਮਾਰੀ ਅਤੇ ਫ਼ਰਾਰ ਹੋ ਗਏ। ਇਸ ਦੀ ਜਾਣਕਾਰੀ ਕਿਸੇ ਵਿਅਕਤੀ ਨੇ ਉਨ੍ਹਾਂ ਦੇ ਘਰ ਆ ਕੇ ਦਿੱਤੀ। ਇਸ ਮਗਰੋਂ ਪਿੰਡ ਦੇ ਪਤਵੰਤਿਆਂ ਤੇ ਪਰਵਾਰ ਨੇ ਪੁਲਸ ਨੂੰ ਦੱਸਿਆ। ਮੌੜ ਦੇ ਡੀ ਐਸ ਪੀ ਜਸਵੀਰ ਸਿੰਘ ਅਤੇ ਥਾਣਾ ਬਾਲਿਆਂਵਾਲੀ ਦੇ ਐਸ ਐਚ ਓ ਜੈ ਸਿੰਘ ਘਟਨਾ ਸਥਾਨ 'ਤੇ ਪਹੁੰਚੇ। ਮੀਡੀਆ ਨਾਲ ਗੱਲਬਾਤ ਕਰਦਿਆਂ ਐਸ ਐਚ ਓ ਜੈ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਰਵਾਰਕ ਮੈਂਬਰਾਂ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਕਤਲ ਦਾ ਕੇਸ ਦਰਜ ਕੀਤਾ ਗਿਆ ਹੈ।

# ਖੰਨਾ ਦੇ ਵਿਅਕਤੀ ਦੀ ਇਟਲੀ ਵਿੱਚ ਹੱਤਿਆ



ਖੰਨਾ, 4 ਦਸੰਬਰ (ਪੋਸਟ ਬਿਊਰੋ)- ਪੁਲਸ ਜ਼ਿਲਾ ਖੰਨਾ ਦੇ ਪਿੰਡ ਜੈਪੁਰਾ (ਪਾਇਲ) ਦੇ ਰਹਿਣ ਵਾਲੇ ਇੱਕ ਨੌਜਵਾਨ ਦੀ ਇਟਲੀ ਦੇ ਪਾਦੋਵਾ ਸ਼ਹਿਰ ਵਿੱਚ ਹੱਤਿਆ ਕਰ ਦਿੱਤੀ ਗਈ ਹੈ। ਕਾਤਲਾਂ ਨੇ ਨੌਜਵਾਨ ਦੇ ਸਰੀਰ 'ਤੇ ਤੇਜ਼ਧਾਰ ਹਥਿਆਰ ਨਾਲ 36 ਵਾਰ ਕੀਤੇ। ਇਹੀ ਨਹੀਂ, ਲਾਸ਼ ਨੂੰ ਖੁਰਦ ਬੁਰਦ ਕਰਨ ਲਈ ਕਾਤਲ ਨੇ ਲਾਸ਼ ਨੂੰ ਸਾੜਨ ਦੀ ਕੋਸ਼ਿਸ਼ ਵੀ ਕੀਤੀ ਸੀ, ਪਰ ਇੱਕ ਰਾਹਗੀਰ ਵੱਲੋਂ ਲਾਸ਼ ਸੜਨ ਦੀ ਬਦਬੂ ਆਉਣ ਦੀ ਸ਼ਿਕਾਇਤ ਦੇ ਬਾਅਦ ਪਾਦੋਵਾ ਪੁਲਸ ਨੇ ਘਰ ਵਿੱਚੋਂ ਉਸ ਨੌਜਵਾਨ ਦੀ ਅਧਸੜੀ ਲਾਸ਼ ਨੂੰ ਬਰਾਮਦ ਕਰ ਲਿਆ। ਇਟਲੀ ਬੁਲਸ ਨੇ ਇਸ ਹੱਤਿਆ ਬਾਰੇ ਉਕਤ ਨੌਜਵਾਨ ਦੇ ਘਰ ਦਿਆਂ ਨੂੰ ਇੱਕ ਚਿੱਠੀ ਦੇ ਜ਼ਰੀਏ ਜਾਣਕਾਰੀ ਭੇਜੀ ਹੈ।

ਮ੍ਰਿਤਕ ਦੀ ਪਤਨੀ ਸੁਖਵਿੰਦਰ ਕੌਰ ਨੇ ਦੱਸਿਆ ਕਿ ਉਹ ਪਹਿਲਾਂ ਪਿੰਡ ਜੈਪੁਰਾ (ਪਾਇਲ) ਵਿੱਚ ਰਹਿੰਦੇ ਸਨ ਤੇ ਅੱਜ ਕੱਲ੍ਹ ਦੋਰਾਹਾ ਵਿੱਚ ਰਹਿੰਦੇ ਹਨ। ਹੋਸ਼ਿਆਰ ਸਿੰਘ (43) ਕਰੀਬ 11 ਸਾਲ ਪਹਿਲਾਂ 2008 ਵਿੱਚ ਇਟਲੀ ਸੈਟ ਹੋਣ ਗਿਆ ਸੀ। ਉਸ ਦੀ ਪਤਨੀ ਦੇ ਅਨੁਸਾਰ ਹੋਸ਼ਿਆਰ ਨਾਲ ਉਸ ਦੀ ਆਖਰੀ ਵਾਰ ਗੱਲਬਾਤ 10 ਫਰਵਰੀ 2019 ਨੂੰ ਹੋਈ, ਜਿਸ ਦੇ ਬਾਅਦ ਤੋਂ ਉਸ ਦਾ ਕਿਤੇ ਕੋਈ ਪਤਾ ਨਹੀਂ ਲੱਗਾ ਤਾਂ ਪਰਵਾਰ ਨੇ ਉਸ ਨੂੰ ਲੱਭਣਾ ਸ਼ੁਰੂ ਕੀਤਾ ਤੇ ਸੋਸ਼ਲ ਮੀਡੀਆ ਦੇ ਰਾਹੀਂ ਵੀ ਤਲਾਸ਼ ਸ਼ੁਰੂ ਕੀਤੀ। ਉਸ ਦੇ ਦੋਸਤਾਂ ਆਦਿ ਨਾਲ ਵੀ ਕਈ ਵਾਰ ਸੰਪਰਕ ਕੀਤਾ, ਪਰ ਹੋਸ਼ਿਆਰ ਦੇ ਬਾਰੇ ਕੁਝ ਪਤਾ ਨਹੀਂ ਲੱਗਾ। ਕੱਲ੍ਹ ਉਨ੍ਹਾਂ ਨੂੰ ਇਟਲੀ ਪੁਲਸ ਵੱਲੋਂ ਭੇਜੀ ਚਿੱਠੀ ਮਿਲੀ ਹੈ, ਜਿਸ ਵਿੱਚ ਲਿਖਿਆ ਸੀ ਕਿ ਹੋਸ਼ਿਆਰ ਦਾ ਕਤਲ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਚਿੱਠੀ ਵਿੱਚ ਲਿਖਿਆ ਕਿ ਇਟਲੀ ਦੇ ਸ਼ਹਿਰ ਪਾਦੋਵਾ ਵਿੱਚ ਇੱਕ ਭਾਰਤੀ ਵਿਅਕਤੀ ਹੋਸ਼ਿਆਰ ਸਿੰਘ ਦੀ ਚਾਕੂਆਂ ਨਾਲ ਦਰਜਨਾਂ ਵਾਰ ਕਰ ਕੇ ਹੱਤਿਆ ਕੀਤੀ ਗਈ ਹੈ ਜਿਸ ਦੇ ਬਾਅਦ ਮ੍ਰਿਤਕ ਦੀ ਲਾਸ਼ ਸਾੜਨ ਦੀ ਕੋਸ਼ਿਸ਼ ਵੀ ਕੀਤੀ ਗਈ ਹੈ। ਇਸ ਬਾਰੇ ਇਟਲੀ ਪੁਲਸ ਨੇ ਹੋਸ਼ਿਆਰ ਦੇ ਨਾਲ ਰਹਿਣ ਵਾਲੇ ਇੱਕ ਭਾਰਤੀ ਸੰਜੇ ਨੂੰ ਵੀ ਹਿਰਾਸਤ ਵਿੱਚ ਲਿਆ ਅਤੇ ਉਸ ਤੋਂ ਪੁੱਛਗਿੱਛ ਕੀਤੀ। ਉਥੇ ਘਰ ਦੇ ਸਾਹਮਣੇ ਰਹਿਣ ਵਾਲੇ ਇੱਕ ਪਾਕਿਸਤਾਨੀ ਨਾਗਰਿਕ ਤੋਂ ਵੀ ਪੁੱਛਗਿੱਛ ਕੀਤੀ।

# ਪ੍ਰੋ: ਦਵਿੰਦਰਪਾਲ ਭੁੱਲਰ ਦੀ ਰਿਹਾਈ ਦੇ ਹੁਕਮ ਨਾ ਆਉਣ ਕਾਰਨ ਪਰਿਵਾਰ ਪ੍ਰੇਸ਼ਾਨ

ਅੰਮ੍ਰਿਤਸਰ, 4 ਦਸੰਬਰ (ਪੋਸਟ ਬਿਊਰੋ)- ਸਥਾਨਕ ਕੇਂਦਰੀ ਜੇਲ੍ਹ ਵਿੱਚ ਬੰਦ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਛੱਡਣ ਦੇ ਲਈ ਲੋੜੀਂਦੇ ਆਦੇਸ਼ ਨਾ ਆਉਣ ਕਾਰਨ ਉਸ ਦੀ ਪਤਨੀ ਤੇ ਹੋਰ ਪਰਵਾਰਕ ਮੈਂਬਰ ਪ੍ਰੇਸ਼ਾਨ ਹਨ। ਪੈਰੋਲ ਖਤਮ ਹੋਣ ਮਗਰੋਂ ਪ੍ਰੋ. ਭੁੱਲਰ ਨੂੰ ਮੁੜ ਜੇਲ੍ਹ ਭੇਜ ਦਿੱਤਾ ਗਿਆ ਹੈ, ਪਰ ਅਗਲੇ ਹੁਕਮ ਨਹੀਂ ਆ ਰਹੇ।



ਵਰਨਣ ਯੋਗ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕੇਂਦਰ ਦੀ ਸਰਕਾਰ ਨੇ ਨੌਂ ਸਿੱਖ ਕੈਦੀਆਂ ਨੂੰ ਛੱਡਣ ਦਾ ਫੈਸਲਾ ਕੀਤਾ ਸੀ। ਇਨ੍ਹਾਂ ਵਿੱਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦਾ ਨਾਂ ਸੀ, ਪਰ ਅਜੇ ਤੱਕ ਜੇਲ੍ਹ ਪ੍ਰਸ਼ਾਸਨ ਨੂੰ ਉਹਦੀ ਰਿਹਾਈ ਦੇ ਕੋਈ ਹੁਕਮ ਨਹੀਂ ਮਿਲੇ। ਪ੍ਰੋ. ਭੁੱਲਰ ਦੀ ਪਤਨੀ ਨਵਨੀਤ ਕੌਰ ਭੁੱਲਰ ਨੇ ਦੱਸਿਆ ਕਿ ਉਸ ਦਾ ਪਤੀ ਕੁਝ ਦਿਨ ਪਹਿਲਾਂ ਪੈਰੋਲ 'ਤੇ ਘਰ ਆਇਆ ਸੀ ਅਤੇ ਘਰ ਦੇ ਮਾਹੌਲ ਨਾਲ ਉਹਦੀ ਸਿਹਤ ਵਿੱਚ ਪਹਿਲਾਂ ਨਾਲੋਂ ਸੁਧਾਰ ਸੀ, ਪਰ ਪੈਰੋਲ ਖਤਮ ਹੋਣ ਮਗਰੋਂ ਉਹਨੂੰ 29 ਨਵੰਬਰ ਨੂੰ ਮੁੜ ਜੇਲ੍ਹ ਭੇਜ ਦਿੱਤਾ ਗਿਆ ਹੈ। ਉਸ ਨੂੰ ਡਰ ਹੈ ਕਿ ਜੇਲ੍ਹ ਵਾਲੇ ਮਾਹੌਲ ਵਿੱਚ ਉਹਦੀ ਹਾਲਤ ਮੁੜ ਪਹਿਲਾਂ ਵਾਂਗ ਨਾ ਹੋ ਜਾਵੇ।ਅੰਮ੍ਰਿਤਸਰ ਕੇਂਦਰੀ ਜੇਲ੍ਹ ਦੇ ਸੁਪਰਡੈਂਟ ਅਰਸ਼ਦੀਪ ਸਿੰਘ ਗਿੱਲ ਨੇ ਕਿਹਾ ਕਿ ਪ੍ਰੋ. ਭੁੱਲਰ ਨੂੰ ਇਲਾਜ ਲਈ ਫਿਰ ਜੇਲ੍ਹ ਦੇ ਮਨੋਰੋਗ ਵਾਰਡ ਵਿੱਚ ਭੇਜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਉਹਦੀ ਰਿਹਾਈ ਦੇ ਕੋਈ ਆਦੇਸ਼ ਹਾਲੇ ਸਰਕਾਰ ਵੱਲੋਂ ਨਹੀਂ ਮਿਲੇ।

ਦਵਿੰਦਰਪਾਲ ਸਿੰਘ ਭੁੱਲਰ ਨੂੰ 1993 ਵਿੱਚ ਦਿੱਲੀ ਵਿੱਚ ਹੋਏ ਧਮਾਕਾ ਕੇਸ ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ, ਜੋ 2014 ਵਿੱਚ ਉਮਰ ਕੈਦ ਵਿੱਚ ਬਦਲ ਦਿੱਤੀ ਗਈ ਸੀ। ਤਿਹਾੜ ਜੇਲ੍ਹ ਵਿੱਚ ਲੰਮਾ ਸਮਾਂ ਬੰਦ ਰਹਿਣ ਦੌਰਾਨ ਉਸ ਨੂੰ ਸੀਜ਼ੋਫਰੇਨੀਆ ਨਾਂ ਦੇ ਮਾਨਸਿਕ ਰੋਗ ਨੇ ਜਕੜ ਲਿਆ ਸੀ, ਜਿਸ ਕਾਰਨ ਉਹ ਹਰ ਗੱਲ ਨੂੰ ਭੁੱਲਣ ਲੱਗ ਪਿਆ। ਕੁਝ ਸਾਲ ਪਹਿਲਾਂ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿੱਚ ਭੇਜੇ ਜਾਣ ਮਗਰੋਂ ਉਸ ਨੂੰ ਸਰਕਾਰੀ ਮੈਡੀਕਲ ਕਾਲਜ ਦੇ ਪ੍ਰਬੰਧ ਹੇਠ ਸਵਾਮੀ ਵਿਵੇਕਾਨੰਦ ਮਨੋਰੋਗ ਵਾਰਡ ਵਿੱਚ ਜ਼ੇਰੇ ਇਲਾਜ ਰੱਖਿਆ ਗਿਆ ਸੀ।

# ਰੰਧਾਵਾ ਦੀ ਬਰਖਾਸਤਗੀ ਲਈ ਸੁਖਬੀਰ ਸਿੰਘ ਬਾਦਲ ਗਵਰਨਰ ਨੂੰ ਜਾ ਕੇ ਮਿਲੇ

ਚੰਡੀਗੜ੍ਹ, 4 ਦਸੰਬਰ (ਪੋਸਟ ਬਿਊਰੋ)- ਅਕਾਲੀ ਦਲ ਤੇ ਭਾਜਪਾ ਨੇ ਕੱਲ੍ਹ ਗਵਰਨਰ ਵੀ ਪੀ ਸਿੰਘ ਬਦਨੌਰ ਨੂੰ ਅਪੀਲ ਕੀਤੀ ਹੈ ਕਿ ਜੇਲ੍ਹਾਂ ਵਿੱਚ ਗੈਂਗਸਟਰਾਂ ਨੂੰ ਮਨਮਾਨੀਆਂ ਦੀ ਖੁੱਲ ਦੇ ਕੇ ਸੂਬੇ ਅੰਦਰ ਅਰਾਜਕਤਾ ਦਾ ਮਾਹੌਲ ਬਣਾਉਣ ਦੇ ਕਾਰਨ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਬਰਖਾਸਤ ਕਰਨ ਦੀ ਸਿਫਾਰਿਸ਼ ਕਰਨ ਦਾ ਨਿਰਦੇਸ਼ ਦੇਣ। ਇਸ ਤੋਂ ਇਲਾਵਾ ਦੋਵਾਂ ਪਾਰਟੀਆਂ ਨੇ ਜੇਲ੍ਹ ਮੰਤਰੀ 'ਤੇ ਸਾਬਕਾ ਅਕਾਲੀ ਸਰਪੰਚ ਦਲਬੀਰ ਸਿੰਘ ਢਿੱਲਵਾਂ ਦੇ ਕਤਲ ਜੱਗੂ ਭਗਵਾਨਪੁਰੀਆ ਦੀ ਸਰਪ੍ਰਸਤੀ ਦਾ ਦੋਸ਼ ਵੀ ਲਾਇਆ ਹੈ।



ਵਰਨਣ ਯੋਗ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਵਿਜੈ ਸਾਂਪਲਾ ਦੀ ਅਗਵਾਈ ਵਿੱਚ ਅਕਾਲੀ-ਭਾਜਪਾ ਵਫ਼ਦ ਨੇ ਗਵਰਨਰ ਨੂੰ ਗੈਂਗਸਟਰਾਂ ਨਾਲ ਸਬੰਧਿਤ ਅਪਰਾਧਾਂ ਦੇ ਵੱਧ ਰਹੇ ਕੇਸਾਂ ਬਾਰੇ ਦੱਸਿਆ ਤੇ ਕਿਹਾ ਕਿ ਇਹ ਸਭ ਜੇਲ੍ਹ ਮੰਤਰੀ ਦੀ ਸਰਪ੍ਰਸਤੀ ਕਰਕੇ ਹੋ ਰਿਹਾ ਹੈ। ਵਫ਼ਦ ਨੇ ਗਵਰਨਰ ਨੂੰ ਗੈਂਗਸਟਰ-ਮੰਤਰੀ ਗਠਜੋੜ ਦੀ ਸੀ ਬੀ ਆਈ ਜਾਂਚ ਦੀ ਸਿਫਾਰਿਸ਼ ਕਰਨ ਦੇ ਨਾਲ ਇਹ ਅਪੀਲ ਕੀਤੀ ਕਿ ਉਹ ਪੰਜਾਬ ਵਿੱਚ ਅਮਨ-ਕਾਨੂੰਨ ਵਿਵਸਥਾ ਤਹਿਸ-ਨਹਿਸ ਹੋਣ ਦੀ ਰਿਪੋਰਟ ਗ੍ਰਹਿ ਮੰਤਰਾਲੇ ਨੂੰ ਭੇਜਣ ਅਤੇ ਦਲਬੀਰ ਢਿੱਲਵਾਂ ਦੇ ਪੀੜਤ ਪਰਿਵਾਰ ਨੂੰ ਇਨਸਾਫ ਦਿਵਾਉਣ।

# ਦੋ ਸਾਲ ਪੈਸਾ ਲੈਣ ਪਿੱਛੋਂ ਇੰਪਰੂਵਮੈਂਟ ਟਰੱਸਟ ਨੇ ਕਿਹਾ, ਫਲੈਟ ਤਾਂ ਹੈ ਹੀ ਨਹੀਂ

ਜਲੰਧਰ, 4 ਦਸੰਬਰ (ਪੋਸਟ ਬਿਊਰੋ)- ਇਸ ਨਗਰ ਦੀ ਇੰਪਰੂਵਮੈਂਟ ਟਰੱਸਟ ਦੀ ਸਕੀਮ ਬੀਬੀ ਭਾਨੀ ਕੰਪਲੈਕਸ, 51.5 ਏਕੜ ਸਕੀਮ ਵਿੱਚ ਗੜਬੜ ਕਾਰਨ ਟਰੱਸਟ ਦੀ ਬੇਇੱਜ਼ਤੀ ਰੁਕਣ ਦਾ ਨਾਂਅ ਨਹੀਂ ਲੈ ਰਹੀ। ਇੱਕ ਤਾਜ਼ਾ ਮਾਮਲਾ ਹਾਊਸਿੰਗ ਬੋਰਡ ਕਲੋਨੀ, ਅਰਬਨ ਅਸਟੇਟ ਦੀ ਰਹਿਣ ਵਾਲੀ ਗੀਤਿਕਾ ਐੱਮ ਗਰੋਵਰ ਦਾ ਹੈ।

ਇਸ ਸੰਬੰਧ ਵਿੱਚ ਗੀਤਿਕਾ ਨੇ ਦੱਸਿਆ ਕਿ ਜਨਵਰੀ 2010 ਵਿੱਚ ਉਨ੍ਹਾਂ ਨੂੰ ਬੀਬੀ ਭਾਨੀ ਕੰਪਲੈਕਸ ਸਕੀਮ ਦਾ ਗਰਾਊਂਡ ਫਲੋਰ ਦਾ 5ਏ ਫਲੈਟ ਅਲਾਟ ਹੋਇਆ ਸੀ। ਉਨ੍ਹਾਂ ਨੇ ਛੇ ਲੱਖ 1800 ਰੁਪਏ ਜਲੰਧਰ ਇੰਪਰੂਵਮੈਂਟ ਟਰੱਸਟ (ਜੇ ਆਈ ਟੀ) ਨੂੰ ਰੈਗੂਲਰ ਜਮ੍ਹਾ ਕਰਵਾਏ। ਜੁਲਾਈ 2012 ਵਿੱਚ ਜਦ ਕਬਜ਼ਾ ਮਿਲਣ ਦੀ ਵਾਰੀ ਆਈ ਤਾਂ ਪਤਾ ਲੱਗਾ ਕਿ ਇਸ ਨੰਬਰ ਦਾ ਕੋਈ ਫਲੈਟ ਹੀ ਨਹੀਂ। ਜੇ ਆਈ ਟੀ ਦੇ ਕਈ ਚੱਕਰ ਲਾਉਣ ਪਿੱਛੋਂ ਤਿੰਨ ਦਸੰਬਰ 2018 ਨੂੰ ਉਨ੍ਹਾਂ ਨੇ ਜ਼ਿਲਾ ਕੰਜ਼ਿਊਮਰ ਫੋਰਮ ਵਿੱਚ ਕੇਸ ਦਾਇਰ ਕੀਤਾ। ਪ੍ਰੈਜ਼ੀਡੈਂਟ ਕਰਨੈਲ ਸਿੰਘ ਨੇ ਫਲੈਟ ਦੀ ਪ੍ਰਿੰਸੀਪਲ ਅਮਾਊਂਟ ਛੇ ਲੱਖ 1800 ਰੁਪਏ ਅਤੇ 12 ਫੀਸਦੀ ਵਿਆਜ ਅਤੇ 50 ਹਜ਼ਾਰ ਮੁਆਵਜ਼ੇ ਅਤੇ ਪੰਜ ਹਜ਼ਾਰ ਵਕੀਲ ਖਰਚ ਦੇ ਸਮੇਤ ਦੇਣ ਦਾ ਜੇ ਆਈ ਟੀ ਨੂੰ ਹੁਕਮ ਦਿੱਤਾ ਹੈ। ਜ਼ਿਲਾ ਕੰਜ਼ਿਊਮਰ ਫੋਰਮ ਵੱਲੋਂ 39ਵਾਂ ਕੇਸ ਬੀਬੀ ਭਾਨੀ ਕੰਪਲੈਕਸ ਅਲਾਟੀ ਐਸੋਸੀਏਸ਼ਨ ਦੇ ਹੱਕ ਵਿੱਚ ਸੁਣਾਇਆ ਗਿਆ ਹੈ।



# ਐੱਫ ਡੀ ਆਰ ਮੁੱਦੇ ਉੱਤੇ ਸਕੂਲ ਬੋਰਡ ਨੂੰ ਝਟਕਾ, ਹਾਈ ਕੋਰਟ ਨੇ ਸਟੇਅ ਦਿੱਤਾ



ਅੰਮ੍ਰਿਤਸਰ, 4 ਦਸੰਬਰ (ਪੋਸਟ ਬਿਊਰੋ)- ਐੱਫ ਡੀ ਆਰ ਮੁੱਦੇ ਉੱਤੇ ਪੰਜਾਬ ਸਕੂਲ ਸਿਖਿਆ ਬੋਰਡ ਨੂੰ ਹਾਈ ਕੋਰਟ ਦੇ ਜਸਟਿਸ ਗਰੀਸ਼ ਅਗਨੀਹੋਤਰੀ ਦੇ ਹੁਕਮ ਨਾਲ ਝਟਕਾ ਲੱਗਾ ਹੈ। ਕੋਰਟ ਨੇ ਰੈਕਾਗਨਾਈਜ਼ਡ ਐਫੀਲੀਏਟਿਡ ਸਕੂਲ ਐਸੋਸੀਏਸ਼ਨ (ਰਾਸਾ) ਦੀ ਪਟੀਸ਼ਨ 'ਤੇ ਸਕੂਲ ਬੋਰਡ ਦੇ ਫੈਸਲੇ ਉਤੇ ਸਟੇਅ ਜਾਰੀ ਕਰ ਦਿੱਤਾ ਹੈ। ਇਹ ਸਟੇਅ ਤਿੰਨ ਮਾਰਚ 2020 ਤੱਕ ਰਹੇਗਾ, ਜਿਸ ਦੌਰਾਨ ਬੋਰਡ ਪ੍ਰਾਈਵੇਟ ਸਕੂਲਾਂ ਨੂੰ ਐੱਫ ਡੀ ਆਰ ਲਈ ਪ੍ਰੇਸ਼ਾਨ ਨਹੀਂ ਕਰੇਗਾ। ਇਸ ਦੇ ਬਾਅਦ ਪ੍ਰਾਈਵੇਟ ਸਕੂਲ ਆਪਣਾ ਪੱਖ ਕੋਰਟ ਵਿੱਚ ਪੇਸ਼ ਕਰਨਗੇ।

ਰਾਸਾ ਦੇ ਪੰਜਾਬ ਦੇ ਜਨਰਲ ਸੈਕਟਰੀ ਪੰਡਿਤ ਸੁਜੀਤ ਬਬਲੂ, ਪ੍ਰਿੰਸੀਪਲ ਸੁਸ਼ੀਲ ਗੁਪਤਾ ਅਤੇ ਰਾਸਾ ਦੇ ਕਾਨੂੰਨੀ ਸਲਾਹਕਾਰ ਹਰਪਾਲ ਸਿੰਘ ਨੇ ਦੱਸਿਆ ਕਿ ਪੰਜਾਬ ਵਿੱਚ 4000 ਹਜ਼ਾਰ ਪ੍ਰਾਈਵੇਟ ਸਕੂਲ ਹਨ। ਕੁਝ ਸਕੂਲਾਂ ਦੇ ਕੋਲ 10ਵੀਂ ਅਤੇ 12 ਬੋਰਡ ਦੀ ਐਫੀਲੀਏਸ਼ਨ ਹੈ, ਕਈ ਸਕੂਲਾਂ ਨੇ ਪਹਿਲਾਂ ਤੋਂ 10ਵੀਂ-12ਵੀਂ ਦੀ ਐਫੀਲੇਸ਼ਨ ਲਈ ਹੋਈ ਸੀ। ਇਥੇ ਸਕੂਲ ਬੋਰਡ ਦੇ ਪੇਪਰਾਂ ਦਾ ਸੈਂਟਰ ਵੀ ਬਣਦਾ ਸੀ। ਸਾਲ 2009 ਵਿੱਚ ਬੋਰਡ ਨੇ 10ਵੀਂ ਦੀ ਐਫੀਲੀਏਸ਼ਨ ਦੀ ਫੀਸ 75 ਹਜ਼ਾਰ ਰੁਪਏ ਅਤੇ 12ਵੀਂ ਕਲਾਸ ਇੱਕ ਲੱਖ ਰੁਪਏ ਕਰ ਦਿੱਤੇ। ਇਸ ਦੇ ਨਾਲ ਹੋਰ ਵੋਕੇਸ਼ਨਲ ਕੋਰਸ ਦੇ ਲਈ 25-25 ਹਜ਼ਾਰ ਰੱਖੇ ਹਨ। ਇਸ ਤੋਂ ਪਹਿਲਾਂ ਇਹ ਰਾਸ਼ੀ ਹਜ਼ਾਰਾਂ ਰੁਪਏ ਸੀ ਅਤੇ ਇਸ ਦੀ ਫਿਕਸ ਡਿਪਾਜ਼ਿਟ ਰਸੀਦ (ਐੱਫ ਡੀ ਆਰ} ਬਣਦੀ ਸੀ। ਇਹ ਐੱਫ ਡੀ ਆਰ ਸਕੂਲ ਮੈਨੇਜਰ ਤੇ ਬੋਰਡ ਦੇ ਸੈਕਟਰੀ ਦੇ ਨਾਂਅ ਬਣਦੀ ਸੀ ਜਿਸ ਦਾ ਬੈਂਕ ਵਿਆਜ ਸਕੂਲ ਪ੍ਰਬੰਧਕ ਲੈਂਦੇ ਸਨ, ਪ੍ਰੰਤੂ ਬਾਅਦ ਵਿੱਚ ਬੋਰਡ ਨੇ ਹੁਕਮ ਦੇ ਦਿੱਤਾ ਕਿ ਪੁਰਾਣੇ ਐੱਫ ਡੀ ਆਰ ਨੂੰ ਸਕੂਲ ਪ੍ਰਬੰਧਕ ਤੁੜਵਾ ਕੇ ਸਕਿਓਰਿਟੀ ਰਾਸ਼ੀ ਉਨ੍ਹਾਂ ਕੋਲ ਨਕਦ ਜਮ੍ਹਾਂ ਕਰਵਾਉਣ। ਜੇ ਉਹ ਅਜਿਹਾ ਕਰਦੇ ਹਨ ਤਾਂ ਸਕੂਲ ਪ੍ਰਬੰਧਕ ਦਾ ਸਕਿਓਰਿਟੀ 'ਤੇ ਕੋਈ ਹੱਕ ਨਹੀਂ ਰਹਿ ਜਾਏਗਾ। ਉਨ੍ਹਾਂ ਨੇ ਆਪਣੀ ਇਸ ਬਾਰੇ ਪੰਜਾਬ ਸਕੂਲ ਸਿਖਿਆ ਬੋਰਡ ਸਮੇਤ ਸਰਕਾਰਾਂ ਦੇ ਕਈ ਨੇਤਾਵਾਂ ਨਾਲ ਮੁਲਾਕਾਤ ਕੀਤੀ, ਪਰ ਸਮੱਸਿਆ ਦਾ ਹੱਲ ਨਹੀਂ ਨਿਕਲਿਆ ਤਾਂ ਉਨ੍ਹਾਂ ਨੂੰ ਕੋਰਟ ਦਾ ਸਹਾਰਾ ਲੈਣਾ ਪਿਆ ਹੈ।

# ਰਾਤ ਵੇਲੇ ਕੋਈ ਸਾਧਨ ਨਹੀਂ ਤਾਂ ਔਰਤਾਂ 100, 112 ਅਤੇ 181 ਡਾਇਲ ਕਰਨ, ਪੁਲਸ ਘਰ ਛੱਡੇਗੀ

ਚੰਡੀਗੜ੍ਹ, 4 ਦਸੰਬਰ (ਪੋਸਟ ਬਿਊਰੋ)- ਔਰਤਾਂ ਦੀ ਸੁਰੱਖਿਆ ਲਈ ਲੁਧਿਆਣਾ ਵਿੱਚ ਲਾਗੂ ਕੀਤੀ ਸਹੂਲਤ ਅੱਗੋਂ ਪੂਰੇ ਪੰਜਾਬ ਵਿੱਚ ਲਾਗੂ ਕਰ ਦਿੱਤੀ ਗਈ ਹੈ। ਜੇ ਔਰਤਾਂ ਨੂੰ ਰਾਤ ਨੂੰ ਘਰ ਜਾਣ ਦਾ ਕੋਈ ਸਾਧਨ ਨਹੀਂ ਮਿਲਦਾ ਤਾਂ ਪੁਲਸ ਕੰਟਰੋਲ ਰੂਮ ਦੇ ਨੰਬਰ 100, 112 ਅਤੇ ਸਰਕਾਰ ਦੀ ਹੈਲਪਲਾਈਨ ਨੰਬਰ 181 'ਤੇ ਕਾਲ ਕਰ ਕੇ ਮਦਦ ਮੰਗ ਲੈਣ ਤਾਂ ਪੁਲਸ ਉਨ੍ਹਾਂ ਨੂੰ ਘਰ ਛੱਡ ਕੇ ਆਵੇਗੀ। ਇਹ ਸਹੂਲਤ ਰਾਤ ਨੌਂ ਵਜੇ ਤੋਂ ਸਵੇਰੇ ਛੇ ਵਜੇ ਤੱਕ ਮਿਲੇਗੀ। ਕਾਲ ਕਰਨ ਦੇ ਛੇ-ਸੱਤ ਮਿੰਟ ਵਿੱਚ ਪੀ ਸੀ ਆਰ ਉਨ੍ਹਾਂ ਤੱਕ ਪਹੁੰਚ ਜਾਏਗੀ। ਪੁਲਸ ਕੇਵਲ ਮਹਿਲਾ ਨੂੰ ਉਸ ਦੇ ਘਰ ਦੇ ਬਾਹਰ ਨਹੀਂ ਛੱਡੇਗੀ, ਬਲਕਿ ਡੋਰ ਬੈੱਲ ਵਜਾ ਕੇ ਪਰਵਾਰ ਨੂੰ ਸੌਂਪ ਕੇ ਆਵੇਗੀ।




ਏ ਡੀ ਜੀ ਪੀ (ਕਰਾਈਮ) ਗੁਰਪ੍ਰੀਤ ਕੌਰ ਦਿਓ ਇਸ ਪ੍ਰਾਜੈਕਟ ਦੇ ਲਈ ਨੋਡਲ ਅਫਸਰ ਹੋਣਗੇ। ਉਨ੍ਹਾ ਨੇ ਸਾਰੇ ਜ਼ਿਲਿਆਂ ਦੇ ਐੱਸ ਐੱਸ ਪੀਜ਼ ਨੂੰ ਹੁਕਮ ਦਿੱਤੇ ਹਨ ਕਿ ਇਸ ਵਿੱਚ ਕੋਈ ਕੋਤਾਹੀ ਨਾ ਹੋਵੇ। ਪੰਜਾਬ ਪੁਲਸ ਦੇ ਮੁਖੀ ਡੀ ਜੀ ਪੀ ਦਿਨਕਰ ਗੁਪਤਾ ਦੇ ਮੁਤਾਬਕ ਪੀ ਸੀ ਆਰ ਵਿੱਚ ਮਹਿਲਾ ਪੁਲਸ ਮੁਲਾਜ਼ਮ ਵੀ ਹੋਣਗੀਆਂ। ਇਹ ਵਿਵਸਥਾ ਲੁਧਿਆਣਾ ਵਿੱਚ ਦੋ ਦਿਨ ਪਹਿਲਾਂ ਸ਼ੁਰੂ ਹੋ ਚੁੱਕੀ ਹੈ। ਪੁਲਸ ਜਦ ਅਜਿਹੀ ਸਥਿਤੀ ਵਿੱਚ ਕਿਸੇ ਔਰਤ ਨੂੰ ਉਸ ਦੇ ਘਰ ਛੱਡ ਕੇ ਆਏਗੀ ਤਾਂ ਉਸ ਦਾ ਪੂਰਾ ਰਿਕ-ਾਰਡ ਵੀ ਮੇਂਟੇਨ ਕਰੇਗੀ ਕਿ ਕਿੱਥੋਂ ਉਸ ਨੂੰ ਪਿਕ ਕੀਤਾ ਅਤੇ ਕਿੱਥੇ ਉਸ ਦੇ ਘਰ ਉਸ ਦੇ ਪਰਵਾਰ ਨੂੰ ਸੌਂਪਿਆ। ਪੁਲਸ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਉਸ ਰਿਕਾਰਡ ਦੀ ਘੋਖ ਕੀਤੀ ਜਾਏਗੀ।

# ਮੰਨਾ ਕਤਲ ਕੇਸ, ਪੁਲਸ ਨੇ ਰਾਜੂ ਦੀ ਗ੍ਰਿਫ਼ਤਾਰੀ ਲਈ ਇੱਕ ਲੱਖ ਰੁਪਏ ਦਾ ਇਨਾਮ ਰੱਖਿਆ

ਮੁਕਤਸਰ ਸਾਹਿਬ, 4 ਦਸੰਬਰ (ਪੋਸਟ ਬਿਊਰੋ)- ਕੱਲ੍ਹ ਸ਼ਾਮ ਮਲੋਟ ਦੇ ਸਕਾਈ ਮਾਲ ਵਿਚਲੇ ਜਿੰਮ ਦੇ ਬਾਹਰ ਮਨਪ੍ਰੀਤ ਮੰਨਾ ਦੇ ਕਤਲ ਤੋਂ ਬਾਅਦ ਫੇਸਬੁਕ 'ਤੇ ਇਸ ਦੀ ਜ਼ਿੰਮੇਵਾਰੀ ਲੈ ਕੇ ਬਦਮਾਸ਼ਾਂ ਨੇ ਸਿੱਧਾ ਪੁਲਸ ਨੂੰ ਲਲਕਾਰਿਆ ਹੈ। ਇਸ ਕਤਲ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਗੈਂਗ ਨੇ ਲਈ ਹੈ। ਇਸ ਕਾਰਨ ਹਰਿਆਣਾ ਦੀ ਪੁਲਸ ਨੇ ਬਿਸ਼ਨੋਈ ਪਿੰਡ ਦੇ ਰਹਿਣ ਵਾਲੇ ਰਾਜ ਕੁਮਾਰ ਉਰਫ ਰਾਜੂ ਉੱਤੇ ਇੱਕ ਲੱਖ ਰੁਪਏ ਦਾ ਇਨਾਮ ਰੱਖਿਆ ਹੈ। ਪੁਲਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੁਲਸ ਰਿਕਾਰਡ ਮੁਤਾਬਕ ਰਾਜੂ ਦੇ ਖਿਲਾਫ 15 ਜੁਰਮਾਂ ਦੇ ਕੇਸ ਚੱਲਦੇ ਹਨ। ਉਹ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ 'ਚ ਕਤਲ, ਲੁੱਟ ਖੋਹ ਆਦਿ ਦੇ ਕੇਸ ਵਿੱਚ ਸ਼ਾਮਲ ਰਿਹਾ ਹੈ। ਪੁਲਸ ਦੇ ਮੁਤਾਬਕ ਮੰਨਾ ਦਾ ਕਤਲ ਕਰਨ ਪਿੱਛੋਂ ਲਾਰੈਂਸ ਬਿਸ਼ਨੋਈ ਗੈਂਗ ਨੇ ਫੇਸਬੁਕ 'ਤੇ ਇਸ ਦੀ ਜ਼ਿੰਮੇਵਾਰੀ ਲਈ ਅਤੇ ਲਿਖਿਆ ਹੈ ਕਿ 'ਜੋ ਮੰਨਾ ਮਲੋਟ ਵਿਖੇ ਜਿੰਮ ਦੇ ਬਾਹਰ ਮਾਰਿਆ ਗਿਆ ਹੈ, ਉਸ ਨੂੰ ਮੈਂ (ਰਾਜੂ) ਖੁਦ ਆਪਣੇ ਹੱਥਾਂ ਨਾਲ ਮਾਰ ਕੇ ਗਿਆ ਹਾਂ।' ਇਹ ਕੰਮ ਮੈਂ ਤੇ ਲਾਰੈਂਸ ਬਿਸ਼ਨੋਈ ਨੇ ਮਿਲ ਕੇ ਕੀਤਾ ਹੈ। ਮੰਨਾ ਦਾ ਕਤਲ ਮੈਂ ਇਸ ਕਰ ਕੇ ਕੀਤਾ, ਕਿਉਂਕਿ ਉਸ ਨੇ ਮੇਰੇ ਭਰਾ ਅੰਕਿਤ ਦੀ ਮੁਖਬਰੀ ਕੀਤੀ ਸੀ।



# 14 ਸਾਲਾ ਅੱਲ੍ਹੜ ਨੂੰ ਅਗ਼ਵਾ ਕਰਨ ਵਾਲੇ 18 ਸਾਲ ਬਾਅਦ ਫੜੇ

ਲਾਲੜੂ, 4 ਦਸੰਬਰ (ਪੋਸਟ ਬਿਊਰੋ)- 18 ਸਾਲ ਪਹਿਲਾਂ 14 ਸਾਲਾ ਨਾਬਾਲਿਗ ਕੁੜੀ ਨੂੰ ਅਗਵਾ ਕਰਨ ਵਾਲੇ ਦੋ ਮੁਲਜ਼ਮਾਂ ਨੂੰ ਪੁਲਸ ਨੇ ਦਿੱਲੀ ਤੋਂ ਗ੍ਰਿਫਤਾਰ ਕਰ ਲਿਆ ਹੈ। ਇਸ ਮਾਮਲੇ ਦੇ ਚਾਰ ਦੋਸ਼ੀਆਂ ਨੂੰ ਅਦਾਲਤ ਨੇ 14 ਸਾਲ ਪਹਿਲਾਂ ਭਗੌੜਾ ਕਰਾਰ ਦੇ ਦਿੱਤਾ ਸੀ, ਜਿਨ੍ਹਾਂ ਨੂੰ 16 ਸਤੰਬਰ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਕੇਸ ਦੀ ਗੰਭੀਰਤਾ ਇਹ ਹੈ ਕਿ ਕੁੜੀ ਇਸ ਵਕਤ ਤਿੰਨ ਬੱਚਿਆਂ ਦੀ ਮਾਂ ਹੈ, ਜਿਸ ਦੀ ਵੱਡੀ ਲੜਕੀ ਦੀ ਉਮਰ 17 ਸਾਲ ਦੱਸੀ ਜਾਂਦੀ ਹੈ। ਗ੍ਰਿਫਤਾਰ ਕੀਤੇ ਦੋਸ਼ੀਆਂ ਤੋਂ ਪੁਲਸ ਪੁੱਛਗਿੱਛ ਕਰ ਰਹੀ ਹੈ। ਵਰਨਣ ਯੋਗ ਹੈ ਕਿ 23 ਜੂਨ 2001 ਨੂੰ ਲੜਕੀ ਦੇ ਪਿਤਾ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਹ ਆਪਣੀ ਪਤਨੀ ਤੇ ਬੱਚਿਆਂ ਸਮੇਤ ਲਾਲੜੂ ਨੇੜੇ ਇੱਕ ਪਿੰਡ 'ਚ ਬਣ ਰਹੀ ਸੜਕ 'ਤੇ ਕੰਮ ਕਰਨ ਆਇਆ ਸੀ। 4 ਜੂਨ 2001 ਦੀ ਰਾਤ ਕਰੀਬ 2 ਵਜੇ ਉਹ ਆਪਣੇ ਬੱਚਿਆਂ ਨਾਲ ਸੁੱਤਾ ਪਿਆ ਸੀ ਕਿ ਇਸ ਦੌਰਾਨ ਚਾਰ ਜਣੇ ਰਾਜੇਸ਼ ਯਾਦਵ, ਬਾਬੂ ਸਿੰਘ, ਕਲਿਆਣ ਸਿੰਘ, ਬੁੱਧ ਪਾਲ ਸਾਰੇ ਵਾਸੀ ਸਰਾਮਧਦੀ ਸਰਾਏ, ਯੂ ਪੀ ਉਨ੍ਹਾਂ ਕੋਲ ਆਏ ਅਤੇ ਉਸ ਨੂੰ ਡਰਾ ਧਮਕਾ ਕੇ ਉਸ ਦੀ 14 ਸਾਲਾ ਲੜਕੀ ਨੂੰ ਅਗਵਾ ਕਰਕੇ ਲੈ ਗਏ। ਪੁਲਸ ਨੇ ਇਸ ਸ਼ਿਕਾਇਤ ਉੱਤੇ ਉਕਤ ਚਾਰ ਜਣਿਆਂ ਕੇਸ ਕਰ ਕੇ ਭਾਲ ਸ਼ੁਰੂ ਕੀਤੀ ਸੀ।



ਇਸੇ ਦੌਰਾਨ 31 ਮਈ 2005 ਨੂੰ ਅਦਾਲਤ ਨੇ ਉਕਤ ਚਾਰਾਂ ਨੂੰ ਭਗੌੜਾ ਕਰਾਰ ਦੇ ਦਿੱਤਾ, ਪਰ ਗ੍ਰਿਫਤਾਰੀ ਤੋਂ ਬਚਣ ਲਈ ਇੱਕ ਤੋਂ ਦੂਜੀ ਥਾਂ ਨਾਂ ਬਦਲ ਕੇ ਘੁੰਮਦੇ ਰਹੇ। ਥਾਣਾ ਮੁੱਖੀ ਲਾਲੜੂ ਇੰਸਪੈਕਟਰ ਗੁਰਚਰਨ ਸਿੰਘ ਅਨੁਸਾਰ ਇਸ ਕੇਸ ਦੇ ਸਬੰਧ ਵਿੱਚ ਏ ਐਸ ਆਈ ਦਿਲਬਾਗ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਨੇ ਕਾਫੀ ਜੱਦੋ-ਜਹਿਦ ਤੋਂ ਬਾਅਦ ਬਾਬੂ ਸਿੰਘ, ਜਿਸ ਦਾ ਅਸਲ ਨਾਂਅ ਬਾਬੂ ਰਾਮ ਪੁੱਤਰ ਸੁਮੇਰ ਉਰਫ ਸ਼ਿਵਚਰਨ ਅਤੇ ਕਲਿਆਣ ਸਿੰਘ ਪੁੱਤਰ ਸੁਮੇਰ ਨੂੰ 16 ਸਤੰਬਰ ਨੂੰ ਗ੍ਰਿਫਤਾਰ ਕਰ ਲਿਆ ਸੀ। ਬੁੱਧ ਪਾਲ ਸ਼ਰਮਾ ਅਤੇ ਰਾਜੇਸ਼ ਸਿੰਘ ਫਰਾਰ ਸਨ, ਜਿਨ੍ਹਾਂ ਨੂੰ ਕੱਲ੍ਹ ਗ੍ਰਿਫਤਾਰ ਕਰ ਲਿਆ ਗਿਆ। ਪੁਲਸ ਅਨੁਸਾਰ ਇਨ੍ਹਾਂ ਕੋਲੋਂ ਨਾਬਾਲਿਗ ਲੜਕੀ ਦੇ ਵਿਆਹ ਤੋਂ ਬਾਅਦ ਤਿੰਨ ਬੱਚਿਆਂ ਦਾ ਪਤਾ ਲੱਗਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਨੂੰ ਦਿੱਲੀ ਤੋਂ ਗ੍ਰਿਫਤਾਰ ਕਰਕੇ ਲਿਆਂਦਾ ਗਿਆ ਹੈ।



## ਬੈਂਕ ਦੇ ਡੁੱਬ ਜਾਣ ਉਤੇ ਕਸਟਮਰ ਨੂੰ ਕੇਵਲ ਇੱਕ ਲੱਖ ਰੁਪਏ ਮਿਲਣਗੇ



ਨਵੀਂ ਦਿੱਲੀ, 4 ਦਸੰਬਰ (ਪੋਸਟ ਬਿਊਰੋ)- ਕੋਈ ਭਾਰਤੀ ਬੈਂਕ ਕਾਰੋਬਾਰ 'ਚ ਘਾਟੇ ਦੀ ਵਜ੍ਹਾ ਨਾਲ ਜੇ ਬੰਦ ਹੋ ਜਾਂਦਾ ਹੈ, ਤਾਂ ਉਸ 'ਚ ਧਨ ਜਮ੍ਹਾ ਕਰਵਾਉਣ ਵਾਲੇ ਲੋਕਾਂ ਨੂੰ ਬੀਮਾ ਸੁਰੱਖਿਆ ਵਜੋਂ ਕੇਵਲ ਇੱਕ ਲੱਖ ਰੁਪਇਆ ਮਿਲੇਗਾ, ਉਸ ਨੇ ਭਾਵੇਂ ਉਸ ਤੋਂ ਵੱਧ ਪੈਸੇ ਬੈਂਕ 'ਚ ਜਮ੍ਹਾ ਕਰਵਾਏ ਹੋਣ।

ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਦੀ ਕੰਪਨੀ ਡਿਪੋਜ਼ਿਟ ਇੰਸ਼ੋਰੈਂਸ ਐਂਡ ਕ੍ਰੈਡਿਟ ਗਰੰਟੀ ਕਾਰਪੋਰੇਸ਼ਨ (ਡੀ ਆਈ ਸੀ ਜੀ ਸੀ) ਨੇ ਇਹ ਜਾਣਕਾਰੀ ਦਿੱਤੀ ਹੈ। ਸੂਚਨਾ ਅਧਿਕਾਰ ਕਾਨੂੰਨ ਹੇਠ ਪੁੱਛੇ ਗਏ ਸਵਾਲ ਦੇ ਜਵਾਬ 'ਚ ਡੀ ਆਈ ਸੀ ਜੀ ਸੀ ਨੇ ਕਿਹਾ ਕਿ ਇਹ ਰਾਸ਼ੀ ਬਚਤ, ਮਿਆਦੀ, ਚਾਲੂ ਅਤੇ ਹਰ ਪ੍ਰਕਾਰ ਦੀ ਜਮ੍ਹਾ ਰਾਸ਼ੀ ਲਈ ਹੈ। ਡੀ ਆਈ ਸੀ ਜੀ ਸੀ ਅਨੁਸਾਰ ਇਸ ਕਾਨੂੰਨ ਦੀ ਧਾਰਾ 16 (1) ਹੇਠ ਜੇਕਰ ਬੈਂਕ ਫੇਲ ਹੁੰਦਾ ਹੈ ਜਾਂ ਉਸ ਨੂੰ ਬੰਦ ਕਰਨਾ ਪੈਂਦਾ ਹੈ, ਉਸ ਵੇਲੇ ਡੀ ਆਈ ਸੀ ਜੀ ਸੀ ਹਰ ਕਿਸੇ ਜਮ੍ਹਾਕਰਤਾ ਨੂੰ ਬੀਮਾ ਦੇ ਇੱਕ ਲੱਖ ਰੁਪਏ ਤੱਕ ਦੇ ਸਕੇਗਾ। ਇਸ 'ਚ ਵੱਖ-ਵੱਖ ਬ੍ਰਾਂਚਾਂ 'ਚ ਜਮ੍ਹਾਂ ਮੂਲ ਰਾਸ਼ੀ ਅਤੇ ਵਿਆਜ ਦੋਵੇਂ ਸ਼ਾਮਲ ਹਨ। ਇਹ ਪੁੱਛਣ ਉਤੇ ਕਿ ਪੀ ਐਮ ਸੀ ਬੈਂਕ ਧੋਖਾਧੜੀ ਨੂੰ ਦੇਖਦੇ ਹੋਏ ਇੱਕ ਲੱਖ ਰੁਪਏ ਦੀ ਹੱਦ ਨੂੰ ਵਧਾਉਣ ਦਾ ਪ੍ਰਸਤਾਵ ਹੈ, ਤਾਂ ਡੀ ਆਈ ਸੀ ਜੀ ਸੀ ਨੇ ਕਿਹਾ ਕਾਰਪੋਰੇਸ਼ਨ ਦੇ ਕੋਲ ਅਜਿਹੀ ਕੋਈ ਜਾਣਕਾਰੀ ਨਹੀਂ ਹੈ।

# ਛੱਤੀਸਗੜ੍ਹ ਵਿੱਚ ਆਈ ਟੀ ਬੀ ਪੀ ਜਵਾਨਾਂ ਦੀ ਝੜਪ, 6 ਮੌਤਾਂ

ਨਾਰਾਇਣਪੁਰ, 4 ਦਸੰਬਰ (ਪੋਸਟ ਬਿਊਰੋ)- ਛੱਤੀਸਗੜ੍ਹ ਦੇ ਨਕਸਲ ਪ੍ਰਭਾਵਤ ਖੇਤਰ ਨਾਰਾਇਣਪੁਰ ਜ਼ਿਲ੍ਹੇ ਵਿੱਚ ਇੰਡੋ ਤਿੱਬਤਨ ਬਾਰਡਰ ਪੁਲੀਸ (ਆਈ ਟੀ ਬੀ ਪੀ) ਦੇ ਜਵਾਨ ਕਿਸੇ ਗੱਲ ਤੋਂ ਆਪੋ ਵਿੱਚ ਉਲਝ ਗਏ ਅਤੇ ਗੋਲ਼ੀਬਾਰੀ ਸ਼ੁਰੂ ਕਰ ਦਿੱਤੀ, ਜਿਸ ਵਿੱਚ 6 ਜਵਾਨਾਂ ਦੀ ਮੌਤ ਹੋ ਗਈ ਅਤੇ 2 ਗੰਭੀਰ ਜ਼ਖ਼ਮੀ ਹਨ, ਜਿਨ੍ਹਾਂ ਨੂੰ ਇਲਾਜ ਲਈ ਰਾਏਪੁਰ ਲਿਆਂਦਾ ਗਿਆ ਹੈ। ਪਛਾਣ ਤੋਂ ਪਤਾ ਲੱਗਾ ਹੈ ਕਿ ਮ੍ਰਿਤਕ ਜਵਾਨਾਂ ਵਿੱਚੋਂ ਇਕ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਅਤੇ ਇਕ ਹਿਮਾਚਲ ਪ੍ਰਦੇਸ਼ ਦੇ ਬਿਲਾ-ਸਪੁਰ ਦਾ ਹੈ। ਮ੍ਰਿਤਕਾਂ ਵਿੱਚੋਂ 2 ਹਵਾਲਦਾਰ ਤੇ 4 ਸਿਪਾਹੀ ਦੱਸੇ ਗਏ ਹਨ।



ਪਤਾ ਲੱਗਾ ਹੈ ਕਿ ਨਾਰਾਇਣਪੁਰ ਜ਼ਿਲ੍ਹਾ ਹੈੱਡਕੁਆਰਟਰ ਤੋਂ 60 ਕਿਲੋਮੀਟਰ ਦੂਰ ਕੜੇਨਾਰ ਇਲਾਕੇ ਵਿੱਚ ਆਈ ਟੀ ਬੀ ਪੀ ਦੇ ਜਵਾਨ ਨਕਸਲ ਪ੍ਰਭਾਵਿਤ ਖੇਤਰ ਵਿੱਚ ਤਾਇਨਾਤ ਸਨ। ਇੱਥੇ ਕੈਂਪ ਵਿੱਚ ਆਪਸੀ ਵਿਵਾਦ ਇੰਨਾ ਵਧਿਆ ਕਿ ਉਨ੍ਹਾਂ ਨੇ ਆਪੋ ਵਿੱਚ ਗੋਲ਼ੀਬਾਰੀ ਕਰ ਦਿੱਤੀ। ਇਸ ਦੀ ਪੁਸ਼ਟੀ ਕਰਦੇ ਹੋਏ ਐੱਸ ਪੀ ਮੋਹਿਤ ਗਰਗ ਨੇ ਦੱਸਿਆ ਕਿ ਬੁੱਧਵਾਰ ਸਵੇਰੇ ਕੈਂਪ ਵਿੱਚ ਜਵਾਨਾਂ ਦੇ ਵਿਚਾਲੇ ਗੋਲ਼ੀਬਾਰੀ ਹੋਣ ਕਾਰਨ ਛੇ ਜਵਾਨਾਂ ਦੀ ਮੌਕੇ ਉੱਤੇ ਮੌਤ ਹੋ ਗਈ ਅਤੇ ਦੋ ਜ਼ਖ਼ਮੀ ਹੋਏ ਹਨ, ਜਿਨ੍ਹਾਂ ਨੂੰ ਇਲਾਜ ਲਈ ਹੈਲੀਕਾਪਟਰ ਉੱਤੇ ਰਾਏਪੁਰ ਭੇਜਿਆ ਗਿਆ ਹੈ। ਇਸ ਘਟਨਾ ਦੌਰਾਨ ਮਾਰੇ ਗਏ ਜਵਾਨਾਂ ਵਿੱਚ ਹਵਾਲਦਾਰ ਮਹਿੰਦਰ ਸਿੰਘ ਜ਼ਿਲਾ ਬਿਲਾਸਪੁਰ, ਹਿਮਾਚਲ ਪ੍ਰਦੇਸ਼, ਹਵਾਲਦਾਰ ਦਲਜੀਤ ਸਿੰਘ, ਪਿੰਡ ਜਾਂਗਪੁਰ, ਜ਼ਿਲ੍ਹਾ ਲੁਧਿਆਣਾ, ਸਿਪਾਹੀ ਮਸੁਦੁਲ ਰਹਿਮਾਨ, ਪੱਛਮੀ ਬੰਗਾਲ, ਸਿਪਾਹੀ ਸੁਰਜੀਤ ਸਰਕਾਰ, ਪੱਛਮੀ ਬੰਗਾਲ, ਸਿਪਾਹੀ ਬਿਸ਼ਵਰੂਪ ਮਹਿਤੋ, ਪੱਛਮੀ ਬੰਗਾਲ ਤੇ ਸਿਪਾਹੀ ਬਿਜੇਸ, ਕੇਰਲ ਸ਼ਾਮਲ ਹਨ।

### ਹਵਾਲਾ ਕੇਸ ਦੀ ਜਾਂਚ:

## ਆਮਦਨ ਟੈਕਸ ਵਿਭਾਗ ਨੇ ਕਾਂਗਰਸ ਨੂੰ 170 ਕਰੋੜ ਦੇ ਲੈਣ-ਦੇਣ ਉਤੇ ਨੋਟਿਸ ਭੇਜਿਆ




ਨਵੀਂ ਦਿੱਲੀ, 4 ਦਸੰਬਰ (ਪੋਸਟ ਬਿਊਰੋ)- ਆਮਦਨ ਟੈਕਸ ਵਿਭਾਗ ਨੇ ਕਾਂਗਰਸ ਪਾਰਟੀ ਤੋਂ ਇੱਕ ਕੰਪਨੀ ਕੋਲੋਂ 170 ਕਰੋੜ ਰੁਪਏ ਦਾ ਫੰਡ ਲੈਣ ਦਾ ਸਪੱਸ਼ਟੀਕਰਨ ਮੰਗਣ ਲਈ ਇੱਕ ਨੋਟਿਸ ਭੇਜਿਆ ਹੈ।

ਪਤਾ ਲੱਗਾ ਹੈ ਕਿ ਇਨਕਮ ਟੈਕਸ ਵਿਭਾਗ ਨੇ 3300 ਕਰੋੜ ਰੁਪਏ ਦੇ ਹਵਾਲਾ ਰੈਕੇਟ ਕੇਸ ਵਿੱਚ ਟੈਕਸ ਚੋਰੀ ਦੀ ਜਾਂਚ ਬਾਰੇ ਇਹ ਨੋਟਿਸ ਭੇਜਿਆ ਹੈ। ਅਧਿਕਾਰੀਆਂ ਨੇ ਕੱਲ੍ਹ ਦੱਸਿਆ ਕਿ ਇਸ ਕੇਸ ਵਿੱਚ ਹੋਰ ਜਾਂਚ ਲਈ ਕਾਂਗਰਸ ਪਾਰਟੀ ਨੂੰ ਨੋਟਿਸ ਭੇਜਿਆ ਗਿਆ ਹੈ। ਬੁਨਿਆਦੀ ਢਾਂਚਾ ਖੇਤਰ ਦੇ ਕੁਝ ਪ੍ਰਮੁੱਖ ਕਾਰਪੋਰੇਟ ਘਰਾਣਿਆਂ ਨਾਲ ਜੁੜੇ ਵੱਖ-ਵੱਖ ਕੰਪਲੈਕਸਾਂ ਉੱਤੇ ਦਿੱਲੀ, ਮੁੰਬਈ ਅਤੇ ਹੈਦਰਾਬਾਦ ਵਿਖੇ ਛਾਪੇ ਮਾਰਨ ਪਿੱਛੋਂ ਇਸ ਮਾਮਲੇ ਦਾ ਖੁਲਾਸਾ ਹੋਇਆ ਸੀ। ਹਵਾਲਾ ਕਾਰੋਬਾਰ ਦਾ ਮਤਲਬ ਗੈਰ ਕਾਨੂੰਨੀ ਲੈਣ ਦੇਣ ਤੋਂ ਹੁੰਦਾ ਹੈ। ਅਧਿਕਾਰੀਆਂ ਮੁਤਾਬਕ ਇਹ ਫੰਡ ਹੈਦਰਾਬਾਦ ਦੇ ਮੈਗਾ ਇਨਫਰਾਸਟ੍ਰੱਕਚਰ ਐਂਡ ਇੰਜੀਨੀਅਰਿੰਗ ਨੇ ਕਾਂਗਰਸ ਨੂੰ ਦਿੱਤਾ ਸੀ। ਆਮਦਨ ਟੈਕਸ ਵਿਭਾਗ ਦੀ ਨਜ਼ਰ ਇਸ ਕੇਸ ਵਿੱਚ ਕਾਂਗਰਸ ਦੇ ਕੁਝ ਅਹੁਦੇਦਾਰਾ ਅਤੇ ਆਂਧਰਾ ਪ੍ਰਦੇਸ਼ ਦੀ ਇੱਕ ਸਿਆਸੀ ਪਾਰਟੀ ਉੱਤੇ ਵੀ ਹੈ। ਵਿਭਾਗ ਲਈ ਨੀਤੀ ਬਣਾਉਣ ਵਾਲੇ ਕੇਂਦਰੀ ਸਿੱਧੇ ਟੈਕਸਾਂ ਬਾਰੇ ਬੋਰਡ ਨੇ ਨਵੰਬਰ ਵਿੱਚ ਬਿਆਨ ਜਾਰੀ ਕਰ ਕੇ ਕਿਹਾ ਸੀ ਕਿ ਟੈਕਸ ਚੋਰੀ ਦੇ ਵੱਡੇ ਗਿਰੋਹ ਦਾ ਖੁਲਾਸਾ ਕਰਨ ਲਈ ਮਹੀਨੇ ਦੇ ਪਹਿਲੇ ਹਫਤੇ ਵਿੱਚ ਛਾਪੇ ਮਾਰੇ ਗਏ ਸਨ। ਫਰਜ਼ੀ ਬਿੱਲ ਜਾਰੀ ਕਰਨ ਅਤੇ ਹਵਾਲਾ ਲੈਣ-ਦੇਣ ਕਰਨ ਵਾਲੇ ਲੋਕਾਂ ਦੇ ਇੱਕ ਗਰੁੱਪ ਉੱਤੇ ਦਿੱਲੀ, ਮੁੰਬਈ, ਹੈਦਰਾਬਾਦ, ਈਰੋਡ, ਪੁਣੇ, ਆਗਰਾ ਅਤੇ ਗੋਆ ਵਿੱਚ 42 ਥਾਵਾਂ 'ਤੇ ਛਾਪੇ ਮਾਰੇ ਗਏ ਸਨ।

## ਭਾਰਤੀ ਨੇਵੀ ਨੇ ਚੀਨੀ ਜਹਾਜ਼ ਖਦੇੜਿਆ

ਨਵੀਂ ਦਿੱਲੀ, 4 ਦਸੰਬਰ (ਪੋਸਟ ਬਿਊਰੋ)- ਭਾਰਤ ਦੀ ਸਮੁੰਦਰੀ ਫੌਜ (ਨੇਵੀ) ਨੇ ਅੰਡਮਾਨ-ਨਿਕੋਬਾਰ ਵਿੱਚ ਭਾਰਤੀ ਵਿਸ਼ੇਸ਼ ਸਮੁੰਦਰੀ ਆਰਥਿਕ ਖੇਤਰ ਵਿੱਚ ਦਾਖਲ ਹੋਏ ਚੀਨ ਦੇ ਇੱਕ ਜਹਾਜ਼ ਨੂੰ ਭੱਜਣ ਲਈ ਮਜਬੂਰ ਕਰ ਦਿੱਤਾ। ਚੀਨ ਦੇ ਇਸ ਸਮੁੰਦਰੀ ਖੋਜ ਮੁਹਿੰਮ ਦੇ 'ਸ਼ੀ ਯਾਨ-ਵਨ' ਬਿਨ੍ਹਾਂ ਪ੍ਰਵਾਨਗੀ ਆਉਣ 'ਤੇ ਨੇਵੀ ਨੇ ਸਖਤ ਸੰਦੇਸ਼ ਦਿੰਦਿਆਂ ਤੁਰੰਤ ਵਾਪਸ ਜਾਣ ਲਈ ਮਜਬੂਰ ਕਰ ਦਿੱਤਾ। ਸਾਲ 2017 ਵਿੱਚ ਭਾਰਤੀ ਫੌਜ ਨੇ ਵੀ ਡੋਕਲਾਮ ਵਿੱਚ 73 ਦਿਨਾਂ ਦੇ ਤਣਾਅ ਪਿੱਛੋਂ ਚੀਨੀ ਫੌਜ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ ਸੀ।

ਸਮੁੰਦਰੀ ਫੌਜ ਦੇ ਮੁੱਖੀ ਐਡਮਿਰਲ ਕਰਮਬੀਰ ਸਿੰਘ ਨੇ ਆਪਣੀ ਸਾਲਾਨਾ ਪ੍ਰੈਸ ਕਾਨਫਰੰਸ ਦੌਰਾਨ ਚੀਨੀ ਜਹਾਜ਼ ਦੇ ਸਮੁੰਦਰੀ ਸੀਮਾ ਦੀ ਉਲੰਘਣਾ ਕਰਨ ਦੀ ਕੋਸ਼ਿਸ਼ ਨਾਲ ਜੁੜੇ ਸਵਾਲ ਦਾ ਜਵਾਬ ਦਿੰਦਿਆਂ ਇਸ ਘਟਨਾ ਦੀ ਪੁਸ਼ਟੀ ਕੀਤੀ। ਨੇਵੀ ਨੇ ਸਤੰਬਰ ਵਿੱਚ ਇਸ ਚੀਨੀ ਜਹਾਜ਼ ਨੂੰ ਪੋਰਟ ਬਲੇਅਰ ਨੇੜੇ ਸਮੁੰਦਰੀ ਇਲਾਕੇ ਵਿੱਚ ਸ਼ੱਕੀ ਹਰਕਤ ਕਰਦੇ ਦੇਖ ਕੇ ਤੁਰੰਤ ਜਾਣ ਦੀ ਚਿਤਾਵਨੀ ਦਿੱਤੀ ਸੀ। ਨੇਵੀ ਦੀ ਚੌਕਸੀ ਤੇ ਸਖਤ ਚਿਤਾਵਨੀ ਪਿੱਛੋਂ ਚੀਨੀ ਜਹਾਜ਼ ਉਥੋਂ ਚਲੇ ਗਿਆ। ਐਡਮਿਰਲ ਕਰਮਬੀਰ ਸਿੰਘ ਨੇ ਕਿਹਾ, ''ਸਾਡਾ ਰੁਖ ਸਾਫ ਹੈ। ਜੇ ਤੁਸੀ ਸਾਡੇ ਵਿਸ਼ੇਸ਼ ਆਰਥਿਕ ਜ਼ੋਨ ਵਿੱਚ ਕੰਮ ਕਰਨਾ ਹੈ ਤਾਂ ਪਹਿਲਾਂ ਤੁਹਾਨੂੰ ਸੂਚਨਾ ਦੇਣੀ ਪਵੇਗੀ ਤੇ ਫਿਰ ਸਾਡੇ ਤੋਂ ਪ੍ਰਵਾਨਗੀ ਲੈਣੀ ਪਵੇਗੀ।'' ਉਨ੍ਹਾਂ ਨੇ ਕਿਹਾ, ''ਸਾਡੇ ਸੀ-ਵਿਜਿਲ ਅਭਿਆਸ ਦਾ ਮਕਸਦ ਚੌਕਸੀ ਵਧਾਉਣਾ ਹੈ।'

ਭਾਰਤੀ ਸਮੁੰਦਰੀ ਸੈਨਾ ਦੇ ਅਗਲੇ ਸਾਲ ਹੋਣ ਵਾਲੇ 'ਮਿਸ਼ਨ ਅਭਿਆਸ' ਵਿੱਚ ਚੀਨ ਨੂੰ ਨਾ ਸੱਦਣ ਦੇ ਸਵਾਲ 'ਤੇ ਜਲ ਸੈਨਾ ਮੁੱਖੀ ਨੇ ਕਿਹਾ ਕਿ ਅਸੀਂ ਸਿਰਫ ਆਪਣੇ ਮਿਜ਼ਾਜ ਵਾਲੇ 41 ਦੇਸ਼ਾਂ ਦੀ ਸਮੁੰਦਰੀ ਫੌਜ ਨੂੰ ਇਸ ਵਿੱਚ ਸ਼ਾਮਲ ਕੀਤਾ ਹੈ। ਅਲ ਕਾਇਦਾ ਵਰਗੀ ਅੱਤਵਾਦੀ ਜਮਾਤ ਵੱਲੋਂ ਸਮੁੰਦਰੀ ਰਸਤੇ ਹਮਲਾ ਕਰਨ ਦੇ ਖਤਰਿਆਂ ਦੀਆਂ ਖੁਫੀਆਂ ਸੂਚਨਾਵਾਂ 'ਤੇ ਉਨ੍ਹਾਂ ਦਾ ਕਹਿਣਾ ਸੀ ਕਿ ਅਸੀਂ ਇਸ ਬਾਰੇ ਪੂਰੀ ਤਰ੍ਹਾਂ ਚੌਕਸ ਹਾਂ ਤੇ ਅਜਿਹੀ ਕਿਸੇ ਜਮਾਤ ਦੀ ਹਿਮਾਕਤ ਨੂੰ ਨਾਕਾਮ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਾਂ।

## ਮੰਦੀ ਨਾਲ ਜੂਝਦੀਆਂ ਆਟੋ ਕੰਪਨੀਆਂ ਗੱਡੀਆਂ ਦੇ ਭਾਅ ਵਧਾਉਣ ਲੱਗੀਆਂ

ਨਵੀਂ ਦਿੱਲੀ, 4 ਦਸੰਬਰ (ਪੋਸਟ ਬਿਊਰੋ)- ਬਾਜ਼ਾਰ ਵਿੱਚ ਗਾਹਕਾਂ ਦੀ ਘਾਟ ਅਤੇ ਕੱਚੇ ਮਾਲ ਦੇ ਵੱਧਦੇ ਭਾਅ ਦੇ ਬੋਝ ਕਾਰਨ ਭਾਰਤ ਦੀਆਂ ਕਾਰ ਕੰਪਨੀਆਂ ਕੋਲ ਭਾਅ ਵਧਾਉਣ ਤੋਂ ਇਲਾਵਾ ਕੋਈ ਚਾਰਾ ਨਹੀਂ ਰਹਿ ਗਿਆ।



ਮਾਰੂਤੀ ਸੁਜ਼ੂਕੀ, ਟਾਟਾ ਮੋਟਰਸ, ਮਹਿੰਦਰਾ ਆਦਿ ਆਟੋਮੋਬਾਈਲ ਕੰਪਨੀਆਂ ਅਗਲੇ ਸਾਲ ਤੋਂ ਆਪਣੀਆਂ ਕਾਰਾਂ ਦੀ ਕੀਮਤਾਂ ਵਿੱਚ ਵਾਧੇ ਕਰਨ ਲੱਗੀਆਂ ਹਨ। ਵਾਧਾ ਬਹੁਤ ਵੱਡਾ ਨਹੀਂ ਹੋਵੇਗਾ ਤੇ ਇਸ ਦਾ ਫੈਸਲਾ ਅਗਲੇ ਪੰਦਰਵਾੜੇ ਵਿੱਚ ਕੀਤਾ ਜਾਵੇਗਾ, ਪਰ ਇਹ ਅਗਲੇ ਸਾਲ ਹੋਣ ਵਾਲਾ ਇਕੱਲਾ ਵਾਧਾ ਨਹੀਂ ਹੋਵੇਗਾ, ਅਪ੍ਰੈਲ 2020 ਤੋਂ ਸਿਰਫ ਬੀ ਐਸ-6 ਇੰਜਣ ਵਾਲੇ ਵਾਹਨਾਂ ਦੀ ਵਿਕਰੀ ਸ਼ੁਰੂ ਹੋਣ ਵਾਲੀ ਹੈ ਅਤੇ ਉਨ੍ਹਾਂ ਦੀ ਕੀਮਤ ਮੌਜੂਦ ਬੀ ਐਸ-4 ਵਾਹਨਾਂ ਤੋਂ ਕਾਫੀ ਜ਼ਿਆਦਾ ਹੋਣ ਦੀ ਗੱਲ ਕਹੀ ਜਾ ਰਹੀ ਹੈ। ਮੂਰਤੀ ਸੁਜ਼ੂਕੀ ਸੇਲਸ ਦੇ ਮਾਰਕੀਟਿੰਗ ਪ੍ਰਮੁੱਖ ਸ਼ਸ਼ਾਂਕ ਸ੍ਰੀਵਾਸਤਵ ਨੇ ਦੱਸਿਆ ਕਿ ਕੀਮਤ ਵਧਾਉਣ ਦੇ ਕਈ ਕਾਰਨ ਹੈ। ਇੱਕ ਤਾਂ ਕਈ ਮਹੀਨਿਆਂ ਤੋਂ ਭਾਰੀ ਛੋਟ ਦੇਣ ਨਾਲ ਸਾਡੇ ਮਾਰਜ਼ਨ 'ਤੇ ਅਸਰ ਪੈ ਰਿਹਾ ਹੈ। ਦੂਜਾ ਇਨ੍ਹਾਂ ਦੀ ਲਾਗਤ ਕਾਫੀ ਵਧ ਗਈ ਹੈ। ਅਸੀਂ ਜਨਵਰੀ ਤੋਂ ਭਾਅ ਵਧਾਉਣ ਬਾਰੇ ਸੋਚ ਰਹੇ ਹਾਂ, ਪਰ ਇਹ ਕਿਨ੍ਹਾਂ ਮਾਡਲਾਂ ਉੱਤੇ ਅਤੇ ਕਿੰਨ੍ਹਾਂ ਵਧਾਇਆ ਜਾਵੇਗਾ, ਇਸ ਦਾ ਫੈਸਲਾ ਮਗਰੋਂ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਅਜੇ ਦਿੱਤੀ ਜਾ ਰਹੀ ਛੋਟ ਜਾਰੀ ਰਹੇਗੀ ਕਿਉਂਕਿ ਗਾਹਕਾਂ ਨੂੰ ਖਿੱਚਣ ਲਈ ਇਹ ਅਹਿਮ ਹੈ।

ਹੁੰਡਈ ਮੋਟਰ ਨੂੰ ਛੱਡ ਕੇ ਦੇਸ਼ ਦੀ ਦੂਜੀਆਂ ਕਾਰ ਕੰਪਨੀਆਂ ਜਨਵਰੀ ਤੋਂ ਕੀਮਤ ਵਧਾਉਣ ਲੱਗੀਆਂ ਹਨ। ਆਮ ਤੌਰ 'ਤੇ ਕਾਰ ਸਨਅਤ ਵਿੱਚ ਨਵਾਂ ਸਾਲ ਆਉਂਦੇ ਹੀ ਕੀਮਤ ਵਧਾਉਣ ਦਾ ਇੱਕ ਰੁਝਾਨ ਹੈ। ਆਟੋਮੋਬਾਈਲ ਸਨਅਤ ਨਾ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਇਸ ਮੰਦੀ ਦੀ ਮਾਰ ਕੰਪਨੀਆਂ ਨੂੰ ਬਹੁਤ ਜ਼ਿਆਦਾ ਝੱਲਣੀ ਪਈ ਹੈ। ਅਜਿਹੇ ਵਿੱਚ ਉਨ੍ਹਾਂ ਦੇ ਸਾਹਮਣੇ ਮਾਰਜ਼ਨ ਠੀਕ ਕਰਨ ਲਈ ਕੀਮਤ ਵਧਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ। ਜਾਣਕਾਰਾਂ ਮੁਤਾਬਕ ਇਹ ਵੀ ਸੰਭਵ ਹੈ ਕਿ ਕੀਮਤ ਵਾਧੇ ਦੇ ਬਾਵਜੂਦ ਕੁਝ ਮਾਡਲਾਂ ਲਈ ਗਾਹਕਾਂ ਨੂੰ ਪਹਿਲਾਂ ਤੋਂ ਵੀ ਘੱਟ ਕੀਮਤ ਅਦਾ ਕਰਨੀ ਪਏ। ਇਸ ਦੇ ਪਿੱਛੇ ਕਾਰਨ ਇਹ ਦੱਸਿਆ ਜਾਂਦਾ ਹੈ ਕਿ ਦਸੰਬਰ ਤੇ ਜਨਵਰੀ ਵਿੱਚ ਕਾਰ ਕੰਪਨੀਆਂ ਵੱਲੋਂ ਛੋਟ ਵੀ ਜ਼ਿਆਦਾ ਦਿੱਤੇ ਜਾਣ ਦੀ ਆਸ ਹੈ। ਇਸ ਦਾ ਕਾਰਨ ਇਹ ਹੈ ਕਿ ਅਪ੍ਰੈਲ 2020 ਨੇੜੇ ਆ ਰਿਹਾ ਹੈ, ਕਾਰ ਕੰਪਨੀਆਂ 'ਤੇ ਪੁਰਾਣੇ ਬੀ ਐਸੀ-4 ਮਾਡਲ ਦੇ ਕਾਰਾਂ ਨੂੰ ਵੇਚਣ ਦਾ ਦਬਾਅ ਵਧ ਰਿਹਾ ਹੈ।

## ਐਸ ਪੀ ਜੀ ਸੋਧ ਬਿੱਲ ਰਾਜ ਸਭਾ ਵਿੱਚ ਵੀ ਪਾਸ

ਨਵੀਂ ਦਿੱਲੀ, 4 ਦਸੰਬਰ (ਪੋਸਟ ਬਿਊਰੋ)- ਰਾਜ ਸਭਾ 'ਚ ਕੱਲ੍ਹ ਐਸ ਪੀ ਜੀ ਬਿੱਲ ਪਾਸ ਹੋ ਗਿਆ। ਬਿੱਲ ਉਤੇ ਵੋਟਿੰਗ ਤੋਂ ਪਹਿਲਾਂ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਸਦਨ ਵਿੱਚੋਂ ਵਾਕ ਆਊਟ ਕਰ ਗਏ।

ਇਸ ਦੀ ਚਰਚਾ ਦੌਰਾਨ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਸਿਰਫ਼ ਗਾਂਧੀ ਪਰਵਾਰ ਹੀ ਨਹੀਂ, ਦੇਸ਼ ਦੇ ਹਰ ਨਾਗਰਿਕ ਦੀ ਸੁਰੱਖਿਆ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਕਾਂਗਰਸ ਦੇ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਗਾਂਧੀ ਪਰਵਾਰ ਦੀ ਸੁਰੱਖਿਆ ਹਟਾਈ ਨਹੀਂ ਗਈ, ਇਹ ਕੇਵਲ ਬਦਲੀ ਗਈ ਹੈ। ਨਵੇਂ ਬਿੱਲ ਅਨੁਸਾਰ ਐਸ ਪੀ ਜੀ (ਸਪੈਸ਼ਲ ਪਰੋਟੈਕਸ਼ਨ ਗਰੁੱਪ) ਦੀ ਸੁਰੱਖਿਆ ਕੇਵਲ ਪ੍ਰਧਾਨ ਮੰਤਰੀਆਂ ਨੂੰ ਮਿਲੇਗੀ। ਕਾਨੂੰਨ ਸਭ ਲਈ ਬਰਾਬਰ ਹੋਵੇਗਾ, ਕਿਸੇ ਇੱਕ ਪਰਵਾਰ ਨੂੰ ਧਿਆਨ ਵਿੱਚ ਰੱਖ ਕੇ ਫੈਸਲਾ ਨਹੀਂ ਲਿਆ ਜਾ ਸਕਦਾ।

ਐਸ ਪੀ ਜੀ ਬਿੱਲ ਲੋਕ ਸਭਾ 'ਚ ਪਹਿਲਾਂ ਪਾਸ ਹੋ ਚੁੱਕਾ ਹੈ। ਬਿੱਲ 'ਤੇ ਬਹਿਸ ਦੌਰਾਨ ਅਮਿਤ ਸ਼ਾਹ ਨੇ ਕਿਹਾ ਕਿ ਕਿਸੇ ਨੂੰ ਵੀ ਪ੍ਰਧਾਨ ਮੰਤਰੀ ਤੋਂ ਵੱਧ ਖਤਰਾ ਹੋ ਸਕਦਾ ਹੈ ਤਾਂ ਕੀ ਸਾਰਿਆਂ ਨੂੰ ਐਸ ਪੀ ਜੀ ਦਿੱਤੀ ਜਾਵੇ। ਇਹ ਕਾਨੂੰਨ ਲਿਆਉਣ ਤੋਂ ਪਹਿਲਾਂ ਮੁਲਾਂਕਣ ਇਸ ਪਰਵਾਰ ਦੀ ਸੁਰੱਖਿਆ ਦਾ ਕੀਤਾ ਗਿਆ ਹੈ। ਅੱਗੇ ਜਾ ਕੇ ਪ੍ਰਧਾਨ ਮੰਤਰੀ ਮੋਦੀ ਵੀ ਇਸ ਅਹੁਦੇ ਤੋਂ ਹਟਣਗੇ ਤਾਂ ਉਨ੍ਹਾਂ ਨੂੰ ਇਹ ਸੁਰੱਖਿਆ ਨਹੀਂ ਮਿਲੇਗੀ। ਇਸ ਦੇਸ਼ ਵਿੱਚ ਸਿਰਫ ਗਾਂਧੀ ਪਰਵਾਰ ਦੀ ਸੁਰੱਖਿਆ ਹੀ ਨਹੀਂ, ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਦੇ ਪਰਵਾਰ, ਵੀ ਪੀ ਸਿੰਘ, ਨਰਸਿਮ੍ਹਾ ਰਾਓ ਦੇ ਪਰਵਾਰ ਦੀ ਵੀ ਸੁਰੱਖਿਆ ਹਟਾਈ ਗਈ ਹੈ। ਪਿੱਛੇ ਜਿਹੇ ਮਨਮੋਹਨ ਸਿੰਘ ਦੀ ਸੁਰੱਖਿਆ ਵੀ ਘੱਟ ਕੀਤੀ ਗਈ ਹੈ। ਉਨ੍ਹਾਂ ਕਾਂਗਰਸੀ ਪਾਰਲੀਮੈਂਟ ਮੈਂਬਰ ਗੁਲਾਮ ਨਬੀ ਆਜ਼ਾਦ ਦਾ ਨਾਂਅ ਲੈ ਕੇ ਕਿਹਾ ਕਿ ਅਸੀਂ ਲੋਕਤੰਤਰ 'ਚ ਜੀਅ ਰਹੇ ਹਾਂ। ਕਾਨੂੰਨ ਸਭ ਲਈ ਬਰਾਬਰਰ ਹੈ। ਅਸੀਂ ਪਰਿਵਾਰਵਾਦ ਦਾ ਵਿਰੋਧ ਕਰਦੇ ਹਾਂ, ਪਰਵਾਰ ਦਾ ਨਹੀਂ। ਸੁਰੱਖਿਆ ਹਟਾਈ ਨਹੀਂ, ਜਿੰਨੇ ਜਵਾਨ ਪਹਿਲਾਂ ਸੀ, ਓਨੇ ਹੀ ਹਨ, ਜੋ ਦੇਸ਼ ਦੇ ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਕੋਲ ਹਨ, ਉਹ ਉਨ੍ਹਾਂ ਕੋਲ ਹਨ। ਇਹ ਦੇਸ਼ ਦੇ ਨਾਗਰਿਕ ਲਈ ਉਚ ਸੁਰੱਖਿਆ ਹੈ। ਲੋੜੀਂਦੀ ਸੁਰੱਖਿਆ ਦਿੱਤੇ ਬਿਨ੍ਹਾਂ ਰਾਜੀਵ ਗਾਂਧੀ ਦੀ ਸੁਰੱਖਿਆ ਹਟਾਈ ਗਈ ਸੀ, ਪਰ ਇਥੇ ਅਜਿਹਾ ਨਹੀਂ ਹੈ। ਏਦਾਂ ਦੀ ਲਾਪ੍ਰਵਾਹੀ ਸਰਕਾਰ ਨੇ ਨਹੀਂ ਕੀਤੀ।

## ਹਿਮਾਚਲ ਵਿੱਚ ਬਾਂਦਰਾਂ ਨੇ ਛੇ ਸਾਲ ਵਿੱਚ ਖੇਤੀ ਤੇ ਬਾਗਾਂ ਨੂੰ 324 ਕਰੋੜ ਦਾ ਨੁਕਸਾਨ ਪਹੁੰਚਾਇਆ

ਸ਼ਿਮਲਾ, 4 ਦਸੰਬਰ (ਪੋਸਟ ਬਿਊਰੋ)- ਜੰਗਲਾਤ ਵਿਭਾਗ ਨੇ ਪਹਿਲੀ ਵਾਰ ਬਾਂਦਰਾਂ ਦੇ ਖੌਫ ਤੋਂ ਖੇਤੀ ਅਤੇ ਬਾਗਬਾਨੀ ਨੂੰ ਹੋਏ ਨੁਕਸਾਨ ਦਾ ਵੇਰਵਾ ਦਿੱਤਾ ਹੈ। ਕੱਲ੍ਹ ਸ਼ਿਮਲਾ ਵਿੱਚ ਹਿਊਮਨ ਵਾਈਲਡ ਲਾਈਫ ਕਾਨਫਲਿਕਟ (ਮਨੁੱਖ-ਬਾਂਦਰ) ਵਿਸ਼ੇ 'ਤੇ ਇੱਕ ਦਿਨਾਂ ਕਾਰਜਸ਼ਾਲਾ ਦਾ ਆਯੋਜਨ ਮੌਕੇ ਅਧਿਕਾਰੀਆਂ ਨੇ ਦੱਸਿਆ ਕਿ ਬਾਂਦਰਾਂ ਦੇ ਕਾਰਨ ਸੂਬੇ ਵਿੱਚ ਖੇਤੀ ਅਤੇ ਬਾਗਬਾਨੀ ਨੂੰ 324 ਕਰੋੜ ਦਾ ਨੁਕਸਾਨ ਹੋਇਆ ਹੈ। ਇਸ ਵਿੱਚ ਖੇਤੀ ਖੇਤਰ ਨੂੰ 184.28 ਕਰੋੜ ਅਤੇ ਬਾਗਬਾਨੀ ਨੂੰ 150.1 ਕਰੋੜ ਦਾ ਨੁਕਸਾਨ ਪਹੁੰਚਿਆ ਹੈ। ਇਹ ਅੰਕੜਾ ਪਿਛਲੇ ਛੇ ਸਾਲਾਂ ਦਾ ਹੈ।



ਵਿਭਾਗ ਨੇ ਇਹ ਅੰਕੜਾ ਖੇਤੀ ਤੇ ਬਾਗਬਾਨੀ ਵਿਭਾਗ ਤੋਂ ਲਿਆ ਹੈ। ਸੂਬਾ ਸਰਕਾਰ ਖੇਤੀ ਲਈ ਮੁਸੀਬਤ ਬਣਦੇ ਬਾਂਦਰਾਂ ਨੂੰ ਫੜਨ ਲਈ ਇੱਕ ਹਜ਼ਰ ਰੁਪਏ ਦੇਵੇਗੀ। ਅਜੇ ਤੱਕ ਇਹ ਰਾਸ਼ੀ 700 ਰੁਪਏ ਸੀ। ਇਸ ਕੰਮ ਵਿੱਚ ਸਥਾਨਕ ਨੌਜਵਾਨਾਂ ਦੀ ਮਦਦ ਲਈ ਜਾਏਗੀ। ਜੰਗਲਾਤ ਵਿਭਾਗ ਬੇਰੋਜ਼ਗਾਰ ਨੌਜਵਾਨਾਂ ਨੂੰ ਬਾਂਦਰ ਫੜਨ ਦੇ ਲਈ ਫ੍ਰੀ ਟਰੇ-ਨਿੰਗ ਦੇਵੇਗਾ। ਜੰਗਲਾਤ ਮੰਤਰੀ ਗੋਵਿੰਦ ਸਿੰਘ ਠਾਕੁਰ ਨੇ ਸ਼ਿਮਲਾ ਵਿੱਚ ਕਾਰਜਸ਼ਾਲਾ ਵਿੱਚ ਇਸ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਵਿਭਾਗ ਦੀ ਕੋਈ ਵੀ ਯੋਜਨਾ ਸਥਾਨਕ ਲੋਕਾਂ ਦੇ ਸਹਿਯੋਗ ਬਿਨਾਂ ਸਫਲ ਨਹੀਂ ਹੋ ਸਕਦੀ। ਇਸ ਲਈ ਵਿਭਾਗ ਨੇ ਫੈਸਲਾ ਲਿਆ ਹੈ ਕਿ ਪ੍ਰੋਫੈਸ਼ਨਲ ਮੰਕੀ ਕੈਚਰ ਦੇ ਨਾਲ ਸਥਾਨਕ ਨੌਜਵਾਨਾਂ ਤੋਂ ਇਸ ਕੰਮ ਨੂੰ ਕਰਵਾਇਆ ਜਾਏਗਾ।

## ਸ਼ਰਦ ਪਵਾਰ ਨੇ ਕਿਹਾ; ਦੇਵੇਂਦਰ ਫੜਨਵੀਸ ਤੇ ਅਜੀਤ ਵਿਚਾਲੇ ਗੱਲਬਾਤ ਦਾ ਪਤਾ ਸੀ

ਮੁੰਬਈ, 4 ਦਸੰਬਰ (ਪੋਸਟ ਬਿਊਰੋ)- ਦੋ ਦਿਨਾਂ ਵਿੱਚ ਆਪਣੇ ਦੂਜੇ ਵੱਡੇ ਖੁਲਾਸੇ ਵਿੱਚ ਐਨ ਸੀ ਪੀ ਮੁੱਖੀ ਸ਼ਰਦ ਪਵਾਰ ਨੇ ਕੱਲ੍ਹ ਕਿਹਾ ਕਿ ਉਹ ਜਾਣਦੇ ਸਨ ਕਿ ਪਾਰਟੀ ਆਗੂ ਅਜੀਤ ਪਵਾਰ ਦੇਵੇਂਦਰ ਫੜਨਵੀਸ ਦੇ ਸੰਪਰਕ 'ਚ ਹਨ, ਇੱਥੋਂ ਤੱਕ ਕਿ ਉਨ੍ਹਾਂ ਨੇ 23 ਨਵੰਬਰ ਨੂੰ ਭਾਜਪਾ ਨਾਲ ਹੱਥ ਮਿਲਾਉਣ ਦੇ ਅਚਾਨਕ ਚੁੱਕੇ ਸਿਆਸੀ ਕਦਮ ਲਈ ਆਪਣੇ ਭਤੀਜੇ ਤੋਂ ਦੂਰੀ ਬਣਾ ਲਈ ਸੀ। ਉਨ੍ਹਾਂ ਦੇ ਇਸ ਖੁਲਾਸੇ ਤੋਂ ਹਰ ਕੋਈ ਹੈਰਾਨ ਹੈ।

ਇੱਕ ਸਮਾਚਾਰ ਚੈਨਲ ਨੂੰ ਦਿੱਤੀ ਇੰਟਰਵਿਊ 'ਚ ਸਲਰਦ ਪਵਾਰ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਸੀ ਕਿ ਦੇਵੇਂਦਰ ਫੜਨਵੀਸ ਅਤੇ ਉਨ੍ਹਾਂ ਦੇ ਭਤੀਜੇ ਅਜੀਤ ਪਵਾਰ ਗੱਲਬਾਤ ਕਰ ਰਹੇ ਸਨ, ਪਰ ਇਹ ਅਫ਼ਵਾਹਾਂ ਕਿ ਅਜੀਤ ਪਵਾਰ ਦੇ ਸਿਆਸੀ ਕਦਮ ਦਾ ਉਨ੍ਹਾਂ ਨੂੰ ਪਤਾ ਸੀ, ਗਲਤ ਸਨ। ਸਾਬਕਾ ਕੇਂਦਰੀ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਸ਼ਿਵ ਸੈਨਾ ਨਾਲ ਗੱਠਜੋੜ ਬਾਰੇ ਕਦੇ ਵੀ ਨਹੀਂ ਸੋਚਿਆ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪਤਾ ਸੀ ਕਿ ਭਾਜਪਾ ਅਤੇ ਸ਼ਿਵ ਸੈਨਾ ਦੇ ਗੰਭੀਰ ਮਤਭੇਦ ਪੈਦਾ ਹੋ ਗਏ ਹਨ। ਸ਼ਿਵ ਸੈਨਾ ਖੁਸ਼ ਨਹੀਂ ਸੀ ਤੇ ਅਸੀਂ ਘਟਨਾਕ੍ਰਮ ਦੇਖ ਰਹੇ ਸੀ। ਪਵਾਰ ਨੇ ਕਿਹਾ ਕਿ ਅਸੀਂ ਸ਼ਿਵ ਸੈਨਾ ਅਤੇ ਭਾਜਪਾ ਵਿਰੁੱਧ ਲੜ ਰਹੇ ਸੀ। ਉਨ੍ਹਾਂ ਨਾਲ ਸਮਰਥਨ ਦਾ ਸਵਾਲ ਹੀ ਨਹੀਂ ਸੀ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਅਜੀਤ ਪਵਾਰ ਨੇ ਵਿਹਾਰ ਕੀਤਾ, ਉਨ੍ਹਾਂ ਨੇ ਆਸ ਨਹੀਂ ਕੀਤੀ ਸੀ, ਪਰ ਇਸ ਘਟਨਾਕ੍ਰਮ ਦਾ ਪਿੱਛੋਕੜੀ ਸੀ।



ਐਨ ਸੀ ਪੀ ਦੀ ਪਾਰਲੀਮੈਂਟ ਮੈਂਬਰ ਸੁਪ੍ਰੀਆ ਸੂਲੇ ਨੇ ਕੱਲ੍ਹ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਕੇਂਦਰੀ ਮੰਤਰੀ ਮੰਡਲ ਦਾ ਹਿੱਸਾ ਹੋਣਾ ਚਾਹੀਦਾ ਹੈ ਤੇ ਇਹ ਉਨ੍ਹਾਂ ਦੀ ਮਹਾਨਤਾ ਨੂੰ ਦਰਸਾਉਂਦਾ ਹੈ ਪਰ ਸੂਲੇ ਨੇ ਦਾਅਵਾ ਕੀਤਾ ਕਿ ਅਜਿਹਾ ਨਹੀਂ ਹੋ ਸਕਦਾ।



# ਭਾਰਤੀ ਮੂਲ ਦੇ ਹਿੰਦੂਜਾ ਭਰਾਵਾਂ ਸਣੇ ਛੇ ਘਰਾਂ ਕੋਲ 1.30 ਕਰੋੜ ਗਰੀਬ ਬ੍ਰਿਟਿਸ਼ ਲੋਕਾਂ ਜਿੰਨੀ ਦੌਲਤ



ਲੰਡਨ, 4 ਦਸੰਬਰ (ਪੋਸਟ ਬਿਊਰੋ)- ਬ੍ਰਿਟਿਸ਼ ਸਮਾਜ ਵਿੱਚ ਬਰਾਬਰੀ ਦੇ ਫਰਕ ਬਾਰੇ ਕੀਤੇ ਇੱਕ ਅਧਿਐਨ ਤੋਂ ਪਤਾ ਲੱਗਾ ਹੈ ਕਿ ਬ੍ਰਿਟੇਨ ਦੇ ਛੇ ਅਮੀਰਾਂ ਦੀ ਦੌਲਤ ਇੱਕ ਕਰੋੜ 30 ਲੱਖ ਬ੍ਰਿਟਿਸ਼ ਨਾਗਰਿਕਾਂ ਦੀ ਦੌਲਤ ਜਿੰਨੀ ਹੈ। ਇਨ੍ਹਾਂ ਅਮੀਰਾਂ ਦੀ ਕੁੱਲ ਸੰਪਤੀ 39.4 ਬਿਲੀਅਨ ਪੌਂਡ ਹੈ। ਯੂ ਕੇ ਦੇ ਛੇ ਅਮੀਰਾਂ ਦੇ ਨਾਵਾਂ ਵਿੱਚ ਸਭ ਤੋਂ ਉਪਰ ਗੋਪੀ ਚੰਦ ਅਤੇ ਸ੍ਰੀ ਚੰਦ ਹਿੰਦੂਜਾ ਭਰਾਵਾਂ ਦਾ ਨਾਂਅ ਹੈ, ਜੋ ਕਾਰਾਂ ਅਤੇ ਬੈਂਕਾਂ ਸਮੇਤ ਕਈ ਕਾਰੋਬਾਰ ਕਰਦੇ ਹਨ। ਇਨ੍ਹਾਂ ਕੋਲ 12.8 ਬਿਲੀਅਨ ਪੌਂਡ ਦਾ ਕਾਰੋਬਾਰ ਹੈ। ਕੈਮੀਕਲ ਕੰਪਨੀ ਲਿਨੋਮ ਦੇ ਚੇਅਰਮੈਨ ਸਰ ਜਿੰਮ ਰੈਟਕਲਿਫ 9.2 ਬਿਲੀਅਨ ਪੌਂਡ ਨਾਲ ਦੂਜੇ ਸਥਾਨ 'ਤੇ ਹਨ। ਮਾਈਕਲ ਪਲਾਟ ਕੋਲ 6.1 ਬਿਲੀਅਨ ਪੌਂਡ ਅਤੇ ਪ੍ਰਾਪਰਟੀ ਕਾਰੋਬਾਰੀ ਡੇਵਿਡ ਐਂਡ ਸਾਈਮਨ ਰੀਊਬਿਨ ਕੋਲ 5.7 ਬਿਲੀਅਨ ਪੌਂਡ ਦਾ ਸਾਮਰਾਜ ਹੈ। ਇਕੁਆਲਿਟੀ ਟਰੱਸਟ ਅਨੁਸਾਰ ਯੂ ਕੇ ਵਿੱਚ 140 ਲੱਖ ਲੋਕ ਗਰੀਬੀ ਵਿੱਚ ਹਨ, ਜਿਨ੍ਹਾਂ ਵਿੱਚੋਂ 40 ਲੱਖ ਲੋਕਾਂ ਵਿਚੋਂ 50 ਫੀਸਦੀ ਲੋਕ ਗਰੀਬੀ ਰੇਖਾ ਤੋਂ ਵੀ ਹੇਠਾਂ ਵੱਸਦੇ ਹਨ, ਜਦ ਕਿ 15 ਲੱਖ ਲੋਕ ਬਹੁਤ ਹੀ ਗਰੀਬ ਹਨ। ਇਕੁਆਲਿਟੀ ਟਰੱਸਟ ਦੇ ਡਾਇਰੈਕਟਰ ਡਾ. ਵਾਂਡਾ ਵਪੋਰਸਕਾ ਨੇ ਕਿਹਾ ਹੈ ਕਿ ਇਹ ਦਿਲ ਕੰਬਾਊ ਰਿਪੋਰਟ ਅਮੀਰ ਤੇ ਗਰੀਬ ਦੇ ਇਸ ਪਾੜੇ ਨੂੰ ਦੇਸ਼ ਦੀ ਵੱਡੀ ਵਿਚਕਾਰ ਇਸ ਪਾੜੇ ਨੂੰ ਦੇਸ਼ ਦੀ ਵੱਡੀ ਗਿਣਤੀ ਲਈ ਖਤਰਾ ਦਰਸਾਉਂਦੀ ਹੈ।

# ਇਮਰਾਨ ਦੇ ਮੰਤਰੀ ਦਾ ਦਾਅਵਾ, ਪਾਕਿਸਤਾਨ ਵਿੱਚ ਮਹਿੰਗਾਈ ਲਈ ਭਾਰਤ ਜ਼ਿੰਮੇਵਾਰ



ਲਾਹੌਰ, 4 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਬੇਲ-ਗਾਮ ਮਹਿੰਗਾਈ ਲਈ ਇਮਰਾਨ ਖ਼ਾਨ ਦੇ ਇਕ ਮੰਤਰੀ ਨੇ ਕਿਹਾ ਹੈ ਕਿ ਇਸ ਦਾ ਭਾਰਤ ਜ਼ਿੰਮੇਵਾਰ ਹੈ। ਓਥੋਂ ਦੇ ਆਰਥਿਕ ਮਾਮਲਿਆਂ ਦੇ ਮੰਤਰੀ ਹਮਾਦ ਅਜਹਰ ਨੇ ਦੇਸ਼ ਵਿੱਚ ਖਾਣ ਵਾਲੀਆਂ ਚੀਜ਼ਾਂ ਦੀਆਂ ਵਧਦੀਆਂ ਕੀਮਤਾਂ ਲਈ ਭਾਰਤ ਨਾਲ ਵਪਾਰ ਰੱਦ ਹੋਣ ਨੂੰ ਕਾਰਨ ਦੱਸਿਆ ਹੈ।

ਵਰਨਣ ਯੋਗ ਹੈ ਕਿ ਪਾਕਿਸਤਾਨ ਵਿੱਚ ਟਮਾਟਰ ਦਾ ਭਾਅ 400 ਰੁਪਏ ਕਿੱਲੋਗ੍ਰਾਮ ਤੱਕ ਚਲਾ ਗਿਆ ਹੈ। ਇਸ ਨਾਲ ਤੰਗੀ ਵਿੱਚ ਚੱਲਦੇ ਪਾਕਿਸਤਾਨ ਵਿੱਚ ਮਹਿੰਗਾਈ ਸਿਖਰ ਉੱਤੇ ਹੈ। ਡਾਨ ਅਖ਼ਬਾਰ ਦੇ ਮੁਤਾਬਕ ਹਮਾਦ ਅਜ਼ਹਰ ਨੇ ਖਾਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਦਾ ਭਾਂਡਾ ਭਾਰਤ ਸਿਰ ਭੰਨਿਆ ਤੇ ਕਿਹਾ ਕਿ ਆਸਮਾਨ ਛੂਹ ਰਹੀਆਂ ਕੀਮਤਾਂ, ਖ਼ਾਸ ਤੌਰ ਉੱਤੇ ਖਾਣ ਵਾਲੀਆਂ ਚੀਜ਼ਾਂ ਦੇ ਭਾਅ ਦਾ ਵਾਧਾ ਭਾਰਤ ਨਾਲ ਵਪਾਰ ਰੱਦ ਹੋਣ ਕਾਰਨ ਹੋਇਆ ਹੈ। ਪਾਕਿਸਤਾਨ ਦੇ ਆਰਥਿਕ ਮਾਮਲਿਆਂ ਦੇ ਮੰਤਰੀ ਹਮਾਦ ਅਜਹਰ ਨੇ ਮੀਡੀਆ ਕੋਲ ਕਿਹਾ ਕਿ ਪਾਕਿਸਤਾਨੀ ਅਰਥ ਵਿਵਸਥਾ ਇਸ ਸਮੇਂ ਵਿਦੇਸ਼ੀ ਕਰਜ਼ੇ ਦੇ ਬੋਝ ਹੇਠ ਹੈ ਤੇ ਮਹਿੰਗਾਈ ਲੋਕਾਂ ਨੂੰ ਪਰੇਸ਼ਾਨ ਕਰ ਰਹੀ ਹੈ। ਖ਼ਾਸ ਗੱਲ ਇਹ ਕਿ ਪਾਕਿਸਤਾਨੀ ਮੰਤਰੀ ਦੀ ਇਹ ਟਿੱਪਣੀ ਓਦੋਂ ਆਈ ਹੈ, ਜਦੋਂ ਟਮਾਟਰ ਦੀ ਕੀਮਤ 400 ਰੁਪਏ ਪ੍ਰਤੀ ਕਿੱਲੋ ਨੂੰ ਪਹੁੰਚ ਗਈ ਹੈ। ਭਾਰਤ ਵੱਲੋਂ 5 ਅਗਸਤ ਨੂੰ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਹਟਾਏ ਜਾਣ ਪਿੱਛੋਂ ਪਾਕਿਸਤਾਨ ਨਾਲ ਉਸ ਦੇ ਕੂਟਨੀਤਕ ਸਬੰਧ ਬੜੇ ਖਰਾਬ ਹਨ। ਦੋਵਾਂ ਦੇਸ਼ਾਂ ਵਿਚਕਾਰ ਕਾਰੋਬਾਰ ਸਸਪੈਂਡ ਕੀਤਾ ਗਿਆ ਹੈ।

# ਮਲੇਸ਼ੀਆ ਵਿੱਚ ਨਮਾਜ਼ ਵਿੱਚ ਸ਼ਾਮਲ ਨਾ ਹੋਏ 6 ਲੋਕਾਂ ਨੂੰ ਜੇਲ

ਕੁਆਲਾਲੰਪੁਰ, 4 ਦਸੰਬਰ (ਪੋਸਟ ਬਿਊਰੋ)- ਮਲੇਸ਼ੀਆ ਵਿਚ 6 ਮੁਸਲਿਮ ਨੌਜਵਾਨਾਂ ਨੂੰ ਇਕ ਮਹੀਨਾ ਜੇਲ ਦੀ ਸਜ਼ਾ ਸੁਣਾਈ ਗਈ ਹੈ। ਉਨ੍ਹਾਂ ਦਾ ਜ਼ੁਰਮ ਇੰਨਾ ਸੀ ਕਿ ਉਨ੍ਹਾਂ ਨੇ ਨਮਾਜ਼ ਨਾ ਪੜ੍ਹ ਕੇ ਇਸਲਾਮੀ ਨਿਯਮਾਂ ਦੀ ਉਲੰਘਣਾ ਕੀਤੀ ਸੀ। ਇਸ ਘਟਨਾ ਪਿੱਛੋਂ ਧਾਰਮਿਕ ਪੱਖੋਂ ਕੱਟੜਵਾਦ ਬਾਰੇ ਬਹੁ ਨਸਲੀ ਦੇਸ਼ ਵਿਚ ਚਿੰਤਾ ਜ਼ਾਹਰ ਕੀਤੀ ਗਈ ਹੈ। ਮੀਡੀਆ ਰਿਪੋਰਟਾਂ ਮੁਤਾਬਕ ਮਲੇਸ਼ੀਆ ਵਿਚ ਮੁਸਲਿਮ ਪੁਰਸ਼ਾਂ ਲਈ ਸ਼ੁੱਕਰਵਾਰ ਨੂੰ ਨਮਾਜ਼ ਪੜ੍ਹਨੀ ਲਾਜ਼ਮੀ ਹੈ। ਇਕ ਅੰਗਰੇਜ਼ੀ ਅਖਬਾਰ 'ਹਰੀਯਨ ਮੈਟਰੋ' ਮੁਤਾ-ਬਕ ਗ੍ਰਿਫਤਾਰ ਕੀਤੇ ਮੁਸਲਿਮ ਨੌਜਵਾਨਾਂ ਦੀ ਉਮਰ 17 ਤੋਂ 35 ਸਾਲ ਦੇ ਵਿਚਾਲੇ ਹੈ। ਇਨ੍ਹਾਂ ਨੌਜਵਾਨਾਂ ਨੂੰ ਸ਼ੁੱਕਰਵਾਰ ਨਮਾਜ਼ ਵਿਚ ਹਿੱਸਾ ਲੈਣ ਦੀ ਥਾਂ ਝਰਨੇ ਨੇੜੇ ਪਿਕਨਿਕ ਮਨਾਉਂਦੇ ਹੋਏ ਫੜਿਆ ਗਿਆ ਸੀ। ਐਤਵਾਰ ਨੂੰ ਸ਼ਰੀਆ ਕੋਰਟ ਵਿਚ ਉਨ੍ਹਾਂ ਨੂੰ ਦੋਸ਼ੀ ਠਹਿਰਾਏ ਜਾਣ ਪਿੱਛੋਂ ਜੇਲ ਦੀ ਸਜ਼ਾ ਅਤੇ 780 ਡਾਲਰ ਆਰਥਿਕ ਜੁਰਮਾਨਾ ਲਾਇਆ ਗਿਆ। ਇਸਲਾਮੀ ਦੇਸ਼ਾਂ ਵਿੱਚ ਸ਼ੁੱਕਰਵਾਰ ਹਫਤੇ ਦਾ ਸਭ ਤੋਂ ਪਵਿੱਤਰ ਦਿਨ ਹੁੰਦਾ ਹੈ ਤੇ ਇਸ ਦੀ ਨਮਾਜ਼ ਵਿੱਚ ਸ਼ਾਮਲ ਹੋਣਾ ਲਾਜ਼ਮੀ ਹੈ। ਇਨ੍ਹਾਂ ਨੌਜਵਾਨਾਂ ਨੇ ਸਜ਼ਾ ਦੇ ਵਿਰੁੱਧ ਅਪੀਲ ਕੀਤੀ ਹੈ ਅਤੇ ਹਾਲੇ ਜ਼ਮਾਨਤ ਉੱਤੇ ਬਾਹਰ ਹਨ। ਉਨ੍ਹਾਂ ਨੂੰ ਮੁਸਲਿਮ ਕਾਨੂੰਨਾਂ ਦੇ ਤਹਿਤ ਵੱਧ ਤੋਂ ਵੱ 2 ਸਾਲ ਜੇਲ ਹੋ ਸਕਦੀ ਸੀ।

# ਚੋਣਾਂ ਤੋਂ ਪਹਿਲਾਂ ਬੋਰਿਸ ਜੌਨਸਨ ਨੂੰ ਟਰੰਪ ਦਾ ਸਾਥ ਮਿਲਿਆ



ਲੰਡਨ, 4 ਦਸੰਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੱਲ੍ਹ ਕਿਹਾ ਕਿ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਬਹੁਤ ਸਮਰੱਥ ਹਨ ਤੇ ਚੰਗਾ ਕੰਮ ਕਰਨਗੇ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਉਹ ਬ੍ਰਿਟਿਸ਼ ਚੋਣਾਂ 'ਚ ਕਿਸੇ ਤਰ੍ਹਾਂ ਦਾ ਦਖਲ ਨਹੀਂ ਦੇਣਾ ਚਾਹੁੰਦੇ।

ਵਰਨਣ ਯੋਗ ਹੈ ਕਿ ਬ੍ਰਿਟੇਨ ਵਿੱਚ 12 ਦਸੰਬਰ ਨੂੰ ਹੋ ਰਹੀਆਂ ਆਮ ਚੋਣਾਂ ਬ੍ਰੈਗਜ਼ਿਟ ਉਤੇ ਦੇਸ਼ ਦਾ ਮਿਜ਼ਾਜ ਦੱਸ ਦੇਣਗੀਆਂ। ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ ਅਗਲੀ 31 ਜਨਵਰੀ ਨੂੰ ਬ੍ਰਿਟੇਨ ਨੂੰ ਯੂਰਪੀ ਯੂਨੀਅਨ ਤੋਂ ਬਾਹਰ ਕੱਢਣ ਦਾ ਵਾਅਦਾ ਕੀਤਾ ਹੈ। ਵਿਰੋਧੀ ਲੇਬਰ ਪਾਰਟੀ ਦੇ ਨੇਤਾ ਜੇਰੇਮੀ ਕਾਰਬਿਨ ਨੇ ਇਸ ਮੁੱਦੇ 'ਤੇ ਇੱਕ ਹੋਰ ਰਿਫਰੈਂਡਮ ਦੀ ਗੱਲ ਕਹੀ ਹੈ। ਨਾਟੋ ਦੇਸ਼ਾਂ ਦੇ ਮੁੱਖੀਆਂ ਦੀ ਬੈਠਕ 'ਚ ਹਿੱਸਾ ਲੈਣ ਲੰਡਨ ਪੁੱਜੇ ਟਰੰਪ ਨੇ ਕਿਹਾ ਕਿ ਮੈਂ ਚੋਣਾਂ ਵਿੱਚ ਕਿਸੇ ਤਰ੍ਹਾਂ ਦਾ ਦਖਲ ਨਹੀ ਦੇਣਾ ਚਾਹੁੰਦਾ, ਪਰ ਮੈਨੂੰ ਲੱਗਦਾ ਹੈ ਕਿ ਬੋਰਿਸ ਬਹੁਤ ਸਮਰੱਥ ਹਨ ਤੇ ਚੰਗਾ ਕੰਮ ਕਰਨਗੇ। ਇਸ ਤੋਂ ਪਹਿਲਾਂ ਉਨ੍ਹਾਂ ਨੇ ਨਿਊਯਾਰਕ 'ਚ ਪੈਦਾ ਹੋਏ ਬੋਰਿਸ ਜੌਨਸਨ ਨੂੰ ਬ੍ਰਿਟੇਨ ਦਾ ਟਰੰਪ ਆਖ ਕੇ ਕਿਹਾ ਕਿ ਬ੍ਰੈਗਿਜ਼ਟ ਦੀ ਪ੍ਰਕਿਰਿਆ ਪੂਰੀ ਕਰਨ ਲਈ ਉਹ ਸਭ ਤੋਂ ਸਹੀ ਨੇਤਾ ਹਨ।

ਖਾਸ ਗੱਲ ਇਹ ਕਿ ਚੋਣਾਂ ਤੋਂ ਪਹਿਲਾਂ ਸਰਵੇਖਣਾਂ 'ਚ ਜੌਨਸਨ ਦੀ ਕੰਜ਼ਰਵੇਟਿਵ ਪਾਰਟੀ ਅੱਗੇ ਚੱਲ ਰਹੀ ਹੈ, ਪਰ ਅਜੇ ਇਹ ਤੈਅ ਨਹੀਂ ਹੋ ਸਕਿਆ ਉਹ ਜਨਵਰੀ 'ਚ ਯੂਰਪੀ ਯੂਨੀਅਨ ਤੋਂ ਬ੍ਰਿਟੇਨ ਨੂੰ ਕੱਢਣ ਦੀ ਬਹੁਮਤ ਦੀ ਸਰਕਾਰ ਬਣਾ ਸਕਣਗੇ ਜਾਂ ਨਹੀਂ। ਬੇਸ਼ੱਕ ਟਰੰਪ ਪ੍ਰਧਾਨ ਮੰਤਰੀ ਜੌਨਸਨ ਦੀ ਤਾਰੀਫ ਕਰਦੇ ਹੋਣ, ਪਰ ਉਨ੍ਹਾਂ ਦੀ ਸਰਗਰਮੀ ਬਾਰੇ ਕੰਜ਼ਰਵੇਟਿਵ ਪਾਰਟੀ ਦੇ ਸੀਨੀਅਰ ਨੇਤਾ ਪਰੇਸ਼ਾਨ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਨਾਲ ਉਨ੍ਹਾਂ ਦੀ ਚੋਣ ਮੁਹਿੰਮ ਨੂੰ ਝਟਕਾ ਲੱਗ ਸਕਦਾ ਹੈ। ਲੇਬਰ ਪਾਰਟੀ ਦਾ ਦੋਸ਼ ਹੈ ਕਿ ਜੌਨਸਨ ਜਨਤਕ ਤੌਰ 'ਤੇ ਵਿੱਤੀ ਮਦਦ ਪ੍ਰਣਾਲੀ ਦੇ ਕੁਝ ਹਿੱਸੇ ਅਮਰੀਕੀ ਕੰਪਨੀਆਂ ਨੂੰ ਵੇਚਣਾ ਚਾਹੁੰਦੇ ਹਨ।

# ਜ਼ਿੰਬਾਬਵੇ ਦੇ ਸਾਬਕਾ ਰਾਸ਼ਟਰਪਤੀ ਦੇ ਨਾਂ ਬੈਂਕ ਵਿੱਚ 70 ਕਰੋੜ ਜਮ੍ਹਾਂ ਨਿਕਲੇ



ਹਰਾਰੇ, 4 ਦਸੰਬਰ (ਪੋਸਟ ਬਿਊਰੋ)- ਜ਼ਿੰਬਾਬਵੇ ਦੇ ਸਾਬਕਾ ਰਾਸ਼ਟਰਪਤੀ ਰਾਬਰਟ ਮੁਗਾਬੇ ਦੇ ਨਾਂ ਇੱਕ ਸਥਾਨਕ ਬੈਂਕ ਵਿੱਚ ਇੱਕ ਕਰੋੜ ਡਾਲਰ ਦੀ ਰਾਸ਼ੀ ਜਮ੍ਹਾਂ ਹੈ। 37 ਸਾਲ ਤੱਕ ਦੇਸ਼ ਦੀ ਸੱਤਾ 'ਤੇ ਕਾਬਿਜ ਰਹੇ ਮੁਗਾਬੇ ਦਾ ਬੀਤੇ ਸਤੰਬਰ ਵਿੱਚ 95 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਸੀ।

ਪਤਾ ਲੱਗਾ ਹੈ ਕਿ ਬੈਂਕ ਵਿੱਚ ਜਮ੍ਹਾਂ ਵੱਡੀ ਰਕਮ ਦੇ ਨਾਲ ਚਾਰ ਮਕਾਨ, ਦਸ ਕਾਰਾਂ, ਪਿੰਡ ਦਾ ਘਰ, ਖੇਤੀ ਯੋਗ ਭੂਮੀ ਅਤੇ ਇੱਕ ਬਗੀਚਾ ਵੀ ਮੁਗਾਬੇ ਦੇ ਨਾਂ ਹੈ। ਮੁਗਾਬੇ ਨੇ ਕੋਈ ਵਸੀਅਤ ਨਹੀਂ ਲਿਖੀ ਸੀ। ਉਨ੍ਹਾਂ ਦੀ ਜਾਇਦਾਦ ਦਾ ਇਹ ਬਿਓਰਾ ਉਨ੍ਹਾਂ ਦੀ ਬੇਟੀ ਬੋਨਾ ਚਿਕੋਵੋਰੇ ਨੇ ਅਦਾਲਤ ਨੂੰ ਦਿੱਤਾ ਹੈ। ਸਾਬਕਾ ਰਾਸ਼ਟਰਪਤੀ ਦੀ ਇਸ ਐਲਾਨੀ ਗਈ ਜਾਇਦਾਦ ਵਿੱਚ ਰਾਜਧਾਨੀ ਹਰਾਰੇ ਵਿੱਚ ਆਲੀਸ਼ਾਨ ਬੰਗਲੇ ਬਲੂ ਰੂਫ ਦਾ ਜ਼ਿਕਰ ਨਹੀਂ ਹੈ। ਇਸ ਤੋਂ ਇਲਾਵਾ ਕਈ ਹੋਰ ਕਾਰੋਬਾਰ ਨੂੰ ਵੀ ਜਾਇਦਾਦ ਸੂਚੀ ਵਿੱਚ ਜਗ੍ਹਾ ਨਹੀਂ ਦਿੱਤੀ ਗਈ। ਮੁਗਾਬੇ ਦੀ ਬੇਸ਼ੁਮਾਰ ਜਾਇਦਾਦ ਬਾਰੇ ਜ਼ਿੰਬਾਬਵੇ ਵਿੱਚ ਅਟਕਲਾਂ ਦਾ ਬਾਜ਼ਾਰ ਹਮੇਸ਼ਾਂ ਗਰਮ ਰਿਹਾ ਹੈ। ਵਿਕੀਲੀਕਸ ਵੱਲੋਂ ਅਮਰੀਕੀ ਅੰਬੈਸੀ ਦੀ 2001 ਦੀ ਇੱਕ ਗੁਪਤ ਸੂਚਨਾ ਮੁਤਾਬਕ ਮੁਗਾਬੇ ਦੀ ਕੁਲ ਜਾਇਦਾਦ 100 ਕਰੋੜ ਡਾਲਰ ਹੋਣ ਦਾ ਅੰਦਾਜ਼ਾ ਲਾਇਆ ਗਿਆ ਸੀ।

# ਕਾਂਗਰਸੀ ਆਗੂ ਅਲਕਾ ਲਾਂਬਾ ਦੀ ਫੋਟੋ ਨਾਲ ਛੇੜਛਾੜ ਤੋਂ ਬਾਅਦ ਅਸ਼ਲੀਲ ਟਿਪਣੀ



ਨਵੀਂ ਦਿੱਲੀ, 4 ਦਸੰਬਰ (ਪੋਸਟ ਬਿਊਰੋ)- ਪੁਰਾਣੀ ਦਿੱਲੀ ਦੇ ਚਾਂਦਨੀ ਚੌਕ ਹਲਕੇ ਵਿੱਚੋਂ ਵਿਧਾਇਕ ਅਲਕਾ ਲਾਂਬਾ ਦੀ ਤਸਵੀਰ ਨਾਲ ਸੋਸ਼ਲ ਮੀਡੀਆ ਉੱਤੇ ਛੇੜਛਾੜ ਤੇ ਉਸ ਉੱਤੇ ਅਸ਼ਲੀਲ ਟਿੱਪਣੀ ਕੀਤੇ ਜਾਣ ਦੀ ਘਟਨਾ ਸਾਹਮਣੇ ਆਈ ਹੈ। ਅਲਕਾ ਲਾਂਬਾ ਨੇ ਇਸ ਬਾਰੇ ਮੰਗਲਵਾਰ ਨੂੰ ਸਿਵਲ ਲਾਈਨ ਥਾਣੇ ਨੂੰ ਸ਼ਿਕਾਇਤ ਦਰਜ ਕਰਵਾਈ, ਜਿਸ ਤੋਂ ਬਾਅਦ ਪੁਲਿਸ ਨੇ ਚਾਂਦਨੀ ਚੌਕ ਦਿੱਲੀ ਦੇ ਵਾਸੀ ਸੁਨੀਲ ਉਰਫ਼ ਸੰਨੀ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਉੱਤੇ ਔਰਤਾਂ ਦਾ ਅਪਮਾਨ ਤੇ ਧਮਕੀ ਦੇਣ ਦੀ ਧਾਰਾ ਲਾਈ ਗਈ ਹੈ। ਦੋਸ਼ੀ ਨੂੰ ਤੀਸ ਹਜ਼ਾਰੀ ਕੋਰਟ ਵਿੱਚ ਪੇਸ਼ ਕੀਤਾ, ਜਿੱਥੋਂ ਉਸ ਨੂੰ ਜ਼ਮਾਨਤ ਮਿਲ ਗਈ ਹੈ। ਦਿੱਲੀ ਪੁਲਿਸ ਦਾ ਸਾਈਬਰ ਸੈੱਲ ਉਸ ਦੇ ਬਾਰੇ ਜਾਂਚ ਕਰ ਰਿਹਾ ਹੈ।

ਵਿਧਾਇਕ ਅਲਕਾ ਲਾਂਬਾ ਨੇ ਮੰਗਲਵਾਰ ਦੁਪਹਿਰੇ ਆਪਣੇ ਫੇਸਬੁੱਕ ਅਕਾਊਂਟ ਉੱਤੇ ਲਾਈਵ ਹੋ ਕੇ ਇਸ ਘਟਨਾ ਦੀ ਜਾਣਕਾਰੀ ਲੋਕਾਂ ਨਾਲ ਸ਼ੇਅਰ ਕੀਤੀ ਤਾਂ ਭੇਦ ਖੁੱਲ੍ਹਾ ਹੈ। ਉਨ੍ਹਾਂ ਦੱਸਿਆ ਕਿ ਇਕ ਸ਼ਖ਼ਸ ਲਗਾਤਾਰ ਉਨ੍ਹਾਂ ਨੂੰ ਪਰੇਸ਼ਾਨ ਕਰਦਾ ਹੈ। ਉਹ ਕਾਫ਼ੀ ਸਮੇਂ ਤੋਂ ਉਨ੍ਹਾਂ ਦੀ ਫੇਸਬੁੱਕ ਉੱਤੇ ਛੇੜਛਾੜ ਕਰ ਕੇ ਬਦਲੀਆਂ ਫੋਟੋ ਅਪਲੋਡ ਕਰ ਕੇ ਅਸ਼ਲੀਲ ਟਿੱਪਣੀਆਂ ਕਰਦਾ ਹੈ। ਕਈ ਵਾਰ ਉਸ ਨੇ ਮੋਬਾਈਲ ਉੱਤੇ ਧਮਕੀ ਦਿੱਤੀ ਹੈ। ਇਸ ਦੀ ਸ਼ਿਕਾਇਤ ਉਨ੍ਹਾਂ ਪੁਲਿਸ ਨੂੰ ਕਰ ਦਿੱਤੀ ਹੈ। ਅਲਕਾ ਨੇ ਕਿਹਾ ਕਿ ਕੇਸ ਉਨ੍ਹਾਂ ਨੇ ਸਿਰਫ਼ ਇਸ ਲਈ ਦਰਜ ਕਰਾਇਆ ਕਿ ਪੀੜਤ ਔਰਤਾਂ ਨੂੰ ਦੋਸ਼ੀਆਂ ਦੇ ਖ਼ਿਲਾਫ਼ ਖੜ੍ਹੇ ਹੋਣ ਦੀ ਪ੍ਰੇਰਨਾ ਮਿਲੇ। ਉਨ੍ਹਾਂ ਨੇ ਦੋਸ਼ੀ ਨੌਜਵਾਨ ਦੇ ਫੇਸਬੁੱਕ ਉੱਤੇ ਪਾਏ ਜਾ ਰਹੇ ਪੋਸਟ ਦੇ ਸਕ੍ਰੀਨ ਸ਼ਾਟ ਵੀ ਪਾਏ ਤੇ ਇਸ ਨੂੰ ਟਵਿੱਟਰ ਉੱਤੇ ਪੋਸਟ ਕੀਤਾ। ਫੇਸਬੁੱਕ ਦੇ ਇਕ ਪੋਸਟ ਵਿੱਚ ਦੋਸ਼ੀ ਦੀ ਵਾਲ ਉੱਤੇ ਪ੍ਰਧਾਨ ਮੰਤਰੀ ਦੀ ਤਸਵੀਰ ਹੈ। ਇਸ ਫੋਟੋ ਬਾਰੇ ਅਲਕਾ ਨੇ ਨੌਜਵਾਨ ਦੀ ਹਰਕਤ ਪਿੱਛੇ ਭਾਜਪਾ ਆਗੂਆਂ ਦੀ ਸ਼ਹਿ ਹੋਣ ਦੀ ਗੱਲ ਕਹੀ ਹੈ।

# ਭੁੱਖੇ ਬੱਚੇ ਨੂੰ ਮਿੱਟੀ ਖਾਂਦਾ ਦੇਖ ਕੇ ਮਾਂ ਵੱਲੋਂ ਸਰਕਾਰ ਨੂੰ ਅਪੀਲ



ਤਿਰੂਵਨੰਤਪੁਰਮ, 4 ਦਸੰਬਰ (ਪੋਸਟ ਬਿਊਰੋ)- ਕੇਰਲ 'ਚ ਇੱਕ ਔਰਤ ਸ੍ਰੀਦੇਵੀ ਦੀ ਅਪੀਲ ਨੇ ਪੂਰੇ ਸੂਬੇ ਨੂੰ ਹੈਰਾਨ ਕਰ ਦਿੱਤਾ ਹੈ। ਔਰਤ ਨੇ ਭੁੱਖ ਦੇ ਕਾਰਨ ਆਪਣੇ ਬੱਚੇ ਨੂੰ ਮਿੱਟੀ ਖਾਂਦਾ ਦੇਖ ਕੇ ਸੂਬਾ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਬੱਚਿਆਂ ਨੂੰ ਆਪਣੀ ਸ਼ਰਨ 'ਚ ਲੈ ਲਵੇ।

ਸ੍ਰੀਦੇਵੀ ਉਪਲਾਮੋਦੂ ਪੁਲ 'ਤੇ ਅਸਥਾਈ ਤੰਬੂ ਵਿੱਚ ਆਪਣੇ ਛੇ ਬੱਚਿਆਂ ਨਾਲ ਰਹਿ ਰਹੀ ਸੀ। ਔਰਤ ਦੀ ਅਪੀਲ ਸੁਣ ਕੇ ਬਾਲ ਭਲਾਈ ਕਮੇਟੀ (ਸੀ ਡਬਲਯੂ ਸੀ) ਨੇ ਚਾਰ ਬੱਚਿਆਂ ਨੂੰ ਆਪਣੀ ਸੁਰੱਖਿਆ ਵਿੱਚ ਲੈ ਲਿਆ। ਔਰਤ ਸਮੇਤ ਉਸ ਦੇ ਦੋ ਛੋਟੇ ਬੱਚਿਆਂ, ਜੋ ਕਾਫੀ ਛੋਟੇ ਹਨ, ਨੂੰ ਆਸ਼ਰਮ 'ਚ ਭੇਜ ਦਿੱਤਾ ਗਿਆ। ਤਿਰੂਵਨੰਤਪੁਰਮ ਦੇ ਕੌਂਸਲਰ ਕੇ ਸ੍ਰੀ ਕੁਮਾਰ ਨੇ ਔਰਤ ਨੂੰ ਨਿਗਮ ਦੇ ਦਫਤਰ ਵਿੱਚ ਨੌਕਰੀ ਵੀ ਦੇ ਦਿੱਤੀ ਹੈ। ਨਗਰ ਨਿਗਮ ਇਹ ਯਕੀਨੀ ਕਰੇਗਾ ਕਿ ਔਰਤ ਦੇ ਬੱਚਿਆਂ ਨੂੰ ਸਿਖਿਆ ਤੋਂ ਵਾਂਝਾ ਨਾ ਰੱਖਿਆ ਜਾਵੇ। ਔਰਤ ਨੂੰ ਇੱਕ ਫਲੈਟ ਵੀ ਦਿੱਤਾ ਜਾਵੇਗਾ। ਔਰਤ ਨੇ ਕਿਹਾ ਕਿ ਮੇਰਾ ਪਤੀ ਸ਼ਰਾਬੀ ਹੈ ਤੇ ਉਹ ਆਪਣੇ ਬੱਚਿਆਂ ਲਈ ਭੋਜਨ ਨਹੀਂ ਜੁਟਾ ਸਕਦੀ।

# ਤੰਗੀ ਨਾਲ ਜੂਝਦੇ ਪਾਕਿ ਦੇ ਖਿਲਾਫ ਆਸਟ੍ਰੇਲੀਆ ਨੇ ਵੱਡਾ ਕਦਮ ਚੁੱਕਿਆ



ਲਾਹੌਰ, 4 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਸਰਕਾਰ ਨੂੰ ਇਕ ਹੋਰ ਵੱਡਾ ਝਟਕਾ ਲੱਗਾ ਹੈ। ਅਮਰੀਕਾ ਦੀ ਟਰੰਪ ਸਰਕਾਰ ਤੋਂ ਬਾਅਦ ਆਸਟ੍ਰੇਲੀਆ ਨੇ ਵੀ ਪਾਕਿਸਤਾਨ ਦੀ ਆਰਥਕ ਮਦਦ ਉੱਤੇ ਰੋਕ ਲਾ ਦਿੱਤੀ ਹੈ।

ਵਰਨਣ ਯੋਗ ਹੈ ਕਿ ਪਾਕਿਸਤਾਨ ਏਸ਼ੀਆ ਦੇ ਸਭ ਤੋਂ ਗਰੀਬ ਦੇਸ਼ਾਂ ਵਿਚੋਂ ਹੈ ਅਤੇ ਉਹ ਯੂ ਐੱਨ ਮਨੁੱਖੀ ਵਿਕਾਸ ਸੂਚਕ ਅੰਕ ਵਿਚ 178 ਦੇਸ਼ਾਂ ਵਿਚ 150ਵੇਂ ਸਥਾਨ ਉੱਤੇ ਹੈ। ਇਹ ਅੰਕੜਾ ਸਿਹਤ, ਸਿੱਖਿਆ ਅਤੇ ਆਮਦਨ ਦੇ ਆਧਾਰ ਉੱਤੇ ਤੈਅ ਕੀਤਾ ਜਾਂਦਾ ਹੈ। ਆਸਟ੍ਰੇਲੀਆ ਦੇ ਤਾਜ਼ਾ ਐਲਾਨ ਨਾਲ ਪਾਕਿਸਤਾਨ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਓਥੋਂ ਦੀ ਸਰਕਾਰ ਦੇ ਸਾਹਮਣੇ ਵੱਡਾ ਸਵਾਲ ਇਹ ਹੈ ਕਿ ਦੇਸ਼ ਆਪਣੀ ਆਰਥਕ ਤੰਗੀ ਨਾਲ ਕਿਵੇਂ ਨਿਪਟੇ।

ਆਸਟ੍ਰੇਲੀਆ ਦੀ ਮੋਰੀਸਨ ਸਰਕਾਰ ਨੇ ਪਾਕਿਸਤਾਨ ਨੂੰ ਦਿੱਤੀ ਜਾਂਦੀ ਆਰਥਕ ਮਦਦ ਨੂੰ ਰੋਕਣ ਦਾ ਐਲਾਨ ਕਰ ਦਿੱਤਾ ਹੈ। ਪਾਕਿਸਤਾਨ ਦੀਆਂ ਗਰੀਬ ਔਰਤਾਂ ਦੀ ਮਦਦ ਲਈ ਆਸਟ੍ਰੇਲੀਆ ਮਾਇਕ ਮਦਦ ਦੇਂਦਾ ਸੀ। ਉਸ ਵੱਲੋਂ ਮਦਦ ਪ੍ਰੋਗਰਾਮ ਬਾਰੇ ਪਰਫਾਰਮੈਂਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਆਸਟ੍ਰੇਲੀਆ ਵੱਲੋਂ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ ਫੰਡਿੰਗ ਪ੍ਰਸ਼ਾਂਤ ਖੇਤਰ ਦੇ ਨਵੇਂ ਪ੍ਰਾਜੈਕਟ ਉੱਤੇ ਖ਼ਰਚ ਕੀਤੀ ਜਾਵੇਗੀ। 2018-19 ਵਿਚ ਪਾਕਿਸਤਾਨ ਨੂੰ ਦਿੱਤੀ ਜਾ ਰਹੀ 3.9 ਕਰੋੜ ਡਾਲਰ ਦੀ ਆਰਥਕ ਮਦਦ 2019-20 ਵਿਚ 1.9 ਕਰੋੜ ਡਾਲਰ ਤੱਕ ਘਟਾ ਦਿੱਤੀ ਗਈ ਅਤੇ 2020-21 ਵਿਚ ਇਸ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਜਾਵੇਗਾ। ਇਸ ਸਾਲ ਅਗਸਤ ਵਿਚ ਪਾਕਿਸਤਾਨ ਨੂੰ ਵੱਡਾ ਝਟਕਾ ਉਦੋਂ ਲੱਗਾ ਸੀ, ਜਦੋਂ ਅਮਰੀਕਾ ਨੇ 44 ਕਰੋੜ ਡਾਲਰ ਦੀ ਕੈਸ਼ ਮਦਦ ਦੀ ਕਟੌਤੀ ਕੀਤੀ ਸੀ। ਇਸ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਾਕਿਸਤਾਨ ਨੂੰ ਕਿਹਾ ਕਿ ਅਸੀਂ ਕਈ ਸਾਲਾਂ ਤੋਂ ਪਾਕਿਸਤਾਨ ਦੀ 130 ਕਰੋੜ ਡਾਲਰ ਦਿੰਦੇ ਆ ਰਹੇ ਹਾਂ, ਪਰ ਸਮੱਸਿਆ ਇਹ ਹੈ ਕਿ ਪਾਕਿਸਤਾਲ ਸਾਡੇ ਲਈ ਕੁਝ ਨਹੀਂ ਕਰ ਰਿਹਾ।

ਜ਼ਮੀਨ ਧੋਖਾਧੜੀ ਕੇਸ

# ਸਾਬਕਾ ਵਿਧਾਇਕ ਬਡਸ਼ਾਮੀ ਨੂੰ ਪੁਲਸ 45 ਲੱਖ ਦੀ ਰਿਕਵਰੀ ਦੇ ਲਈ ਗੁੜਗਾਓਂ ਲੈ ਗਈ

ਜਮਨਾਨਗਰ, 4 ਦਸੰਬਰ (ਪੋਸਟ ਬਿਊਰੋ)- ਲਾਡਵਾ ਤੋਂ ਇਨੈਲੋ ਪਾਰਟੀ ਦੇ ਸਾਬਕਾ ਵਿਧਾਇਕ ਸ਼ੇਰ ਸਿੰਘ ਬਡਸ਼ਾਮੀ ਤੋਂ ਰਾਦੌਰ ਪੁਲਸ ਨੇ ਸੋਮਵਾਰ ਨੂੰ ਸਾਰੀ ਰਾਤ ਥਾਣੇ ਵਿੱਚ ਪੁੱਛਗਿੱਛ ਕੀਤੀ। ਕੱਲ੍ਹ ਸਵੇਰੇ ਪੁਲਸ ਉਨ੍ਹਾਂ ਨੂੰ ਗੁੜਗਾਓਂ ਲੈ ਗਈ। ਉਨ੍ਹਾਂ ਦੇ ਨਾਲ ਰਾਦੌਰ ਦੇ ਐਸ ਐਚ ਓ ਗੁਰਦੇਵ ਸਿੰਘ ਸਮੇਤ ਛੇ ਪੁਲਸ ਮੁਲਾਜ਼ਮ ਗਏ ਹਨ।

ਪੁਲਸ ਅਧਿਕਾਰੀਆਂ ਦੇ ਦੱਸਣ ਅਨੁਸਾਰ ਸ਼ੇਰ ਸਿੰਘ ਬਡਸ਼ਾਮੀ ਨੇ ਪੁੱਛਗਿੱਛ ਦੇ ਦੌਰਾਨ ਚਾਲੀ ਹਜ਼ਾਰ ਰੁਪਏ ਦੀ ਰਿਕਵਰੀ ਕੁਰੂਕਸ਼ੇਤਰ ਰਿਹਾਇਸ਼ ਤੋਂ ਕਰਵਾਈ ਹੈ। ਜ਼ਮੀਨ ਧੋਖਾਧੜੀ ਦੇ 45 ਲੱਖ ਰੁਪਏ ਰਕਮ ਗੁੜਗਾਓਂ ਵਿੱਚ ਰੱਖੀ ਦੱਸੀ ਗਈ ਹੈ। ਪੁਲਸ ਉਥੇ ਪੈਸਿਆਂ ਦੀ ਰਿਕਵਰੀ ਦੇ ਨਾਲ ਕੇਸ ਵਿੱਚ ਨਾਮਜ਼ਦ ਗੁੜਗਾਓਂ ਦੇ ਈਸ਼ਵਰ ਸਿੰਘ ਤੇ ਕਰਮ ਸਿੰਘ ਦੀ ਵੀ ਤਲਾਸ਼ ਕਰਨ ਗਈ ਹੈ। ਜਾਣਕਾਰ ਇਸ ਦੌਰਾਨ ਜੇ ਬੀ ਟੀ ਭਰਤੀ ਘੋਟਾਲੇ ਵਿੱਚ ਸੀ ਬੀ ਆਈ ਦੀ ਟੀਮ ਫਿਰ ਬਡਸ਼ਾਮੀ ਨੂੰ ਨਵੇਂ ਸਿਰਿਓਂ ਵੀ ਗ੍ਰਿਫਤਾਰ ਕਰ ਸਕਦੀ ਹੈ। ਵਰਨਣ ਯੋਗ ਹੈ ਕਿ ਜੇ ਬੀ ਟੀ ਟੀਚਰ ਭਰਤੀ ਘੋਟਾਲੇ ਵਿੱਚ ਸਜ਼ਾਯਾਫਤਾ ਅਤੇ ਲੰਬੇ ਸਮੇਂ ਤੋਂ ਜ਼ਮਾਨਤ 'ਤੇ ਬਾਹਰ ਰਹਿ ਰਹੇ ਇਨੈਲੋ ਦੇ ਸਾਬਕਾ ਸੂਬਾ ਪ੍ਰਧਾਨ ਅਤੇ ਸਾਬਕਾ ਵਿਧਾਇਕ ਸ਼ੇਰ ਸਿੰਘ ਬਡਸ਼ਾਮੀ ਨੇ ਅਚਾਨਕ ਰਾਦੌਰ ਥਾਣੇ ਵਿੱਚ ਸਰੰਡਰ ਕਰ ਦਿੱਤਾ ਹੈ।

# ਦਿੱਲੀ ਦੀਆਂ ਗੈਰ-ਕਾਨੂੰਨੀ ਕਲੋਨੀਆਂ ਬਾਰੇ ਬਿੱਲ ਰਾਜ ਸਭਾ ਵਿੱਚ ਪਾਸ

ਨਵੀਂ ਦਿੱਲੀ, 4 ਦਸੰਬਰ (ਪੋਸਟ ਬਿਊਰੋ)- ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ (ਅਣ-ਅਧਿਕਾਰਤ ਕਲੋਨੀ ਨਿਵਾਸੀ ਜਾਇਦਾਦ ਅਧਿਕਾਰ ਮਾਨਤਾ) ਬਿੱਲ 2019 ਅੱਜ ਪਾਰਲੀਮੈਂਟ ਵਿੱਚ ਪਾਸ ਹੋ ਗਿਆ ਤੇ ਗੈਰ-ਕਾਨੂੰਨੀ ਕਲੋਨੀਆਂ ਵਿਚਲੇ ਕਰੀਬ 40 ਲੱਖ ਲੋਕਾਂ ਨੂੰ ਉਨ੍ਹਾਂ ਦੀ ਜਾਇਦਾਦ ਦਾ ਮਾਲਕੀ ਹੱਕ ਮਿਲਣ ਦਾ ਰਾਹ ਸਾਫ ਹੋ ਗਿਆ ਹੈ।

ਅੱਜ ਰਾਜ ਸਭਾ ਵਿੱਚ ਇਸ ਬਿੱਲ ਨੂੰ ਪੇਸ਼ ਕੀਤਾ ਗਿਆ ਤਾਂ ਚਰਚਾ ਦੌਰਾਨ ਕੇਂਦਰੀ ਰਿਹਾਇਸ਼ ਤੇ ਸ਼ਹਰੀ ਕਾਰਜ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਇਨ੍ਹਾਂ ਕਲੋਨੀਆਂ ਵਿਚਲੇ ਲੋਕਾਂ ਨੂੰ ਵਿਕਾਸ ਦੇ ਉਹ ਲਾਭ ਮਿਲ ਸਕਣਗੇ ਜਿਨ੍ਹਾਂ ਤੋਂ ਉਹ ਹਾਲੇ ਤਕ ਵਾਂਝੇ ਸਨ। ਚਰਚਾ ਪਿੱਛੋਂ ਬਿੱਲ ਸਰਬ ਸੰਮਤੀ ਨਾਲ ਪਾਸ ਹੋ ਗਿਆ। ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਰਾਸ਼ਟਰੀ ਰਾਜਧਾਨੀ ਖੇਤਰ ਦੀਆਂ 1731 ਅਣ-ਅਧਿਕਾਰਤ ਕਲੋਨੀਆਂ ਦੀ ਡਿਜੀਟਲ ਮੈਪਿੰਗ ਦਾ ਕੰਮ ਇਸ ਸਾਲ 31 ਦਸੰਬਰ ਤਕ ਹੋ ਜਾਵੇਗਾ। ਉਨ੍ਹਾਂ ਕਿਹਾ ਕਿ 11 ਸਾਲ ਪਹਿਲਾਂ ਦਿੱਲੀ ਵਿੱਚ ਅਣ-ਅਧਿਕਾਰਤ ਕਲੋਨੀਆਂ ਦੀ ਮੈਪਿੰਗ ਦੀ ਪ੍ਰਕਿਰਿਆ ਸ਼ੁਰੂ ਹੋ ਜਾਣੀ ਚਾਹੀਦੀ ਸੀ। ਵਰਨਣ ਯੋਗ ਹੈ ਕਿ ਓਦੋਂ ਦਿੱਲੀ ਵਿੱਚ ਸ਼ੀਲਾ ਦੀਕਸ਼ਿਤ ਦੀ ਅਗਵਾਈ ਹੇਠ ਕਾਂਗਰਸ ਦੀ ਸਰਕਾਰ ਸੀ। ਹਰਦੀਪ ਸਿੰਘ ਪੁਰੀ ਨੇ ਕਿਹਾ ਕਿ 2008 ਕਿ ਓਦੋਂ ਦਿੱਲੀ ਦੀ ਕਾਂਗਰਸ ਸਰਕਾਰ ਨੇ ਸੂਚਨਾ ਜਾਰੀ ਕੀਤੀ ਤੇ 760 ਕਲੋਨੀਆਂ ਨੂੰ ਨਿਸ਼ਾਨਾ ਬਣਾਇਆ ਸੀ, ਪਰ ਇਸ ਤੋਂ ਬਾਅਦ ਕੋਸ਼ਿਸ਼ ਹੌਲੀ ਹੋ ਗਈ। ਉਨ੍ਹਾਂ ਕਿਹਾ, 'ਮੌਜੂਦਾ ਦਿੱਲੀ ਸਰਕਾਰ ਨੇ ਕੇਂਦਰ ਨੂੰ ਦੱਸਿਆ ਕਿ ਜਿਨ੍ਹਾਂ ਏਜੰਸੀਆਂ ਨੂੰ ਕਲੋਨੀਆਂ ਦੀ ਮੈਪਿੰਗ ਦਾ ਕੰਮ ਦਿੱਤਾ ਹੈ, ਉਹ ਇਸ ਨੂੰ ਪੂਰਾ ਨਹੀਂ ਕਰ ਰਹੀਆਂ। ਕੇਂਦਰ ਸਰਕਾਰ ਨੇ ਰਾਜਧਾਨੀ ਦੀਆਂ 1731 ਅਣ-ਅਧਿਕਾਰਤ ਕਲੋਨੀਆ ਵਿੱਚ ਰਹਿ ਰਹੇ 40 ਤੋਂ 50 ਲੱਖ ਲੋਕਾਂ ਨੂੰ ਉਨ੍ਹਾਂ ਦੇ ਮਕਾਨਾਂ ਦਾ ਮਾਲਕੀ ਹੱਕ ਦੇਣ ਦਾ ਫੈਸਲਾ ਕੀਤਾ।'


FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

# ਵਕੀਲ ਧਵਨ ਨੇ ਕਿਹਾ: ਜਮੀਅਤ ਨੇ ਮੈਨੂੰ ਕੇਸ ਤੋਂ ਹਟਾਇਐ

ਨਵੀਂ ਦਿੱਲੀ, 4 ਦਸੰਬਰ (ਪੋਸਟ ਬਿਊਰੋ)- ਅਯੁੱਧਿਆ ਰਾਮ ਜਨਮ ਸਥਾਨ ਫੈਸਲੇ ਵਿਰੁੱਧ ਮੁਸਲਿਮ ਧਿਰ ਵੱਲੋਂ ਨਵੇਂ ਸਿਰੇ ਤੋਂ ਸੁਪਰੀਮ ਕੋਰਟ ਵਿੱਚ ਸਭ ਤੋਂ ਪਹਿਲਾਂ ਮੁੜ ਵਿਚਾਰ ਪਟੀਸ਼ਨ ਦਾਖਲ ਕਰਨ ਵਾਲੀ ਜਮੀਅਤ ਉਲੇਮਾ ਏ ਹਿੰਦ ਨੇ ਸੀਨੀਅਰ ਵਕੀਲ ਰਾਜੀਵ ਧਵਨ ਨੂੰ ਹਟਾ ਦਿੱਤਾ ਹੈ।

ਰਾਜੀਵ ਧਵਨ ਨੇ ਫੇਸਬੁਕ 'ਤੇ ਪੋਸਟ ਲਿਖ ਕੇ ਕਿਹਾ ਕਿ ਉਨ੍ਹਾਂ ਨੂੰ ਹਟਾਇਆ ਗਿਆ ਹੈ ਅਤੇ ਉਸ ਦੇ ਪਿੱਛੇ ਉਨ੍ਹਾਂ ਦੇ ਬਿਮਾਰ ਹੋਣ ਦਾ ਝੂਠਾ ਕਾਰਨ ਦਿੱਤਾ ਗਿਆ ਹੈ। ਦੂਸਰੇ ਪਾਸੇ ਜਮੀਅਤ ਵੱਲੋਂ ਜਾਰੀ ਪ੍ਰੈਸ ਰਿਲੀਜ਼ ਵਿੱਚ ਕਿਹਾ ਗਿਆ ਹੈ ਕਿ ਉਸ ਨੇ ਰਾਜੀਵ ਧਵਨ ਨੂੰ ਨਹੀਂ ਹਟਾਇਆ।

ਮੁਕੱਦਮੇ ਦੀ ਸੁਣਵਾਈ ਦੌਰਾਨ ਮੁਸਲਿਮ ਧਿਰ ਵੱਲੋਂ ਜ਼ੋਰਦਾਰ ਬਹਿਸ ਕਰਨ ਵਾਲੇ ਰਾਜੀਵ ਧਵਨ ਦਾ ਉਨ੍ਹਾਂ ਨੂੰ ਹਟਾਏ ਜਾਣ ਦਾ ਸਵੇਰੇ-ਸਵੇਰੇ ਆਇਆ ਫੇਸਬੁਕ ਪੋਸਟ ਚਰਚਾ ਵਿੱਚ ਰਿਹਾ ਹੈ। ਧਵਨ ਨੇ ਜਮੀਅਤ ਦੇ ਵਕੀਲ (ਏ ਓ ਆਰ) ਏਜਾਜ ਮਕਬੂਲ ਨੂੰ ਇੱਕ ਰਸਮੀ ਪੱਤਰ ਭੇਜਿਆ ਹੈ। ਇਸ ਵਿੱਚ ਧਵਨ ਨੇ ਉਨ੍ਹਾਂ ਨੂੰ ਹਟਾਏ ਜਾਣ ਅਤੇ ਹਟਾਇਆ ਜਾਣਾ ਸਵੀਕਾਰ ਕੀਤੇ ਜਾਣ ਦੀ ਤਸਦੀਕ ਕੀਤੀ ਹੈ।



ਦੂਸਰੇ ਪਾਸੇ ਜਮੀਅਤ ਦੇ ਮੁਖੀ ਮੌਲਾਨਾ ਅਰਸ਼ਦ ਮਦਨੀ ਨੇ ਪ੍ਰੈੱਸ ਰਿਲੀਜ਼ ਜਾਰੀ ਕਰ ਕੇ ਰਾਜੀਵ ਧਵਨ ਨੂੰ ਕੇਸ 'ਚੋਂ ਹਟਾਉਣ ਦਾ ਖੰਡਨ ਕੀਤਾ ਹੈ। ਮਦਨੀ ਦੀ ਰਿਲੀਜ਼ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਉਨ੍ਹਾਂ ਦੀ ਧਵਨ ਨਾਲ ਕਦੇ ਆਹਮੋ-ਸਾਹ-ਮਣੇ ਮੁਲਾਕਾਤ ਤੇ ਗੱਲਬਾਤ ਨਹੀਂ ਹੋਈ। ਉਨ੍ਹਾਂ ਦੀ ਗੱਲ ਵਕੀਲ ਏਜਾਜ ਮਕਬੂਲ ਦੇ ਰਾਹੀਂ ਹੁੰਦੀ ਸੀ। ਅਜਿਹੇ ਵਿੱਚ ਜੇ ਕੋਈ ਗਲਤ ਫਹਿਮੀ ਹੋ ਗਈ ਹੈ ਤਾਂ ਉਹ ਧਵਨ ਸਾਹਿਬ ਨੂੰ ਮਿਲ ਕੇ ਮੁਆਫੀ ਮੰਗ ਲੈਣਗੇ।

ਰਾਜੀਵ ਧਵਨ ਨੇ ਗੱਲਬਾਤ ਵਿੱਚ ਸਾਫ ਕਿਹਾ ਕਿ ਜਮੀਅਤ ਦੇ ਕੇਸ ਤੋਂ ਉਹ ਨਹੀਂ ਹਟੇ, ਉਨ੍ਹਾਂ ਨੂੰ ਹਟਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਤਿੰਨ ਵਿਸ਼ਿਆਂ 'ਤੇ ਏਜਾਜ ਮਕਬੂਲ ਅਤੇ ਜਮੀਅਤ ਵਾਲੇ ਲੋਕ ਝੂਠ ਬੋਲਦੇ ਹਨ। ਪਹਿਲਾਂ ਕਿ ਉਨ੍ਹਾਂ ਨੇ ਹਟਾਇਆ ਨਹੀਂ, ਜਦ ਕਿ ਮੈਂ ਚਿੱਠੀ ਵਿੱਚ ਸਪੱਸ਼ਟ ਕੀਤਾ ਕਿ ਉਨ੍ਹਾਂ ਨੇ ਮੈਨੂੰ ਹਟਾਇਆ ਅਤੇ ਉਨ੍ਹਾਂ ਵੱਲੋਂ ਉਸ ਦਾ ਕੋਈ ਜਵਾਬ ਨਹੀਂ ਆਇਆ। ਦੂਸਰੀ ਗੱਲ ਕਿ ਉਨ੍ਹਾਂ ਨੇ ਕਿਹਾ ਕਿ ਮੈਂ ਇੰਨਾ ਬਿਮਾਰ ਸੀ ਕਿ ਕੇਸ ਵਿੱਚ ਕੰਮ ਨਹੀਂ ਕਰ ਪਾ ਰਿਹਾ ਸੀ। ਇਹ ਗਲਤ ਹੈ। ਧਵਨ ਨੇ ਕਿਹਾ ਕਿ ਇਹ ਜੋ ਮੁੜ ਵਿਚਾਰ ਪਟੀਸ਼ਨ ਦਾਖਲ ਹੋਈ ਹੈ, ਇਹ ਉਨ੍ਹਾਂ ਦੇ ਤਿਆਰ ਢਾਂਚੇ 'ਤੇ ਹੋਈ ਹੈ। ਉਸ ਨੂੰ ਅੰਤਿਮ ਰੂਪ ਦੇਣ ਨੂੰ ਸੋਮਵਾਰ ਮੀਟਿੰਗ ਸੀ, ਪਰਰ ਉਸ ਦੇ ਪਹਿਲੇ ਏਜਾਜ ਮਕਬੂਲ ਵੱਲੋਂ ਉਨ੍ਹਾਂ ਨੂੰ ਹਟਾ ਦਿੱਤਾ ਗਿਆ। ਤੀਸਰੀ ਗੱਲ ਜੋ ਜਮੀਅਤ ਕਹਿੰਦੀ ਹੈ ਕਿ ਮੈਂ ਮੁੜ ਵਿਚਾਰ ਪਟੀਸ਼ਨ ਪੇਸ਼ ਕਰਨ ਦੇ ਤੈਅ ਸਮੇਂ ਅੰਦਰ ਇਸ ਨੂੰ ਨਹੀਂ ਤਿਆਰ ਕਰ ਲੈਂਦਾ, ਇਹ ਵੀ ਗਲਤ ਹੈ। ਮੀਟਿੰਗ ਇਸ ਲਈ ਸੀ ਅਤੇ ਉਸ ਮੀਟਿੰਗ ਤੋਂ ਪਹਿਲਾਂ ਮੈਨੂੰ ਹਟਾ ਦਿੱਤਾ ਗਿਆ।

ਇਸ ਦੌਰਾਨ ਰਾਮ ਮੰਦਰ ਨਿਆਸ ਦੇ ਸੰਤ ਰਾਮ ਵਿਲਾਸ ਵੇਦਾਂਤੀ ਨੇ ਦੋਸ਼ ਲਾਇਆ ਕਿ ਸੁੰਨੀ ਵਕਫ ਬੋਰਡ ਦੇ ਵਕੀਲ ਰਹੇ ਰਾਜੀਵ ਧਵਨ ਨੂੰ ਪਾਕਿਸਤਾਨੀ ਦਹਿਸ਼ਤਗਰਦਾਂ ਤੋਂ ਫੰਡਿੰਗ ਹੁੰਦੀ ਸੀ। ਬੋਰਡ ਨੂੰ ਪਹਿਲਾਂ ਹੀ ਇਸ ਵਕੀਲ ਨੂੰ ਹਟਾ ਦੇਣਾ ਚਾਹੀਦਾ ਸੀ। ਸੀਨੀਅਰ ਵਕੀਲ ਰਾਜੀਵ ਧਵਨ ਦਾ ਕਹਿਣਾ ਹੈ ਕਿ ਜਮੀਅਤ ਦੇ ਲੋਕ ਝੂਠ ਬੋਲਦੇ ਹਨ ਕਿ ਉਨ੍ਹਾਂ ਨੇ ਮੈਨੂੰ ਹਟਾਇਆ ਨਹੀਂ, ਜਦ ਕਿ ਮੈਂ ਚਿੱਠੀ 'ਤੇ ਵੀ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਨੇ ਹਟਾਇਆ ਹੈ।

## ਨੌਕਰੀ ਦੇ ਪਹਿਲੇ ਹੀ ਦਿਨ ਨਰਸ ਨੇ ਟ੍ਰੇਨ ਦੇ ਅੱਗੇ ਖੁਦਕੁਸ਼ੀ ਕੀਤੀ



ਜਲੰਧਰ, 4 ਦਸੰਬਰ (ਪੋਸਟ ਬਿਊਰੋ)- ਕੱਲ੍ਹ ਰਾਤ ਨਰਸ ਦਾ ਕੰਮ ਕਰਨ ਵਾਲੀ ਇੱਕ ਕੁੜੀ ਨੇ ਮਕਸੂਦਾਂ ਪੁਲ ਦੇ ਕੋਲ ਰੇਲ ਲਾਈਨਾਂ 'ਤੇ ਟ੍ਰੇਨ ਅੱਗੇ ਆ ਕੇ ਖੁਦਕੁਸ਼ੀ ਕਰ ਲਈ।

ਥਾਣਾ ਜੀ ਆਰ ਪੀ ਦੇ ਐਸ ਐਚ ਓ ਧਰਮਿੰਦਰ ਕਲਿਆਣ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਕ੍ਰਿਸਟੀਨਾ (23) ਪੁੱਤਰੀ ਅਸ਼ੋਕ ਕੁਮਾਰ ਪਿੰਡ ਗਾਖਲ ਵਜੋਂ ਹੋਈ ਹੈ। ਉਹ ਸੈਕੇਟਰ ਹਾਰਟ ਹਸਪਤਾਲ ਦੀ ਨਰਸ ਸੀ। ਪੁਲਸ ਦੇ ਮੁਤਾਬਕ ਉਸ ਨੇ ਕੱਲ੍ਹ ਨੂੰ ਹੀ ਨੌਕਰੀ ਸ਼ੁਰੂ ਕੀਤੀ ਸੀ। ਸਵੇਰੇ ਉਸ ਦਾ ਪਿਤਾ ਉਸ ਨੂੰ ਹਸਪਤਾਲ ਛੱਡਣ ਆਇਆ ਸੀ ਤੇ ਸ਼ਾਮ ਨੂੰ ਸੱਤ ਵਜੇ ਉਸਦੀ ਡਿਊਟੀ ਖਤਮ ਹੋਈ। ਇਸ ਦੇ ਬਾਅਦ ਉਸਨੇ ਆਪਣੇ ਪਿਤਾ ਨੂੰ ਫੋਨ ਕਰ ਕੇ ਕਿਹਾ ਕਿ ਉਹ ਆਪਣੀ ਸਹੇਲੀ ਦੇ ਘਰ ਜਾ ਰਹੀ ਹਾਂ। ਰਾਤ ਕਰੀਬ 9.30 ਵਜੇ ਇਹ ਹਾਦਸਾ ਹੋ ਗਿਆ। ਜੀ ਆਰ ਪੀ ਦੇ ਹੈਡ ਕਾਂਸਟੇਬਲ ਨਰਿੰਦਰ ਪਾਲ ਨੇ ਦੱਸਿਆ ਕਿ ਹਾਲਾਤ ਦੇ ਮੁਤਾਬਕ ਕੁੜੀ ਨੇ ਖੁਦਕੁਸ਼ੀ ਕੀਤੀ ਹੈ। ਉਹ ਤਿੰਨ ਭੈਣਾਂ ਵਿੱਚੋਂ ਸਭ ਤੋਂ ਵੱਡੀ ਸੀ। ਇੱਕ ਛੋਟਾ ਭਰਾ ਹੈ। ਪਿਤਾ ਅਸ਼ੋਕ ਕੁਮਾਰ ਹਲਵਾਈ ਦਾ ਕੰਮ ਕਰਦੇ ਹਨ।

## ਪਤੀ-ਪਤਨੀ ਨੇ ਬੇਟੀ ਅਤੇ ਬੇਟੇ ਨੂੰ ਜ਼ਹਿਰ ਦੇਣ ਪਿੱਛੋਂ ਬਿਜ਼ਨਸ ਪਾਰਟਨਰ ਨਾਲ ਖੁਦਕੁਸ਼ੀ ਕੀਤੀ

ਗਾਜ਼ੀਆਬਾਦ, 4 ਦਸੰਬਰ (ਪੋਸਟ ਬਿਊਰੋ)- ਗਾਜ਼ੀਆਬਾਦ ਦੀ ਕ੍ਰਿਸ਼ਨਾ ਸੋਸਾਇਟੀ 'ਚ ਵਾਪਰੀ ਦਿਲ ਹਿਲਾ ਦੇਣ ਵਾਲੀ ਘਟਨਾ ਵਿੱਚ ਇੱਕ ਪਤੀ-ਪਤਨੀ ਨੇ ਆਪਣੇ ਬੇਟੇ ਤੇ ਬੇਟੀ ਨੂੰ ਜ਼ਹਿਰ ਦਾ ਟੀਕਾ ਲਾਉਣ ਪਿੱਛੋਂ ਅੱਠਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਨਾਲ ਇੱਕ ਹੋਰ ਔਰਤ ਨੇ ਵੀ ਮੌਕੇ ਉਤੇ ਛਾਲ ਮਾਰ ਕੇ ਜਾਨ ਦੇ ਦਿੱਤੀ। ਉਕਤ ਮ੍ਰਿਤਕ ਔਰਤ ਪਤੀ-ਪਤਨੀ ਦੀ ਬਿਜ਼ਨਸ ਪਾਰਟਨਰ ਦੱਸੀ ਜਾਂਦੀ ਹੈ।



ਪੁਲਸ ਨੇ ਇਸ ਘਟਨਾ ਬਾਰੇ ਦੱਸਿਆ ਕਿ ਮ੍ਰਿਤਕ ਪਤੀ ਦੀ ਪਛਾਣ ਗੁਲਸ਼ਨ ਵਜੋਂ ਹੋਈ ਹੈ। ਗੁਲਸ਼ਨ ਅਤੇ ਉਸ ਨਾਲ ਖੁਦਕੁਸ਼ੀ ਕਰਨ ਵਾਲੀ ਦੂਜੀ ਔਰਤ ਸੰਜਨਾ ਆਪੋ ਵਿੱਚ ਮਿਲ ਕੇ ਬਿਜ਼ਨਸ ਕਰਦੇ ਸਨ। ਪੁਲਸ ਦੇ ਮੁਖੀ ਮਨੀਸ਼ ਮਿਸ਼ਰਾ ਨੇ ਦੱਸਿਆ ਕਿ ਖੁਦਕੁਸ਼ੀ ਤੋਂ ਪਹਿਲਾਂ ਪਤੀ-ਪਤਨੀ ਨੇ ਆਪਣੀ 18 ਸਾਲਾ ਬੇਟੀ ਰਿਤਿਕਾ ਅਤੇ 17 ਸਾਲਾ ਬੇਟੇ ਰਿਤਿਕ ਨੂੰ ਜ਼ਹਿਰ ਦਾ ਟੀਕਾ ਲਾ ਦਿੱਤਾ। ਉਨ੍ਹਾਂ ਆਪਣੇ ਘਰ ਇੱਕ ਖਰਗੋਸ਼ ਪਾਲਿਆ ਹੋਇਆ ਸੀ, ਉਸ ਨੰ ਵੀ ਜ਼ਹਿਰ ਦਾ ਟੀਕਾ ਲਾਇਆ। ਖਰਗੋਸ਼ ਘਰ ਦੇ ਇੱਕ ਕਮਰੇ 'ਚੋਂ ਮ੍ਰਿਤਕ ਮਿਲਿਆ। ਪੁਲਸ ਮੁਖੀ ਮੁਤਾ-ਬਕ ਸਾਰਾ ਦੁਖਾਂਤ ਗੁਲਸ਼ਨ, ਉਸ ਦੀ ਪਤਨੀ ਤੇ ਸੰਜਨਾ ਵਿਚਾਲੇ ਵਿੱਤੀ ਵਿਵਾਦ ਅਤੇ ਵਿਆਹ ਤੋਂ ਬਾਅਦ ਦੇ ਸੰਬੰਧਾਂ ਦੇ ਝਗੜੇ ਦਾ ਸਿੱਟਾ ਹੈ। ਪੁਲਸ ਨੇ ਮੌਕੇ ਤੋਂ ਇੱਕ ਸੁਸਾਈਡ ਨੋਟ ਵੀ ਬਰਾਮਦ ਕੀਤਾ ਹੈ।

A/Z CITY DRIVER
WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## ਲਗਾਤਾਰ ਵਧਦੇ ਦੌਰੇ ਨਜ਼ਰ ਅੰਦਾਜ਼ ਕਰਨਾ ਹੋ ਸਕਦਾ ਹੈ ਜਾਨਲੇਵਾ

ਨਵੀਂ ਦਿੱਲੀ, 4 ਦਸੰਬਰ (ਪੋਸਟ ਬਿਊਰੋ)- ਜੇ ਕਿਸੇ ਮਰੀਜ਼ ਨੂੰ ਲਗਾਤਾਰ ਦੌਰੇ (ਸੀਜਰ) ਪੈਂਦੇ ਹੋਣ ਤਾਂ ਇਸ ਕੇਸ ਵਿੱਚ ਲਾਪਰਵਾਹੀ ਨਹੀਂ ਕਰਨੀ ਚਾਹੀਦੀ, ਇਹ ਜਾਨਲੇਵਾ ਸਾਬਿਤ ਹੋ ਸਕਦੀ ਹੈ।

ਇਮਊਨੋਲਾਜਿਸਟ ਤੇ ਯੂਮੈਂਟੋਲਾਜਿਸਟ ਡਾ. ਸਕੰਦ ਸ਼ੁਕਲ ਦੇ ਅਨੁਸਾਰ ਕਈ ਵਾਰ ਬਾਹਰੀ ਜਾਂਚ ਤੋਂ ਇਹ ਨਹੀਂ ਦੱਸਿਆ ਜਾ ਸਕਦਾ ਕਿ ਰੋਗੀ ਨੂੰ ਦੌਰੇ ਪੈਂਦੇ ਜਾਰੀ ਹਨ। ਕਈ ਵਾਰ ਅਜਿਹਾ ਪ੍ਰਤੀਤ ਨਹੀਂ ਹੁੰਦਾ, ਜਦ ਕਿ ਰੋਗੀ ਨੂੰ ਦੌਰੇ ਪੈਂਦੇ ਹੁੰਦੇ ਹਨ ਅਤੇ ਬੇਹੋਸ਼ੀ ਦੀ ਸਥਿਤੀ ਵਿੱਚ ਰਹਿੰਦਾ ਹੈ। ਅਜਿਹੇ ਵਿੱਚ ਕਿਸੇ ਵੀ ਸੀਜਰ ਦੇ ਰੋਗੀ ਨੂੰ ਤੁਰੰਤ ਡਾਕਟਰ ਕੋਲ ਲੈ ਕੇ ਪਹੁੰਚਣਾ ਚਾਹੀਦਾ ਹੈ। ਜ਼ਿਆਦਾਤਰ ਦਿਮਾਗੀ ਦੌਰਾ ਦੋ ਮਿੰਟ ਵਿੱਚ ਰੁਕ ਜਾਂਦਾ ਹੈ, ਪਰ ਜੇ ਕੋਈ ਦੌਰਾ ਲੰਬਾ ਚੱਲ ਰਿਹਾ ਹੈ ਤਾਂ ਇਸ ਦਾ ਸ਼ੱਕ ਵੱਧ ਹੈ ਕਿ ਉਹ ਬਿਨ੍ਹਾਂ ਡਾਕਟਰੀ ਇਲਾਜ ਦੇ ਰੁਕੇਗਾ।

ਡਾ. ਸ਼ੁਕਲਾ ਦੇ ਅਨੁਸਾਰ ਜਿੰਨੇ ਲੰਬੇ ਸਮੇਂ ਦਾ ਦੌਰਾ ਚੱਲ ਰਿਹਾ ਹੋਵੇਗਾ, ਉਨੀ ਹੀ ਉਸ ਦੀ ਬਿਨ੍ਹਾਂ ਦਵਾ ਦੇ ਰੁਕਣ ਦੀ ਆਸ ਘਟਦੀ ਜਾਵੇਗੀ।



ਅਜਿਹੇ ਵਿੱਚ ਜਲਦ ਡਾਕਟਰ ਨਾਲ ਰੋਗੀ ਬਾਰੇ ਸੰਪਰਕ ਕਰਨਾ ਚਾਹੀਦਾ ਹੈ। ਡਾ. ਸ਼ੁਕਲਾ ਨੇ ਦੱਸਿਆ ਕਿ ਸਟੇਟਸ ਏਪਿਲੇਪਿਟਕਸ ਨੂੰ ਪਛਾਨਣ ਅਤੇ ਇਲਾਜ ਕਰਨ ਦੇ ਏਕਸਪਰਟ ਡਾਕਟਰ ਸਭ ਤੋਂ ਪਹਿਲਾਂ ਰੋਗੀ ਦੀ ਸਾਹ ਨਾਲੀ ਵਿੱਚ ਆਉਂਦੀ-ਜਾਂਦੀ ਹਵਾ ਦਾ ਰਸਤਾ ਸੁਰੱਖਿਅਤ ਕਰਦੇ ਹਨ। ਸਾਹਾਂ ਉਤੇ ਧਿਆਨ ਦੇਣ ਪਿੱਛੋਂ ਉਹ ਬਲੈਡ ਪ੍ਰੈਸ਼ਰ ਨਾਪਦੇ ਤੇ ਹੋਰ ਜਾਂਚ ਲਈ ਕਹਿੰਦੇ ਹਨ। ਉਨ੍ਹਾਂ ਦੱਸਿਆ ਕਿ ਸਟੇਟਸ ਏਪਿਲੇਪਿਟਕਸ ਦੇ ਕਈ ਕਾਰਨ ਹਨ। ਵਧਿਆ ਬਲੱਡ ਪ੍ਰੈਸ਼ਰ, ਦਿਮਾਗ ਵਿੱਚ ਕਿਸੇ ਤਰ੍ਹਾਂ ਦੀ ਇਨਫੈਕਸ਼ਨ, ਟਯੂਮਰ, ਮਿਰਗੀ, ਡਿੱਗ ਰਿਹਾ ਗਲੂਕੋਜ਼, ਸੋਡੀਅਮ ਆਦਿ ਦੀ ਵਿਗੜੀ ਮਾਤਰਾ ਇਸ ਵਿੱਚ ਪ੍ਰਮੁੱਖ ਹੈ।

### ਹਾਈ ਕੋਰਟ ਵੱਲੋਂ ਹਦਾਇਤ

## ਮਾਲਵਾ ਵਿੱਚ ਯੂਰੇਨੀਅਮ ਮੁਕਤ ਪਾਣੀ ਦੇਣ ਲਈ ਕਮੇਟੀ ਬਣਾਏ

ਚੰਡੀਗੜ੍ਹ, 4 ਦਸੰਬਰ (ਪੋਸਟ ਬਿਊਰੋ)- ਮਾਲਵਾ ਖੇਤਰ ਵਿੱਚ ਯੂਰੇਨੀਅਮ ਮੁਕਤ ਪਾਣੀ ਦੇਣ ਵਿੱਚ ਪੰਜਾਬ ਸਰਕਾਰ ਦੀ ਨਾਕਾਮੀ ਉਤੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਸਖਤ ਰੁਖ਼ ਅਪਣਾਇਆ ਹੈ।

ਕੋਰਟ ਨੇ ਕਿਹਾ ਹੈ ਕਿ ਸਰਕਾਰ ਪ੍ਰਿੰਸੀਪਲ ਸੈਕਟਰੀਆਂ ਦੀ ਕਮੇਟੀ ਬਣਾ ਕੇ ਲੋਕਾਂ ਨੂੰ ਯੂਰੇਨੀਅਮ ਮੁਕਤ ਪਾਣੀ ਪੁਚਾਉਣ ਦਾ ਪ੍ਰਬੰਧ ਕਰੇ ਅਤੇ ਇਸ ਕਮੇਟੀ ਵਿੱਚ ਸਥਾਨਕ ਨਗਰ ਨਿਗਮ, ਸਿੰਚਾਈ ਅਤੇ ਜਲ ਸਰੋਤ, ਜਲ ਸਪਲਾਈ ਤੇ ਸਵੱਛਤਾ, ਊਰਜਾ ਤੇ ਵਿੱਤ ਵਿਭਾਗ ਦੇ ਸੈਕਟਰੀਆਂ ਨੂੰ ਸ਼ਾਮਲ ਕੀਤਾ ਜਾਵੇ। ਹਾਈ ਕੋਰਟ ਨੇ ਇਸ ਹੁਕਮ ਵਿੱਚ ਕਿਹਾ ਕਿ ਇਹ ਕਮੇਟੀ ਲੋਕਾਂ ਨੂੰ ਯੂਰੇਨੀਅਮ ਪਾਣੀ ਨਾ ਮਿਲ ਸਕਣ ਦੀ ਸਮੱਸਿਆ ਵੇਖੇ ਅਤੇ ਲੋਕਾਂ ਨੂੰ ਇਸ ਤੋਂ ਬਚਾਉਣ ਲਈ ਉਪਾਅ ਕਰੇ। ਲਗਭਗ ਨੌਂ ਸਾਲ ਤੋਂ ਵਿਚਾਰ ਅਧੀਨ ਇਸ ਕੇਸ ਵਿੱਚ ਪਟੀਸ਼ਨਰ ਬਰਜਿੰਦਰ ਸਿੰਘ ਲੂੰਬਾ ਨੇ ਕਿਹਾ ਸੀ ਕਿ ਬਠਿੰਡਾ, ਫਰੀਦਕੋਟ ਤੇ ਲੁਧਿਆਣਾ ਦੇ ਪਾਣੀ ਵਿੱਚ ਯੂਰੇਨੀਅਮ ਦੇ ਤੱਤਾਂ ਕਾਰਨ ਲੋਕਾਂ ਨੂੰ ਸਿਹਤ ਸੰਬੰਧੀ ਸਮੱਸਿਆਵਾਂ ਹੋ ਰਹੀਆਂ ਹਨ। ਸੁਣਵਾਈ ਦੌਰਾਨ ਪੰਜਾਬ ਸਰਕਾਰ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਸਰਕਾਰ ਨੇ ਬਠਿੰਡਾ ਨਗਰ ਨਿਗਮ ਤੋਂ ਸ਼ਹਿਰ ਨੂੰ ਲੋੜੀਂਦੇ ਪਾਣੀ ਦੀ ਮਾਤਰਾ ਦੀ ਸੂਚਨਾ ਮੰਗੀ ਹੈ। ਇਸ ਬਾਰੇ ਸੁਣਵਾਈ ਨੂੰ ਮੁਲਤਵੀ ਕਰਦੇ ਹੋਏ ਹਾਈ ਕੋਰਟ ਨੇ ਚਾਰ ਹਫਤੇ ਵਿੱਚ ਆਪਣੇ ਹੁਕਮਾਂ ਦੀ ਪਾਲਣਾ 'ਤੇ ਰਿਪੋਰਟ ਦਾਇਰ ਕਰਨ ਦੇ ਹੁਕਮ ਦਿੱਤੇ ਹਨ।

Girl Needed for Sharing Room
25 ਸਾਲ ਤੋਂ 40 ਸਾਲਾਂ ਤੱਕ ਲੜਕੀ ਦੀ ਲੋੜ ਹੈ
1 ਬੈਡਰੂਮ ਬੇਸਮੈਂਟ, ਰੈਂਟ ਸ਼ੇਅਰ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟੈਂਡ, ਗਰੋਸਰੀ ਸਟੋਰ, ਆਦਿ। ਕਾਰ ਪਾਰਕਿੰਗ ਵੀ ਉਪਲੱਬਧ ਹੈ।
Brampton (Airport & Bovaird)
437-236-8153

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸ਼ੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW
AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਆਬੂਧਾਬੀ ਦੇ ਸ਼ਹਿਜ਼ਾਦੇ ਮੁਹੰਮਦ ਬਿਨ ਜ਼ਾਇਦ ਬੱਚੀ ਦੇ ਨਾਲ ਹੱਥ ਮਿਲਾਉਣ ਤੋਂ ਖੁੰਝ ਗਏ

## * ਅਚਾਨਕ ਘਰ ਪਹੁੰਚ ਕੇ ਹੈਰਾਨ ਕੀਤਾ



ਨਵੀਂ ਦਿੱਲੀ, 4 ਦਸੰਬਰ (ਪੋਸਟ ਬਿਊਰੋ)- ਆਬੂਧਾਬੀ ਦੇ ਸ਼ਹਿਜ਼ਾਦੇ ਮੁਹੰਮਦ ਬਿਨ ਜ਼ਾਇਦ ਅਲ ਨਾਹਯਾਨ ਨਾਲ ਹੱਥ ਮਿਲਾਉਣ 'ਚ ਅਸਫ਼ਲ ਰਹਿਣ ਵਾਲੀ ਮਾਸੂਮ ਲੜਕੀ ਦੀਆਂ ਖੁਸ਼ੀਆਂ ਦਾ ਓਦੋਂ ਕੋਈ ਟਿਕਾਣਾ ਨਹੀਂ ਰਿਹਾ, ਜਦੋਂ ਖੁਦ ਸ਼ਹਿਜ਼ਾਦਾ ਉਸ ਦੇ ਘਰ ਪਹੁੰਚ ਗਿਆ। ਲੜਕੀ ਦੇ ਘਰ ਪਹੁੰਚ ਕੇ ਸ਼ਹਿਜ਼ਾਦਾ ਨਾ ਸਿਰਫ ਉਸ ਨੂੰ ਮਿਲਿਆ, ਬਲਕਿ ਉਸ ਨਾਲ ਤਸਵੀਰਾਂ ਵੀ ਖਿਚਾਵਾਇਆਂ। ਸੋਸ਼ਲ ਮੀਡੀਆ 'ਤੇ ਪ੍ਰਿੰਸ ਇਸ ਸੁਭਾਅ ਦੀ ਖੂਬ ਤਾਰੀਫ਼ ਹੋ ਰਹੀ ਹੈ।

ਲੜਕੀ ਆਇਸ਼ਾ ਮੁਹੰਮਦ ਮਾਸ਼ੀਤ ਅਲ ਮਜ਼ਰੌਈ ਨੇ ਸਾਊਦੀ ਅਰਬ ਦੇ ਉਪ ਪ੍ਰਧਾਨ ਮੰਤਰੀ ਤੇ ਰੱਖਿਆ ਮੰਤਰੀ ਰਾਜਕੁਮਾਰ ਮੁਹੰਮਦ ਬਿਨ ਸਲਮਾਨ ਦੇ ਅਧਿਕਾਰਕ ਸਵਾਗਤ ਦੌਰਾਨ ਸ਼ੇਖ ਮੁਹੰਮਦ ਬਿਨ ਜ਼ਾਇਦ ਨਾਲ ਮਿਲਾਉਣ ਲਈ ਹੱਥ ਅੱਗੇ ਵਧਾਇਆ ਸੀ ਪਰ ਸ਼ਹਿਜ਼ਾਦਾ ਹੱਥ ਮਿਲਾਉਣ ਤੋਂ ਖੁੰਝ ਗਿਆ ਤੇ ਇਹ ਪਲ ਕੈਮਰੇ 'ਚ ਕੈਦ ਹੋ ਗਿਆ ਸੀ।

# ਆਈ.ਏ.ਐਸ. ਅਧਿਕਾਰੀਆਂ ਵੱਲੋਂ ਫ਼ਿਰੋਜ਼ਪੁਰ ਜ਼ਿਲ੍ਹੇ ਦਾ ਦੌਰਾ

ਫ਼ਿਰੋਜ਼ਪੁਰ, 4 ਦਸੰਬਰ (ਗਿਆਨ ਸਿੰਘ) 2018 ਬੈਚ ਦੇ ਆਈ.ਏ.ਐਸ. (ਅੰਡਰ ਟਰੇਨਿੰਗ) ਸ਼੍ਰੀ ਵਿਰਾਜ ਸ਼ਾਮਕਰਨ ਤਿੜਕੇ, ਸ਼੍ਰੀ ਟੀ.ਬੇਨਿਥ, ਸ਼੍ਰੀ ਵਰਜੀਤ ਵਾਲੀਆ ਅਤੇ ਸ਼੍ਰੀ ਅੰਕੁਰਜੀਤ ਸਿੰਘ ਵੱਲੋਂ ''ਪੰਜਾਬ ਦਰਸ਼ਨ'' ਪ੍ਰੋਗਰਾਮ ਤਹਿਤ ਫ਼ਿਰੋਜ਼ਪੁਰ ਜ਼ਿਲ੍ਹੇ ਦਾ ਦੌਰਾ ਕੀਤਾ ਗਿਆ।



ਫ਼ਿਰੋਜ਼ਪੁਰ ਪਹੁੰਚਣ ਤੇ ਡਿਪਟੀ ਕਮਿਸ਼ਨਰ ਚੰਦਰ ਗੈਂਦ ਨੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨਾਲ ਪ੍ਰਸ਼ਾਸਕੀ ਕੰਮਾਂ ਬਾਰੇ ਕੁਝ ਗੱਲਾਂ ਸਾਂਝੀਆਂ ਕੀਤੀਆਂ। ਡਿਪਟੀ ਕਮਿਸ਼ਨਰ ਵੱਲੋਂ ਇਨ੍ਹਾਂ ਨਵੇਂ ਆਈ.ਏ.ਐਸ. ਅਧਿਕਾਰੀਆਂ ਨੂੰ ਆਪਣੇ ਪ੍ਰਸ਼ਾਸਕੀ ਤਜਰਬਿਆਂ, ਸਰਕਾਰੀ ਵਿਭਾਗਾਂ, ਦਫ਼ਤਰਾਂ, ਸੇਵਾ ਕੇਂਦਰਾਂ ਆਦਿ ਦੇ ਕੰਮ-ਕਾਜ ਬਾਰੇ ਵੀ ਜਾਣੂ ਕਰਵਾਇਆ ਗਿਆ। ਇਸ ਤੋਂ ਪਹਿਲਾਂ ਇਨ੍ਹਾਂ ਅਧਿਕਾਰੀਆਂ ਵੱਲੋਂ ਹਰੀਕੇ ਵੈਟਲੈਂਡ (ਜਲਗਾਹ) ਵੇਖੀ ਗਈ ਅਤੇ ਦੁਪਹਿਰ ਬਾਅਦ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਖੇ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਤੋਂ ਬਾਅਦ ਉਨ੍ਹਾਂ ਪਾਕ-ਭਾਰਤ ਸੀਮਾ ਤੇ ਹੁੰਦੀ ਰੀਟਰੀਟ ਸਰਮਨੀ ਵੀ ਦੇਖੀ ਅਤੇ ਉੱਥੇ ਬੀਐਸਐਫ ਦੇ ਉੱਚ ਅਧਿਕਾਰੀਆਂ ਨਾਲ ਮੁਲਕਾਤ ਕਰਕੇ ਬਾਰਡਰ ਏਰੀਏ ਦੀਆਂ ਕੁਝ ਖਾਸ ਗੱਲਾਂ ਬਾਰੇ ਜਾਣਕਾਰੀ ਲਈ।

ਇਸ ਦੌਰਾਨ ਉਨ੍ਹਾਂ ਨਾਲ ਨਿਯੁਕਤ ਲਾਇਜਨ ਅਫਸਰ ਡਾ: ਸਤਿੰਦਰ ਸਿੰਘ ਨੇ ਉਨ੍ਹਾਂ ਨੂੰ ਫਿਰੋਜ਼ਪੁਰ ਦੇ ਇਤਿਹਾਸ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ। ਇਹ ਅਧਿਕਾਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੱਟੀ ਰਾਜੋ ਕੇ ਦੇ ਕੁਝ ਵਿਦਿਆਰਥੀਆਂ ਨਾਲ ਰੂਬਰੂ ਵੀ ਹੋਏ ਅਤੇ ਉਨ੍ਹਾਂ ਵਿਦਿਆਰਥੀਆਂ ਨਾਲ ਆਪਣੀ ਸਫਲਤਾ ਦੇ ਗੁਰ ਸਾਂਝੇ ਕੀਤੇ ਅਤੇ ਉਨ੍ਹਾਂ ਨੂੰ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਆਈ.ਏ.ਐਸ ਸ਼੍ਰੀ ਵਿਰਾਜ ਸ਼ਾਮਕਰਨ ਤਿੜਕੇ, ਸ਼੍ਰੀ ਟੀ.ਬੇਨਿਥ, ਸ਼੍ਰੀ ਵਰਜੀਤ ਵਾਲੀਆ ਅਤੇ ਸ਼੍ਰੀ ਅੰਕੁਰਜੀਤ ਸਿੰਘ ਨੇ ਕਿਹਾ ਕਿ ਫ਼ਿਰੋਜ਼ਪੁਰ ਵਿਖੇ ਆ ਕੇ ਜਿੱਥੇ ਸੀਨੀਅਰ ਅਧਿਕਾਰੀਆਂ ਦੇ ਤਜਰਬੇ ਤੋਂ ਉਨ੍ਹਾਂ ਨੂੰ ਬੜਾ ਕੁੱਝ ਸਿੱਖਣ ਨੂੰ ਮਿਲੇਗਾ ਉੱਥੇ ਹੀ ਆਉਣ ਵਾਲੇ ਸਮੇਂ ਵਿੱਚ ਇਹ ਉਨ੍ਹਾਂ ਲਈ ਲਾਭਕਾਰੀ ਹੋਵੇਗਾ। ਇਸ ਮੌਕੇ ਉਨ੍ਹਾਂ ਨਾਲ ਡੀਸੀ ਦਫਤਰ ਤੋਂ ਦਿਨੇਸ਼ ਕੁਮਾਰ ਵੀ ਹਾਜ਼ਰ ਸਨ।

# ਜਲੰਧਰ ਸ਼ਹਿਰ ਦੀਆਂ ਨਾਜਾਇਜ਼ ਇਮਾਰਤਾਂ ਡੇਗੀਆਂ ਜਾਣਗੀਆਂ

ਜਲੰਧਰ, 4 ਦਸੰਬਰ (ਪੋਸਟ ਬਿਊਰੋ)- ਨਾਜਾਇਜ਼ ਕਾਲੋਨੀਆਂ ਅਤੇ ਨਾਜਾਇਜ਼ ਇਮਾਰਤਾਂ ਉੱਤੇ ਜਨਹਿਤ ਪਟੀਸ਼ਨ ਦੀ ਸੁਣਵਾਈ ਦੌਰਾਨ ਹਾਈ ਕੋਰਟ ਤੋਂ ਕਿਸੇ ਨੂੰ ਰਾਹਤ ਨਹੀਂ ਮਿਲੀ। ਹਾਈ ਕੋਰਟ ਨੇ ਨਗਰ ਨਿਗਮ ਨੂੰ ਆਦੇਸ਼ ਦਿੱਤਾ ਹੈ ਕਿ ਜਦੋਂ ਤੱਕ ਸਾਰੀਆਂ ਨਾਜਾਇਜ਼ ਇਮਾਰਤਾਂ 'ਤੇ ਕਾਰਵਾਈ ਨਹੀਂ ਹੋ ਜਾਂਦੀ, ਉਦੋਂ ਤੱਕ ਕਾਰਵਾਈ ਜਾਰੀ ਰਹੇ। ਇਸ ਸੰਬੰਧ ਵਿੱਚ ਹਾਈ ਕੋਰਟ ਨੇ ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਨੂੰ ਆਦੇਸ਼ ਦਿੱਤੇ ਹਨ ਕਿ ਕਾਰਵਾਈ ਦੌਰਾਨ ਨਿਗਮ ਟੀਮ 'ਤੇ ਹਮਲੇ ਰੋਕਣ ਲਈ ਪੁਲਸ ਸੁਰੱਖਿਆ ਦਿੱਤੀ ਜਾਵੇ ਅਤੇ ਜੇ ਪੂਰੀ ਬਟਾਲੀਅਨ ਦੀ ਲੋੜ ਹੈ ਤਾਂ ਦੇ ਦਿੱਤੀ ਜਾਵੇ। ਕੋਰਟ 'ਚ ਨਗਰ ਨਿਗਮ ਦੀ ਟੀਮ ਨੇ ਆਪਣੇ ਪੱਖ ਰੱਖਿਆ ਕਿ ਉਨ੍ਹਾਂ ਕੋਲ ਸਟਾਫ ਦੀ ਕਮੀ ਹੈ। ਬਿਲਡਿੰਗ ਇੰਸਪੈਕਟਰ 26 ਚਾਹੀਦੇ ਹਨ, ਪਰ ਸਿਰਫ ਛੇ ਹਨ, ਇਸ ਲਈ ਕਾਰਵਾਈ ਲਈ ਘੱਟੋ ਘੱਟ ਛੇ ਮਹੀਨੇ ਚਾਹੀਦੇ ਹਨ। ਹਾਈ ਕੋਰਟ ਨੇ ਨਿਗਮ ਨੂੰ ਕਿਹਾ ਕਿ ਭਾਵੇਂ ਦੋ ਸਾਲ ਸਮਾਂ ਲੈ ਲਵੋ, ਪਰ ਇੱਕ ਵੀ ਨਾਜਾਇਜ਼ ਕਾਲੋਨੀ ਅਤੇ ਨਾਜਾਇਜ਼ ਇਮਾਰਤ ਬਿਨ੍ਹਾਂ ਕਾਰਵਾਈ ਦੇ ਨਹੀਂ ਛੱਡਣੀ। ਕੋਰਟ ਨੇ ਕੇਸ ਦੀ ਅਗਲੀ ਸੁਣਵਾਈ 16 ਜਨਵਰੀ ਰੱਖੀ ਹੈ ਪਰ ਨਾਲ ਹੀ ਇਹ ਆਦੇਸ਼ ਦਿੱਤਾ ਹੈ ਕਿ ਨਿਗਮ ਅਗਲੀ ਸੁਣਵਾਈ 'ਤੇ ਸਮਾਂ ਸੂਚੀ ਲੈ ਕੇ ਆਵੇ ਕਿ ਕਿਨ੍ਹਾਂ ਇਮਾਰਤਾਂ 'ਤੇ ਕਿੰਨੇ ਸਮੇਂ ਵਿੱਚ ਕਾਰਵਾਈ ਹੋਵੇਗੀ। ਨਿਗਮ ਅਗਲੀ ਸੁਣਵਾਈ 'ਤੇ ਹਾਈ ਕੋਰਟ ਵਿੱਚ ਦੱਸੇਗਾ ਕਿ ਪਟੀਸ਼ਨ ਵਿੱਚ ਦਰਜ 448 ਕਾਲੋਨੀਆਂ ਤੇ ਇਮਾਰਤਾਂ 'ਤੇ ਕਿੰਨੇ ਸਮੇਂ 'ਚ ਕਾਰਵਾਈ ਹੋਵੇਗੀ।



ਸ਼ਹਿਰ ਵਿੱਚ ਨਾਜਾਇਜ਼ ਕਾਲੋਨੀਆਂ ਤੇ ਨਾਜਾਇਜ਼ ਉਸਾਰੀ ਖਿਲਾਫ ਆਰ ਟੀ ਆਈ ਐਕਟੀਵਿਸਟ ਸਿਮਰਨਜੀਤ ਸਿੰਘ ਨੇ ਜਨਹਿਤ ਪਟੀਸ਼ਨ ਦਾਇਰ ਕੀਤੀ ਹੈ। ਪਿਛਲੀ ਸੁਣਵਾਈ ਮੌਕੇ ਅਦਾਲਤ ਨੇ ਨਿਗਮ ਅਫਸਰਾਂ ਨੂੰ ਝਾੜ ਪਾਈ ਤੇ ਇਥੋਂ ਤੱਕ ਕਹਿ ਦਿੱਤਾ ਸੀ ਕਿ ਜੇ ਨਿਗਮ ਨਾਜਾਇਜ਼ ਇਮਾਰਤਾਂ ਨਹੀਂ ਡੇਗ ਸਕਦੀ ਤਾਂ ਇਸ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਇਸ ਤੋਂ ਬਾਅਦ ਡਰੇ ਹੋਏ ਨਿਗਮ ਨੇ ਪਿਛਲੇ 10 ਦਿਨਾਂ ਵਿੱਚ ਕਾਫੀ ਸਾਰੀ ਕਾਰਵਾਈ ਕੀਤੀ ਹੈ।

# ਐਨ ਜੀ ਟੀ ਦੀ ਨਿਗਰਾਨ ਕਮੇਟੀ ਨੇ ਅਫ਼ਸਰਾਂ ਦੀ ਖਿਚਾਈ ਕੀਤੀ

ਜਲੰਧਰ, 4 ਦਸੰਬਰ (ਪੋਸਟ ਬਿਊਰੋ)- ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਪੰਜਾਬ ਦੇ ਨਦੀਆਂ ਦਾ ਪ੍ਰਦੂਸ਼ਣ ਰੋਕਣ ਲਈ ਬਣਾਈ ਨਿਗਰਾਨ ਕਮੇਟੀ ਨੇ ਕਾਲਾ ਸੰਘਿਆਂ ਡਰੇਨ ਅਤੇ ਵਰਿਆਣਾ ਦੇ ਕੂੜਾ ਡੰਪ ਦੇਖ ਕੇ ਸਖਤ ਨਾਰਾਜ਼ਗੀ ਪ੍ਰਗਟਾਈ। ਕਮੇਟੀ ਦੇ ਚੇਅਰਮੈਨ ਜਸਟਿਸ ਜਸਵੀਰ ਸਿੰਘ ਦੀ ਅਗਵਾਈ ਹੇਠ ਤਿੰਨ ਮੈਂਬਰਾਂ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ, ਸਾਬਕਾ ਮੁੱਖ ਸਕੱਤਰ ਸੁਬੋਧ ਅਗਰਵਾਲ ਅਤੇ ਬਾਬੂ ਰਾਮ ਨੇ ਮੌਕੇ 'ਤੇ ਜਾ ਕੇ ਨਿਯਮਾਂ ਦੀ ਹੋ ਰਹੀ ਉਲੰਘਣਾ ਦੇਖੀ। ਟੀਮ ਨੇ ਸ਼ਹਿਰ ਵਿੱਚ ਛੇ ਘੰਟੇ ਤੱਕ ਵੱਖ-ਵੱਖ ਥਾਵਾਂ ਦਾ ਦੌਰਾ ਕੀਤਾ।




ਵਰਨਣ ਯੋਗ ਹੈ ਕਿ ਕਾਲਾ ਸੰਘਿਆ ਡਰੇਨ ਦਾ ਪਾਣੀ ਚਿੱਟੀ ਵੇਈਂ ਰਾਹੀਂ ਸਤਲੁਜ ਵਿੱਚ ਜਾਂਦਾ ਤੇ ਅੱਗੋਂ ਨਹਿਰਾਂ ਰਾਹੀਂ ਮਾਲਵਾ ਖਿੱਤੇ ਅਤੇ ਰਾਜਸਥਾਨ ਨੂੰ ਜਾ ਰਿਹਾ ਹੈ। ਇਨ੍ਹਾਂ ਇਲਾਕਿਆਂ ਦੇ ਲੋਕ ਬਿਨ੍ਹਾਂ ਟਰੀਟ ਕੀਤਾ ਇਹ ਪਾਣੀ ਪੀ ਕੇ ਕੈਂਸਰ ਅਤੇ ਹੋਰ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਰਾਜਸਥਾਨ ਦੀ ਇੱਕ ਸਮਾਜ ਸੇਵੀ ਸੰਸਥਾ ਵੱਲੋਂ ਕੀਤੇ ਕੇਸ ਤੋਂ ਬਾਅਦ ਇਹ ਕਮੇਟੀ ਬਣਾਈ ਸੀ। ਕੱਲ੍ਹ ਸਭ ਤੋਂ ਪਹਿਲਾਂ ਟੀਮ ਬਸਤੀ ਪੀਰ ਦਾਦ ਦੇ 50 ਐਮ ਐਲ ਡੀ ਵਾਲੇ ਟਰੀਟਮੈਂਟ ਪਲਾਂਟ 'ਤੇ ਗਈ। ਟੀਮ ਦੇ ਮੁੱਖੀ ਜਸਟਿਸ ਜਸਵੀਰ ਸਿੰਘ ਨੇ ਟਰੀਮੈਂਟ ਪਲਾਂਟ ਦੀ ਕਾਰਗੁਜ਼ਰੀ 'ਤੇ ਤਸੱਲੀ ਨਹੀਂ ਪ੍ਰਗਟਾਈ। ਉਨ੍ਹਾਂ ਕਿਹਾ ਕਿ ਇਹ ਸਿੱਧਾ ਵਾਟਰ ਐਕਟ 1974 ਦੀ ਉਲੰਘਣਾ ਹੈ। ਨਗਰ ਨਿਗਮ ਦੇ ਕਮਿਸ਼ਨਰ ਦੀਪਰਵ ਲਾਕੜਾ ਦੀ ਹਾਜ਼ਰੀ ਵਿੱਚ ਉਨ੍ਹਾਂ ਨੇ ਵਰਿਆਣਾ ਦਾ ਕੂੜਾ ਡੰਪ ਵੀ ਦੇਖਿਆ ਅਤੇ ਕੂੜੇ ਦੇ ਪਹਾੜ ਨੂੰ ਦੇਖ ਕੇ ਦੰਗ ਰਹਿ ਗਏ। ਉਨ੍ਹਾਂ ਪੁੱਛਿਆ ਕਿ ਇਸ ਸੰਭਾਲਣ ਲਈ ਕਿੰਨਾ ਸਮਾਂ ਲੱਗੇਗਾ ਤਾਂ ਕਮਿਸ਼ਨਰ ਨੇ ਕਿਹਾ ਕਿ ਘੱਟੋ ਘੱਟ ਚਾਰ ਸਾਲ। ਜਸਟਿਸ ਜਸਵੀਰ ਸਿੰਘ ਨੇ ਕਿਹਾ ਕਿ ਖੁੱਲ੍ਹੇ ਵਿੱਚ ਕੂੜਾ ਰੱਖਣਾ ਵੀ ਕਾਨੂੰਨ ਦੀ ਉਲੰਘਣਾ ਹੈ। ਇਸ ਦੁਆਲੇ ਨਾ ਚਾਰਦੀਵਾਰੀ ਕੀਤੀ ਗਈ ਹੈ, ਨਾ ਕੰਡਿਆਲੀ ਤਾਰ ਲਾਈ ਗਈ ਅਤੇ ਨਾ ਕਿਧਰੇ ਗ੍ਰੀਨ ਬੈਲਟ ਬਣਾਈ ਗਈ ਹੈ। ਉਨ੍ਹਾਂ 4 ਦਸੰਬਰ ਨੂੰ ਹੋਣ ਵਾਲੀ ਮੀਟਿੰਗ 'ਚ ਕੂੜੇ ਦੇ ਡੰਪ ਨੂੰ ਸਾਂਭਣ ਅਤੇ ਕਾਲਾ ਸੰਘਿਆਂ ਡਰੇਨ 'ਚ ਪੈ ਰਹੀ ਗੰਦਗੀ ਨੂੰ ਰੋਕਣ ਦਾ ਬਲਿਊ ਪ੍ਰਿੰਟ ਲਿਆਉਣ ਦੀਆਂ ਹਦਾਇਤਾਂ ਕੀਤੀਆਂ।

JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਮਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਿਹਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
• 1 yr Home Warranty • We Help to get mortgage
Free valuation & Lowest Commission • Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com
For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
◆ Free Evaluation of your Property
◆ Special Packages for First Time Buyer
◆ Arrangement of Low Mortgage rate Lawyer
◆ Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana Sales Rep.
FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੇਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।
FOR SALE
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।
FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆਂ

## ਲੋੜ ਪੈਣ 'ਤੇ ਐਕਸਪੈਰੀਮੈਂਟ ਕਰ ਲੈਂਦੀ ਹਾਂ : ਰਿਚਾ ਚੱਢਾ



'ਗੈਂਗਸ ਆਫ ਵਾਸੇਪੁਰ' ਨਾਲ ਫਿਲਮ ਫੇਅਰ ਐਵਾਰਡ ਜਿੱਤਣ ਵਾਲੀ ਅਤੇ 'ਫੁਕਰੇ' ਦੀ ਭੋਲੀ ਪੰਜਾਬਣ ਰਿਚਾ ਚੱਢਾ ਇਨ੍ਹੀਂ ਦਿਨੀਂ 'ਇਨਸਾਈਡ ਏਜ-2' ਦੀ ਤਿਆਰੀ ਵਿੱਚ ਲੱਗੀ ਹੈ। ਉਸ ਨੇ ਆਪਣੇ ਕਿਰਦਾਰ ਅਤੇ ਲਾਈਫ ਦੀਆਂ ਕੁਝ ਗੱਲਾਂ ਬਾਰੇ ਚਰਚਾ ਕੀਤੀ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼ :

* ਇਨਸਾਈਡ ਏਜ਼ ਇੰਡੀਆ ਦਾ ਪਹਿਲਾ ਐਮੀ ਐਵਾਰਡ ਨਾਮੀਨੇਟਿਡ ਅਤੇ ਅਮੇਜ਼ਨ ਓਰੀਜਨਲ ਸੀਰੀਜ ਹੈ। ਇਸ ਦੀ ਜਰਨੀ ਦੇ ਬਾਰੇ ਵਿੱਚ ਦੱਸੋ?

- ਦੋ-ਤਿੰਨ ਸਾਲ ਪਹਿਲਾਂ ਇੱਕ ਡਾਇਰੈਕਟਰ ਮੇਰੇ ਕੋਲ ਸਕ੍ਰਿਪਟ ਲੈ ਕੇ ਆਏ। ਉਹ ਸਕ੍ਰਿਪਟ ਮੈਨੂੰ ਬਹੁਤ ਵਧੀਆ ਲੱਗੀ, ਕਿਉਂਕਿ ਅਜੇ ਤੱਕ ਮੈਂ ਕ੍ਰਿਕਟ 'ਤੇ ਅਜਿਹੀ ਸਟੋਰੀ ਲਾਈਨ ਨਹੀਂ ਦੇਖੀ ਸੀ। ਇਸ ਕਾਰਨ ਮੈਨੂੰ ਕ੍ਰਿਕਟ ਅਤੇ ਬਾਲੀਵੁੱਡ ਦੇ ਰਿਲੇਸ਼ਨਸ਼ਿਪ ਨੂੰ ਐਕਸਪਲੋਰ ਕਰਨ ਦਾ ਮੌਕਾ ਮਿਲਿਆ। ਮੈਂ ਇਸ ਬਾਰੇ ਬਹੁਤ ਐਕਸਾਈਟਿਡ ਸੀ। ਫਿਰ ਇਸ ਵਿੱਚ ਐਕਸੈਲ ਪ੍ਰੋਡਕਸ਼ਨ ਆਨ ਬੋਰਡ ਆ ਗਏ ਅਤੇ ਇਹ ਸੀਰੀਜ ਅਮੇਜ਼ਨ ਓਰੀਜਨਲ ਵੀ ਬਣ ਗਈ। ਤਾਂ ਇਹ ਸਾਡੇ ਸਾਰਿਆਂ ਲਈ ਬਹੁਤ ਵੱਡੀ ਗੱਲ ਸੀ। ਮੈਂ ਹਮੇਸ਼ਾ ਇਸ ਸੀਰੀਜ਼ ਵਿੱਚ ਕੰਮ ਕਰਨ 'ਤੇ ਮਾਣ ਮਹਿਸੂਸ ਕਰਦੀ ਹਾਂ।

* ਇਸ ਸੀਜਨ ਵਿੱਚ ਕੀ ਖਾਸ ਹੋਣ ਵਾਲਾ ਹੈ?

-ਪਹਿਲੇ ਸੀਜਨ ਵਿੱਚ ਤੁਸੀਂ ਦੇਖਿਆ ਕਿ ਮੇਰੇ ਕਿਰਦਾਰ 'ਜ਼ਰੀਨਾ' ਨੂੰ ਫਿਲਮ ਇੰਡਸਟਰੀ ਵਿੱਚ ਕਿੰਨੀਆਂ ਦਿੱਕਤਾਂ ਪੇਸ਼ ਆਉਂਦੀਆਂ ਹਨ। ਜੋ ਲੋਕ ਉਸ ਨੂੰ ਤੰਗ ਕਰਦੇ ਹਨ, ਉਹ ਕ੍ਰਿਕਟ ਵਿੱਚ ਵੀ ਉਸ ਦੇ ਖਿਲਾਫ ਹੁੰਦੇ ਹਨ। ਕਿਵੇਂ ਉਹ ਇਨ੍ਹਾਂ ਚੀਜ਼ਾਂ ਨਾਲ ਕਮਬੈਕ ਕਰਦੀ ਹੈ। ਜ਼ਰੀਨਾ ਦੀ ਇੱਛਾ ਹੁੰਦੀ ਹੈ ਕਿ ਪਾਵਰ ਮਿਲ ਜਾਏ, ਪਰ ਅਜੇ ਤੱਕ ਅਜਿਹਾ ਹੋਇਆ ਨਹੀਂ ਹੈ। ਇਸ ਸੀਜਨ ਵਿੱਚ ਦੇਖਣ ਨੂੰ ਮਿਲੇਗਾ ਕਿ ਕਿਵੇਂ ਉਹ ਇਸ ਚੀਜ਼ ਨੂੰ ਹੈਂਡਲ ਕਰੇਗੀ।

* ਲੋਕ ਔਰਤਾਂ ਦੇ ਹੱਥ ਵਿੱਚ ਸੱਤਾ ਨਹੀਂ ਆਉਣ ਦੇਣਾ ਚਾਹੁੰਦੇ। ਆਈ ਪੀ ਐੱਲ ਵਿੱਚ ਵੀ ਮੇਲ ਦੇ ਮੁਕਾਬਲੇ ਫੀਮੇਲ ਟੀਮ ਆਨਰਜ਼ ਬਹੁਤ ਘੱਟ ਹਨ। ਤੁਹਾਡੇ ਹਿਸਾਬ ਨਾਲ ਕੀ ਹਾਈ ਸੁਸਾਇਟੀ ਵਿੱਚ ਵੀ ਮਰਦ ਪ੍ਰਧਾਨਤਾ ਹੈ?

- ਮੈਂ ਵੱਡੀ ਸੁਸਾਇਟੀ ਦਾ ਹਿੱਸਾ ਨਹੀਂ ਹਾਂ, ਪ੍ਰੰਤੂ ਇਹ ਫੈਕਟ ਹੈ ਕਿ ਅਜਿਹੇ ਇਸ਼ੂ ਹਰ ਸੁਸਾਇਟੀ ਵਿੱਚ ਆਉਂਦੇ ਹਨ। ਮੈਨੂੰ ਲੱਗਦਾ ਹੈ ਕਿ ਇਸ ਵਿੱਚ ਔਰਤਾਂ ਮਰਦਾਂ ਤੋਂ ਵੱਡਾ ਮੁੱਦਾ ਹੈ ਪਾਵਰ। ਜਿਸ ਦੇ ਕੋਲ ਪਾਵਰ ਹੈ ਉਹ ਕਿਸੇ ਹੋਰ ਨੂੰ ਆਪਣੀ ਪਾਵਰ ਨਹੀਂ ਦੇਣਾ ਚਾਹੁੰਦਾ। ਇਹ ਕਲਾਸ ਦੇ ਮਾਨੀਟਰ ਤੋਂ ਲੈ ਕੇ ਸਿਆਸਤਦਾਨ ਤੱਕ ਵੀ ਅਪਲਾਈ ਹੁੰਦਾ ਹੈ।

* ਇਸ ਦੇ ਇਲਾਵਾ ਹੋਰ ਵੈੱਬ ਸ਼ੋਜ਼ ਦੇ ਆਫਰਜ਼ ਆਏ ਹੋਣਗੇ, ਉਨ੍ਹਾਂ 'ਤੇ ਕੰਮ ਕਿਉਂ ਨਹੀਂ ਕੀਤਾ?

-ਮੈਂ 'ਇਨਸਾਈਡ ਏਜ਼' ਵਿੱਚ ਲੀਡ ਰੋਲ ਵਿੱਚ ਹਾਂ ਤੇ ਹਰ ਜਗ੍ਹਾ ਲੀਡ ਰੋਲ ਸਵੀਕਾਰ ਕਰਾਂਗੀ। ਅਜੇ ਤੱਕ ਜੋ ਆਫਰਜ਼ ਆਏ, ਉਨ੍ਹਾਂ ਸਟੋਰੀਜ਼ ਵਿੱਚ ਜ਼ਿਆਦਾ ਦਮ ਨਹੀਂ ਸੀ। ਜਦ ਮੈਨੂੰ ਲੱਗਦਾ ਹੈ ਕਿ ਐਕਸਪੈਰੀਮੈਂਟ ਕਰਨਾ ਚਾਹੀਦਾ ਹੈ ਤਾਂ ਕਰ ਲੈਂਦੀ ਹਾਂ। ਜਿਵੇਂ ਮੈਂ ਸਟੈਂਡ ਅਪ ਕਾਮੇਡੀ ਕੀਤੀ। ਅਜੇ ਤੱਕ ਮੈਨੂੰ ਇੱਕ ਦਰਜਨ ਤੋਂ ਵੱਧ ਆਫਰਜ਼ ਆ ਚੁੱਕੇ ਹਨ।

* 'ਸ਼ਕੀਲਾ' ਦੇ ਇਲਾਵਾ ਕੋਈ ਬਾਇਓਪਿਕ ਕਰਨਾ ਚਾਹੋਗੇ?

- ਸਾਡੀ ਹਿਸਟਰੀ ਵਿੱਚ ਅਜਿਹੇ ਕਈ ਲੋਕ ਹਨ ਜਿਨ੍ਹਾਂ ਦੀ ਬਾਇਓਪਿਕ ਵਿੱਚ ਮੈਂ ਕੰਮ ਕਰਨਾ ਚਾਹਾਂਗੀ। ਸਵਿੱਤਰੀ ਬਾਈ ਫੂਲੇ 'ਤੇ ਬਾਇਓਪਿਕ ਕਰਨਾ ਚਾਹਾਂਗੀ। ਮੈਨੂੰ ਇਹ ਦੇਖ ਕੇ ਬਹੁਤ ਚੰਗਾ ਲੱਗਦਾ ਹੈ ਕਿ 'ਮਿਸ਼ਨ ਮੰਗਲ' ਅਤੇ 'ਸ਼ੂਟਰ ਦਾਦੀ' ਵਰਗੇ ਲੋਕਾਂ 'ਤੇ ਵੀ ਬਾਇਓਪਿਕ ਬਣ ਰਹੀ ਹੈ।

* ਤੁਹਾਡੀ ਕ੍ਰਿਏਟਿਵ ਡਾਈਟ?

- ਮੈਂ ਪੂਰੀ ਦੁਨੀਆ ਦੀਆਂ ਚੰਗੀਆਂ ਫਿਲਮਾਂ ਦੇਖਦੀ ਹਾਂ। ਜਦ ਵੀ ਮੌਕਾ ਮਿਲਦਾ ਹੈ ਤਾਂ ਨਾਟਕ ਦੇਖਦੀ ਹਾਂ। ਕਿਤਾਬਾਂ ਪੜ੍ਹਦੀ ਹਾਂ ਅਤੇ ਮਿਊਜ਼ਿਕ ਸੁਣਦੀ ਹਾਂ।

## ਪਹਿਲਵਾਨਾਂ ਨਾਲ ਭਿੜਿਆ ਵਿਧੁਤ ਜਮਵਾਲ



ਇਨ੍ਹੀਂ ਦਿਨੀਂ ਵਿਧੁਤ ਜਮਵਾਲ ਆਪਣੀ ਫਿਲਮ 'ਕਮਾਂਡੋ 3' ਲਈ ਸੁਰਖੀਆਂ ਖੱਟ ਰਿਹਾ ਹੈ। ਇਸ ਦੇ ਪ੍ਰਚਾਰ ਲਈ ਉਹ ਦਿੱਲੀ ਦੇ ਕਾਲੀਰਮਨ ਅਖਾੜਾ 'ਚ ਵੀ ਪਹੁੰਚਿਆ, ਜਿੱਥੇ ਉਸ ਨੇ ਪਹਿਲਵਾਨਾਂ ਨਾਲ ਕੁਸ਼ਤੀ 'ਚ ਹੱਥ ਅਜਮਾਏ। 'ਕਮਾਂਡੋ 3' ਇੱਕ ਐਕਸ਼ਨ ਥ੍ਰਿਲਰ ਹੈ, ਜਿਸ ਵਿੱਚ ਵਿਧੁਤ ਤੋਂ ਇਲਾਵਾ ਅਦਾ ਸ਼ਰਮਾ ਅਤੇ ਗੁਲਸ਼ਨ ਦੇਵੇਈਆ ਮੁੱਖ ਭੂਮਿਕਾਵਾਂ ਵਿੱਚ ਹਨ। ਵਿਧੁਤ ਨੇ ਖੇਡਾਂ ਨਾਲ ਆਪਣੇ ਲਗਾਅ ਬਾਰੇ ਕਿਹਾ, ''ਮੈਂ ਸਾਰੀਆਂ ਖੇਡਾਂ ਦਾ ਸਨਮਾਨ ਕਰਦਾ ਹਾਂ, ਪਰ ਪਹਿਲਵਾਨੀ ਕਰਨ ਲਈ ਬਹੁਤ ਜ਼ਿਆਦਾ ਸਮਰੱਥਾ, ਸਾਹਸ ਅਤੇ ਸਖਤ ਮਿਹਨਤ ਦੀ ਲੋੜ ਹੈ। ਖੇਡ ਖੇਡਣ ਦਾ ਮੂਲ ਮਕਸਦ ਆਪਣੇ ਦੇਸ਼ ਦੀ ਅਗਵਾਈ ਕਰਨਾ ਹੈ। ਮੈਨੂੰ ਖੁਸ਼ੀ ਹੈ ਕਿ ਲੋਕਾਂ ਨੇ 'ਕਮਾਂਡੋ' ਸੀਰੀਜ਼ ਦੀਆਂ ਪਿਛਲੀਓਂ ਫਿਲਮਾਂ ਬਹੁਤ ਪਸੰਦ ਕੀਤੀਆਂ ਅਤੇ ਨਵੀਂ ਫਿਲਮ ਨੂੰ ਵੀ ਅਜਿਹਾ ਹੀ ਪਿਆਰ ਦੇਣਗੇ ਕਿਉਂਕਿ ਉਹ ਜਾਣਦੇ ਹਨ ਕਿ ਅਸੀਂ ਸਟੰਟ ਲਈ ਰੱਸੀਆਂ ਦੀ ਵਰਤੋਂ ਨਹੀਂ ਕਰਦੇ। ਸਾਰੇ ਸਟੰਟ ਅਸਲ 'ਚ ਮੈਂ ਖੁਦ ਕੀਤੇ ਹਨ।'' ਵਿਧੁਤ ਨੇ ਨਾਰੀ ਸ਼ਕਤੀਕਰਨ ਬਾਰੇ ਗੱਲ ਕਰਦੇ ਹੋਏ ਕਿਹਾ, ''ਐਥਲੀਟ ਔਰਤਾਂ ਦਾ ਉਹ ਸਨਮਾਨ ਕਰਦੇ ਹਨ। ਜੇ ਹਰ ਮਰਦ ਔਰਤਾਂ ਦਾ ਸਰਮਰਥਨ ਕਰੇਗਾ ਤਾਂ ਭਾਰਤ ਦੁਨੀਆ ਵਿੱਚ ਨੰਬਰ ਇੱਕ ਦੇਸ਼ ਬਣ ਜਾਵੇਗਾ। ਮੈਨੂੰ ਖੁਸ਼ੀ ਹੈ ਕਿ ਇਸ ਅਖਾੜੇ ਵਿੱਚ ਲੜਕਿਆਂ ਅਤੇ ਲੜਕੀਆਂ ਨੂੰ ਇਕੱਠੇ ਟਰੇਂਡ ਕੀਤਾ ਜਾਂਦਾ ਹੈ।''

## ਐਸ਼ਵਰਿਆ ਰਾਏ ਬੱਚਨ ਦੇ 25 ਸਾਲ



ਫਿਲਮ ਨਗਰੀ ਵਿੱਚ 25 ਸਾਲ ਪੂਰੇ ਕਰ ਚੁੱਕੀ ਐਸ਼ਵਰਿਆ ਰਾਏ ਬੱਚਨ ਦਾ ਕਹਿਣਾ ਹੈ ਕਿ ਉਹ ਆਪਣੇ ਪੈਸ਼ਨ ਦੇ ਕਦੇ ਘੱਟ ਨਾ ਹੋਣ ਵਾਲੇ ਪਿਆਰ ਲਈ ਧੰਨਵਾਦੀ ਹੈ। ਇਸ ਪਿਆਰ ਦੀ ਵਜ੍ਹਾ ਨਾਲ ਅੱਜ ਤੱਕ ਉਹ ਫਿਲਮ ਨਗਰੀ ਵਿੱਚ ਸਰਗਰਮ ਹੈ। ਉਹ ਐਕਟ੍ਰੈੱਸ ਅਤੇ ਫੈਸ਼ਨ ਆਈਕਾਨ 1995 ਤੋਂ ਇੰਟਰਟੇਨਮੈਂਟ ਫਿਲਮ ਨਗਰੀ ਦਾ ਹਿੱਸਾ ਹੈ ਜਦੋਂ ਉਸ ਨੇ ਮਿਸ ਵਰਲਡ ਖਿਤਾਬ ਆਪਣੇ ਨਾਂਅ ਕੀਤਾ ਸੀ। ਉਸ ਦੇ ਤਿੰਨ ਸਾਲ ਬਾਅਦ ਉਸ ਨੇ ਮਨੀਰਤਨਮ ਦੀ ਤਮਿਲ ਫਿਲਮ 'ਇਰੁਵਰ' ਨਾਲ ਅਭਿਨੈ ਜਗਤ ਵਿੱਚ ਕਦਮ ਰੱਖਿਆ ਸੀ। ਉਸੇ ਸਾਲ ਫਿਲਮ 'ਔਰ ਪਿਆਰ ਹੋ ਗਿਆ' ਨਾਲ ਉਸ ਨੇ ਹਿੰਦੀ ਫਿਲਮਾਂ ਵਿੱਚ ਵੀ ਡੈਬਿਊ ਕਰ ਲਿਆ। ਉਹ ਕਹਿੰਦੀ ਹੈ ਕਿ ਪਹਿਲਾਂ ਲੋਕ ਸੂਬਿਆਂ ਦੀਆਂ ਭਾਸ਼ਾਵਾਂ ਦੀਆਂ ਫਿਲਮਾਂ ਵਿੱਚ ਕੰਮ ਕਰਨ ਜਾਂ ਕਿਸੇ ਵਿਸ਼ੇਸ਼ ਨਿਰਦੇਸ਼ਕ ਨਾਲ ਕੰਮ ਕਰਨ ਪਿੱਛੇ ਉਸ ਦੀ ਪ੍ਰੇਰਨਾ ਨੂੰ ਨਹੀਂ ਸਮਝਦੇ ਸਨ, ਪਰ ਇਸ ਦੀ ਵਜ੍ਹਾ ਇਹ ਸੀ ਕਿ ਉਸ ਨੂੰ ਹਮੇਸ਼ਾ ਤੋਂ ਆਪਣੇ ਕਰੀਅਰ 'ਚ ਨਵਾਂ ਕੰਮ ਕਰਨ ਦੀ ਇੱਛਾ ਰਹੀ ਹੈ। ਐਸ਼ਵਰਿਆ ਰਾਏ ਕਹਿੰਦੀ ਹੈ, ਮੈਂ ਇਸ ਵਾਰ ਫਿਰ ਮਨੀਰਤਨਮ ਨਾਲ ਕੰਮ ਕਰ ਰਹੀ ਹਾਂ, ਕਿਉਂਕਿ ਮੈਂ ਉਨ੍ਹਾਂ ਨਾਲ ਕੰਮ ਕਰਨਾ ਪਸੰਦ ਕਰਦੀ ਹਾਂ। ਕਿਸੇ ਵੀ ਫਿਲਮ ਨੂੰ ਕਰਨ ਲਈ ਮੇਰੀ ਇਹ ਸੱਚੀ ਵਜ੍ਹਾ ਹੁੰਦੀ ਹੈ। ਇੰਨੇ ਸਾਲਾਂ ਤੋਂ ਮੈਂ ਇਸ ਤਰ੍ਹਾਂ ਕੰਮ ਕੀਤਾ ਹੈ। ਉਹ ਬਾਲੀਵੁੱਡ 'ਚ ਕੰਮ ਕਰਦੀਆਂ ਕੁਝ ਸ਼ੁਰੂਆਤੀ ਹਿੰਦੀ ਫਿਲਮ ਅਭਿਨੇਤਰੀਆਂ ਵਿੱਚੋਂ ਹੈ। ਉਸ ਨੇ 'ਬ੍ਰਾਈਡ ਐਂਡ ਪ੍ਰਿਜਯੂਡਾਇਸ' ਅਤੇ 'ਦਿ ਪਿੰਕ ਪੈਂਥਰ 2' ਵਰਗੀਆਂ ਅੰਗਰੇਜ਼ੀ ਫਿਲਮਾਂ 'ਚ ਕੰਮ ਕੀਤਾ ਹੈ। ਪਿੱਛੇ ਜਿਹੇ ਉਸ ਨੇ ਹਾਲੀਵੁੱਡ ਫਿਲਮ 'ਮੈਲੇਫਿਸੇਂਟ-ਮਿਸਟ੍ਰੈਸ ਆਫ ਇਵਿਲ' ਦੇ ਹਿੰਦੀ ਵਰਜਨ ਵਿੱਚ ਐਂਜੇਲੀਨਾ ਜੌਲੀ ਦੇ ਕਿਰਦਾਰ ਨੂੰ ਆਪਣੀ ਆਵਾਜ਼ ਦਿੱਤੀ ਜੋ ਕਿ ਇੱਕ ਨੈਗੇਟਿਵ ਕਿਰਦਾਰ ਹੈ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਐਸ਼ਵਰਿਆ ਨੇ ਫਿਲਮ 'ਖਾਕੀ' ਵਿੱਚ ਵੀ ਨੈਗੇਟਿਵ ਰੋਲ ਕੀਤਾ ਸੀ। ਉਸ ਅਨੁਸਾਰ ਪਹਿਲਾਂ ਉਸ ਨੂੰ ਪਤਾ ਨਹੀਂ ਸੀ ਕਿ ਇਸ ਵਿੱਚ ਉਸ ਦਾ ਰੋਲ ਨੈਗੇਟਿਵ ਹੈ। ਨਿਰਦੇਸ਼ਕ ਰਾਜ ਕੁਮਾਰ ਸੰਤੋਸ਼ੀ ਨੇ ਅੱਧੀ ਫਿਲਮ ਬਣ ਜਾਣ ਦੇ ਬਾਅਦ ਹੀ ਉਸ ਬਾਰੇ ਉਸ ਨੂੰ ਦੱਸਿਆ ਸੀ।

## ਕੰਮ ਲਈ ਪਤੀ 'ਤੇ ਨਿਰਭਰ ਨਹੀਂ ਹਾਂ : ਦਿਵਿਆ ਖੋਸਲਾ ਕੁਮਾਰ

ਟੀ ਸੀਰੀਜ਼ ਦੇ ਮੁਖੀ ਤੇ ਫਿਲਮ ਨਿਰਮਾਤਾ ਭੂਸ਼ਣ ਕੁਮਾਰ ਦੀ ਪਤਨੀ ਦਿਵਿਆ ਖੋਸਲਾ ਕੁਮਾਰ ਦਾ ਕਹਿਣਾ ਹੈ ਕਿ ਫਿਲਮ ਨਗਰੀ ਵਿੱਚ ਕੰਮ ਪਾਉਣ ਲਈ ਉਹ ਕਦੇ ਆਪਣੇ ਪਤੀ ਉਤੇ ਨਿਰਭਰ ਨਹੀਂ ਰਹੀ। ਉਹ ਕਹਿੰਦੀ ਹੈ, 'ਮੈਂ ਕਦੇ ਕੰਮ ਲਈ ਆਪਣੇ ਪਤੀ 'ਤੇ ਨਿਰਭਰ ਨਹੀਂ ਰਹੀ। ਜਦੋਂ ਮੈਂ ਫਿਲਮ 'ਯਾਰੀਆਂ' ਬਣਾਈ ਤਾਂ ਉਨ੍ਹਾਂ ਨੇ ਕਹਾਣੀ ਵੀ ਨਹੀਂ ਸੁਣੀ ਸੀ। ਜਦੋਂ ਇਹ ਹਿੱਟ ਹੋ ਗਈ ਤਾਂ ਉਨ੍ਹਾਂ ਨੂੰ ਵਿਸ਼ਵਾਸ ਹੋਇਆ ਕਿ ਮੈਂ ਫਿਲਮ ਨਿਰਦੇਸ਼ਿਤ ਕਰ ਸਕਦੀ ਹਾਂ। ਉਹ ਮੇਰੇ ਹਰ ਕੰਮ ਵਿੱਚ ਬਹੁਤ ਸਮਰਥਨ ਕਰਦੇ ਹਨ, ਪਰ ਅਸੀਂ ਇੱਕ ਦੂਜੇ ਦੇ ਕੰਮ ਵਿੱਚ ਕਦੇ ਦਖਲ ਨਹੀਂ ਦਿੰਦੇ।'' ਉਹ ਮੰਨਦੀ ਹੈ ਕਿ ਫਿਲਮ ਨਗਰੀ ਵਿੱਚ ਕੰਮ ਮਿਲਣਾ ਮੁਸ਼ਕਲ ਹੈ। ਉਸ ਨੇ ਕਿਹਾ, ''ਤਿੰਨ ਸਾਲ ਹੋ ਗਏ ਹਨ 'ਸਨਮ ਰੇ' (ਉਸ ਦੀ ਪਿਛਲੀ ਨਿਰਦੇਸ਼ਿਤ ਫਿਲਮ) ਨੂੰ ਅਤੇ ਉਸ ਤੋਂ ਬਾਅਦ ਤੋਂ ਮੈਂ ਸੋਚ ਰਹੀ ਸੀ ਕਿ ਮੈਨੂੰ ਆਪਣੇ ਕਰੀਅਰ 'ਚ ਕੀ ਕਰਨਾ ਹੈ। ਇਸ ਵਿਚਾਲੇ ਮੈਂ ਡਾਂਸ ਅਤੇ ਫਿਟਨੈਸ 'ਤੇ ਕੰਮ ਕਰ ਰਹੀ ਸੀ। ਪਿੱਛੇ ਜਿਹੇ ਉਸ ਨੇ ਆਪਣੇ ਗੀਤ 'ਯਾਦ ਪਿਯਾ ਕੀ ਆਏਗੀ' ਦੀ ਸਫਲਤਾ ਦਾ ਜਸ਼ਨ ਮਨਾਇਆ ਸੀ ਜਿਸ ਦੇ ਵੀਡੀਓ 'ਚ ਦਿਵਿਆ ਖੁਦ ਹੈ ਅਤੇ ਇਸ ਨੂੰ ਉਸ ਦੇ ਪਤੀ ਨੇ ਪ੍ਰੋਡਿਊਸ ਕੀਤਾ ਹੈ।'' ਦਿਵਿਆ ਨੇ ਅਮਿਤਾਭ ਬੱਚਨ ਅਤੇ ਅਕਸ਼ੈ ਕੁਮਾਰ ਦੀ ਫਿਲਮ 'ਅਬ ਤੁਮਹਾਰੇ ਹਵਾਲੇ ਵਤਨ ਸਾਥੀਓ' ਨਾਲ ਹਿੰਦੀ ਫਿਲਮਾਂ ਵਿੱਚ ਡੈਬਿਊ ਕੀਤਾ ਸੀ। ਇਸ ਪਿੱਛੋਂ 2014 ਵਿੱਚ 'ਯਾਰੀਆਂ' ਅਤੇ 2016 ਵਿੱਚ 'ਸਨਮ ਰੇ' ਵਰਗੀਆਂ ਸਫਲ ਫਿਲਮਾਂ ਦਾ ਉਸ ਨੇ ਨਿਰਦੇਸ਼ਕ ਕੀਤਾ ਹੈ। ਫਿਰ ਉਹ ਅਗਲੇ ਸਾਲ ਜਾਨ ਇਬਰਾਹੀਮ ਨਾਲ ਫਿਲਮ 'ਸੱਤਿਅਮੇਵ ਜਯਤੇ 2' ਨਾਲ ਬਤੌਰ ਅਭਿਨੇਤਰੀ ਵਾਪਸੀ ਕਰੇਗੀ।



## ਰਾਧਿਕਾ ਮਦਾਨ ਨੇ ਸ਼ੁਰੂ ਕੀਤੀ 'ਸ਼ਿੱਦਤ'

ਫਿਲਮ 'ਪਟਾਕਾ' ਫੇਮ ਅਭਿਨੇਤਰੀ ਰਾਧਿਕਾ ਮਦਾਨ ਨੇ ਆਪਣੀ ਅਗਲੀ ਫਿਲਮ 'ਸ਼ਿੱਦਤ' ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। ਰਾਧਿਕਾ ਨੇ ਆਪਣੇ ਨਵੇਂ ਪ੍ਰੋਜੈਕਟ ਦੀ ਜਾਣਕਾਰੀ ਆਪਣੇ ਸ਼ੋਸ਼ਲ ਮੀਡੀਆ ਹੈਂਡਲ 'ਤੇ ਦਿੱਤੀ ਹੈ। ਰਾਧਿਕਾ ਮਦਾਨ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇੱਕ ਕਲੈਪਬੋਰਡ ਦੇ ਨਾਲ ਤਸਵੀਰ ਸ਼ੇਅਰ ਕੀਤੀ ਹੈ। ਇਸ ਤਸਵੀਰ ਦੇ ਨਾਲ ਅਭਿਨੇਤਰੀ ਨੇ ਕੈਪਟਨ ਲਿਖਿਆ ਹੈ, 'ਇੱਕ ਹੋਰ ਜਰਨੀ, ਇੱਕ ਹੋਰ ਲਾਈਫ।'' ਇਸ ਪੋਸਟ ਵਿੱਚ ਉਨ੍ਹਾਂ ਫਿਲਮ ਦੇ ਡਾਇਰੈਕਟਰਅਤੇ ਪ੍ਰੋਡਿਊਸਰ ਨਾਲ ਹੋਰ ਲੋਕਾਂ ਨੂੰ ਟੈਗ ਕੀਤਾ ਹੈ। ਫਿਲਮ 'ਸ਼ਿੱਦਤ' ਨੂੰ ਕੁਨਾਲ ਦੇਸ਼ਮੁਖ ਡਾਇਰੈਕਟ ਕਰ ਰਹੇ ਹਨ ਅਤੇ ਦਿਨੇਸ਼ ਵਿਜਾਨ ਪ੍ਰੋਡਿਊਸ ਕਰ ਰਹੇ ਹਨ। ਇਸ ਫਿਲਮ ਵਿੱਚ ਰਾਧਿਕਾ ਮਦਾਨ ਦੇ ਇਲਾਵਾ ਸਨੀ ਕੌਸ਼ਲ, ਡਾਇਨਾ ਪੇਂਟੀ ਅਤੇ ਮੋਹਿਤ ਰੈਨਾ ਵੀ ਨਜ਼ਰ ਆਉਣਗੇ।

ਚਰਚਾ ਹੈ ਕਿ ਰਾਧਿਕਾ ਮਦਾਨ ਨੇ ਪਿੱਛੇ ਜਿਹੇ ਕਾਮੇਡੀ ਡਰਾਮਾ 'ਅੰਗਰੇਜ਼ੀ ਮੀਡੀਅਮ' ਦੀ ਸ਼ੂਟਿੰਗ ਪੂਰੀ ਕੀਤੀ ਹੈ। ਇਹ ਫਿਲਮ 2017 ਵਿੱਚ ਆਈ ਫਿਲਮ 'ਹਿੰਦੀ ਮੀਡੀਅਮ' ਦਾ ਸੀਕਵੇਲ ਹੈ। ਇਸ ਫਿਲਮ ਵਿੱਚ ਇਰਫਾਨ ਖਾਨ ਅਤੇ ਕਰੀਨਾ ਕਪੂਰ ਲੀਡ ਰੋਲ ਵਿੱਚ ਹੋਣਗੇ। ਆਪਣੇ ਸਕਸੈਸ ਮੰਤਰਾ ਅਤੇ ਫਰੈਸ਼ ਫੈਕਟਰ 'ਤੇ ਰਾਧਿਕਾ ਨੇ ਕਿਹਾ ਕਿ ਮੈਂ ਜਿਸ ਤਰ੍ਹਾਂ ਦੀ ਹਾਂ ਉਸੇ ਤਰ੍ਹਾਂ ਹੋਣ ਵਿੱਚ ਯਕੀਨ ਰੱਖਦੀ ਹਾਂ। ਮੈਂ ਕਿਸੇ ਹੋਰ ਵਾਂਗ ਜਾਂ ਕਿਸੇ ਨਾਲ ਮੁਕਾਬਲੇਬਾਜ਼ੀ ਕਰਨ ਵਿੱਚ ਵਿਸ਼ਵਾਸ ਨਹੀਂ ਰੱਖਦੀ। ਉਸ ਨੇ ਅੱਗੇ ਕਿਹਾ ਕਿ ਮੈਂ ਹਮੇਸ਼ਾ ਖੁਦ ਨੂੰ ਤਵੱਜੋਂ ਦੇਣ ਅਤੇ ਜੋ ਤੁਸੀਂ ਕਰ ਸਕਦੇ ਹੋ, ਉਸ 'ਤੇ ਵਿਸ਼ਵਾਸ ਕਰਨ ਵਿੱਚ ਯਕੀਨ ਰੱਖਦੀ ਹਾਂ। ਮੈਨੂੰ ਲੱਗਦਾ ਹੈ ਕਿ ਇਹੀ ਮੇਰਾ ਫਰੈਸ਼ ਫੈਕਟਰੀ ਹੈ, ਮੈਂ ਸੱਚੀ ਹਾਂ, ਮੈਂ ਈਮਾਨਦਾਰ ਹਾਂ ਐਤ ਮੈਂ ਕਿਸੇ ਵੀ ਚੀਜ਼ ਜਾਂ ਕਿਸੇ ਇਨਸਾਨ ਦੇ ਨਾਲ ਮੁਕਾਬਲੇਬਾਜ਼ੀ ਨਹੀਂ ਕਰਦੀ ਹਾਂ।



# Dr. Randhawa Dentistry

*Your own dentist who really cares for you*

We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd · Mcvean Dr · DENTISTRY · Squire Ellis Dr · Gore Rd · Countryside Dr

# ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?

Anabela Serra
Sales Representative

ਸੰਪਰਕ ਕਰੋ:
416-400-5825

ROYAL LEPAGE
SUPREME REALTY, BROKERAGE
INDEPENDENTLY OWNED AND OPERATED

You're Invited To..
OPEN HOUSE
Saturday/Sunday 2pm to 4pm

"ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ"

1 Lagos Road | Etobicoke, Ontario

This Astounding Fully Renovated 3 Bedroom Home Features Top Quality Materials With Tasteful Finishes, Great Workmanship And Attention To Detail. Gleaming Hardwood Flooring Throughout, And 3 Sparkling New Bathrooms. Brand New Stainless Steel Appliances In Chefs Delight Kitchen. Separate Entrance To Basement, Possibility Of A Bachelor Apartment. Steps Away From Elementary School, Parks, Kipling Plaza And Public Library.

For More listings Visit anabelaserra.com

# NEED A LAWYER ??

Red Seal NOTARY

# KAUR LAW OFFICE

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

FRANCHISES REQUIRED for Greece, Italy, Austria, Germany, Spain

# PERMANENT IMMIGRATION
Canada within 6-12 Months

We have confirmed job offers from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
- & lots of other Positions

Invest $200,000 (CAD) & Immigrate with family under Business Immigration

Subhash Punia
Immigration Counsel

Fast Track Immigration Under INVESTORS CLASS IMMIGRATION

Atlantic Immigration

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

# ASIAN FOOD CENTRE

afc

## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

VEGETARIAN FOOD
HEALTHY EATING

## SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109



www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated)
Off: 905-456-3232

Other Realtors only Promise
But JAG AUJLA SOLD YOUR HOME WITH
GUARANTEED
OR HE'LL BUY IT!*
*Some Conditions Apply

Call For a Quick & Free Home Evaluation
www.BramptonQuickHomeEvaluation.com
Top 1% Ranked Broker
**2016,2015,2014,2013 2012,2011,2010) **(2009,2008) (2010) **(2014)

Urgently Need New Listing in Brampton/ GTA Call Jag Today To Sell Your Property For Top $$$ & Accurate Price

SOLD
BRAMPTON $679,905
ਚਿੰਗਕੁਜ਼ੀ/ਵੀਲੀਅਮ ਪਾਕ੍ਰਵੇ
SOLD $20,000 OVER ASKING PRICE

BRAMPTON $644,905
ਬਰੈਮਲੀ ਰੋਡ/ ਸੈਂਡਲਵੁਡ
ਬਹੁਤ ਸੋਹਣਾ 3+3 ਬੈਡਰੂਮ ਐਡ 5 ਵਾਸ਼ਰੂਮ ਦੇ ਡਿਟੈਚਡ ਡਬਲ ਸਟੋਰੀ ਘਰ ਨੂੰ ਫਿਨਿਸ਼ਡ ਬੈਸਮੈਂਟ, 4 ਕਾਰਾਂ ਦੀ ਪਾਰ੍ਕਿੰਗ ਆਲਾ ਗਰਾਜ ਤੇ ਬਹੁਤ ਸਾਰੀਆਂ ਅਪਗ੍ਰੇਡਸ, ਵੁਡ ਫਲੋਰ, ਨਵੇਂ ਰੂਫ ਸ਼ਿੰਗਲ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ ਸਹੂਲਤਾਂ ਦੇ ਨੇੜੇ।

BRAMPTON $849,905
ਵੈਨਲੈਸ/ਵੈਨ ਕ੍ਰਕ
ਸਾਫ-ਸੁਥਰਾ 4 ਬੈਡਰੂਮ ਤੇ 4 ਵਾਸ਼ਰੂਮਾਂ ਦਾ ਡਿਟੈਚ ਘਰ, ਹਾਰਡਵੁਡ ਫਲੋਰ, ਡਬਲ ਡੋਰ ਇੰਨਟਰੈਂਸ, ਸਟੇਨਲੈਸ ਸਟੀਲ ਅਪਲਾਇੰਸਿਸ, ਮੇਂਨ ਫਲੋਰ ਨੂੰ 9 ਫੁੱਟ ਸਿਲਿੰਗ, ਸੋਹਣੀ ਇਟ ਇੰਨ ਕਿੱਚਨ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।

3 Car Garage
BRAMPTON
ਗੋਰਵੇ/ਕੰਟਰੀਸਾਇਡ
ਸੋਹਣਾ ਤੇ ਸਾਫ ਸੁਥਰਾ 4 ਬੈਡਰੂਮ (approx.4100 sqft), 5 ਵਾਸ਼ਰੂਮ ਵਾਸ਼ਰੂਮ ਦਾ ਡਿਟੈਚਡ ਘਰ, ਬੈਸਮੈਂਟ ਨੂੰ ਸੇਪਰੇਟ ਇੰਟਰੈਂਸ, ਬਹੁਤ ਸਾਰੀਆਂ ਅਪਗਰੇਡਜ਼ , 3 ਕਾਰ ਗਰਾਜ, ਸਟੇਨਲੈਸ ਸਟੀਲ ਅਪਲਾਇੰਸਿਸ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।

3 Car Garage
BRAMPTON $1,679,905
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਵਧੀਆ 5+1 ਬੈਡਰੂਮ (approx.5000 sqft) , 5 ਵਾਸ਼ਰੂਮ ਦਾ ਘਰ ਜਿਸ ਨੂੰ ਕਿ +3 ਕਾਰ ਗਰਾਜ, +7 ਕਾਰਾਂ ਦੀ ਬਾਹਰ ਪਾਰਕਿੰਗ, ,10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ,ਹਾਰਡਵੁਡ ਫਲੌਰ, ਆਦਿ ਸਹੂਲਤਾਂ ਦੇ ਨੇੜੇ।

GUELPH $529,905
ਗਲਫ, ਓਨਟਾਰੀਓ
ਗੁਰੂ ਘਰ ਦੇ ਨੇੜੇ, 6 ਸਾਲ ਪੁਰਾਣਾ ਤੇ ਸਾਫ-ਸੁਥਰਾ 3 ਬੈਡਰੂਮ , 4 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਕਾਂਡੋ ਟਾਉਨ-ਹਾਉਸ। ਫੀਨਿਸ਼ਡ ਬੈਸਮੈਂਟ ਵਿੱਚ rec room, ਲੈਮੀਨੇਟਡ ਫਲੋਰ, ਮਾਸਟਰ ਬੈਡਰੂਮ ਨੂੰ 4 ਪੀਸ ਇਨ ਸੂਟ ਤੇ ਵਾਕ ਇਨ ਕਲੋਜ਼ਟ, ਸਕੂਲ, ਪਲਾਜ਼ਾ, ਆਦਿ ਦੇ ਨੇੜੇ।



Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife

Signature.ca, ticoca, IATA, WESTJET vacations, transat, sunwing, AIR CANADA VACATIONS
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



Auto | Home | Commercial & Business Insurance

10 ਸਾਲਾਂ ਤੋਂ ਵੱਧ ਦਾ ਤਜਰਬਾ
Arvinder Aujla
Account executive
416-566-4232
Competitive & Best Rates
Deals with more than 15 Insurance Companies
aujla@connexinsurance.com
Get Combo Package for Auto & Home Plus get a 15%-20% discount
7050 Bramalea Rd, Unit 12, Mississauga, ON L5S 1T1 CONNEX



IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677



New City Pizza & Kamal Sandhu Real Estate Present
BHANGRA ਭੰਗੜਾ FITNESS
ENJOY DANCING, STAY FIT
647.685.1685
www.BhangraFitness.ca | bhangrafitness1@gmail.com
Offering Bhangra Classes For All Ages
Now Open 6 Days a Week
50 Lacoste Blvd, Unit-112 Brampton, ON L6P 3Z8



REXDALE BODY SHOP USED CAR SALE

CHEEMA
LOWEST PRICE IN TOWN
Towing Service Car Paint Starts $799* upto 100% Deductible Paid*
Specialization In:
- All Kinds of Body Work
- Auto Glass Windshield
- Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com